# ਵਿਗਿਆਨ ਜੋਤ

*ਸਾਲ 7, ਅੰਕ 5*

**ਨਵੰਬਰ-ਦਸੰਬਰ, 2012**

**PUNPUN/2006/17457**

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ :**ਅਜਮੇਰ ਸਿੱਧੂ**
**ਰਣਜੀਤ ਝਨੇਰ**
ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

**ਸੰਪਾਦਕੀ ਬੋਰਡ**

* ਮੇਘ ਰਾਜ ਰੱਲਾ
* ਰਾਜਾ ਰਾਮ ਹੰਢਿਆਇਆ
* ਹਰਪਿੰਦਰ ਬਰਾੜ (ਕੈਨੇਡਾ)
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਵਿਸ਼ਾਲ ਭਾਰਤੀ ਐਮ.ਡੀ.
* ਡਾ. ਪਵਿੱਤਰ ਅਮਰਗੜ੍ਹ

**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@yahoo.com

***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


## ਸੰਪਾਦਕੀ

# ਬੀਰਪਾਲ ਦੇ ਕਤਲ ਤੋਂ ਸਬਕ ਸਿੱਖਣ ਦੀ ਲੋੜ



ਅਗਸਤ ਮਹੀਨੇ ਦੇ ਪਿਛਲੇ ਹਫ਼ਤੇ ਵਿੱਚ ਭਿੰਡਰ ਕਲਾਂ ਜ਼ਿਲ੍ਹਾ ਮੋਗਾ ਦੀ ਸਰਪੰਚ ਨੇ 12-13 ਵਰ੍ਹਿਆਂ ਦੀ ਸਤਵੀਂ ਕਲਾਸ ਦੀ ਵਿਦਿਆਰਥਣ ਬੀਰਪਾਲ ਕੌਰ ਵਿੱਚੋਂ "ਭੂਤ" ਕੱਢਦਿਆਂ ਉਸਨੂੰ ਚਿਮਟੇ ਮਾਰ-ਮਾਰ ਕੇ ਮਾਰ ਦਿੱਤਾ। ਪਹਿਲੀ ਸਤੰਬਰ ਨੂੰ ਭਿੰਡਰ ਕਲਾਂ ਦੇ ਨੌਜਵਾਨਾਂ ਅਤੇ ਵਸਨੀਕਾਂ ਨੇ ਪੰਜ ਹਜ਼ਾਰ ਦੀ ਗਿਣਤੀ ਵਿਚ ਇੱਕ ਤਰਕਸ਼ੀਲ ਮੇਲੇ ਵਿੱਚ ਸਮੂਲੀਅਤ ਕਰਕੇ ਇਹ ਸਾਬਤ ਕਰ ਦਿੱਤਾ ਕਿ ਲੋਕ ਇਨ੍ਹਾਂ ਗੱਲਾਂ ਤੋਂ ਨਿਜਾਤ ਚਾਹੁੰਦੇ ਹਨ। ਇਹ ਮੇਲਾ ਸਾਡੀ ਅਗਵਾਈ ਵਿੱਚ ਹੀ ਹੋਇਆ ਸੀ। ਲੋਕਾਂ ਨੇ ਦੋਹੇ ਹੱਥ ਖੜ੍ਹੇ ਕਰਕੇ ਇਸ ਗੱਲ ਦਾ ਪ੍ਰਣ ਲਿਆ ਸੀ ਕਿ ਉਹ ਆਪਣੇ ਇਲਾਕੇ ਵਿੱਚ ਇਸ ਕਿਸਮ ਦੀ ਘਟਨਾ ਮੁੜ ਦੁਹਰਾਉਣ ਨਹੀਂ ਦੇਣਗੇ।

ਅਸਲੀਅਤ ਇਹ ਸੀ ਕਿ ਬੀਰਪਾਲ ਦੇ ਮਾਪੇ ਬੇਜ਼ਮੀਨੇ ਗਰੀਬ ਮਜ਼ਦੂਰ ਸਨ। ਬੀਰਪਾਲ ਬੀਮਾਰ ਹੋ ਗਈ। ਮਾਪੇ ਉਸਨੂੰ ਚੁੱਕ ਕੇ ਡਾਕਟਰਾਂ ਕੋਲ ਲੈ ਗਏ। ਡਾਕਟਰ ਨੇ ਇਲਾਜ ਲਈ ਵੱਡੀ ਰਕਮ ਮੰਗ ਲਈ ਉਸ ਪਰਿਵਾਰ ਕੋਲ ਇਲਾਜ ਲਈ ਪੈਸੇ ਨਹੀਂ ਸਨ। ਸੋ ਪਰਿਵਾਰ ਉਸ ਲੜਕੀ ਨੂੰ ਚੁੱਕ ਕੇ ਉਸਦੀ ਭੂਆ ਕੋਲ ਭਿੰਡਰ ਕਲਾਂ ਲੈ ਆਇਆ ਜਿੱਥੇ ਇਹ ਤ੍ਰਾਸਦੀ ਵਾਪਰ ਗਈ।

ਅਸੀਂ ਤਰਕਸ਼ੀਲ ਪਿਛਲੇ ਅਠਾਈ ਵਰ੍ਹਿਆਂ ਤੋਂ ਲੋਕਾਂ ਨੂੰ ਇਹ ਦੱਸਣ ਦੀ ਪੂਰੀ ਟਿੱਲ ਲਾ ਰਹੇ ਹਾਂ ਕਿ ਅੰਧ-ਵਿਸ਼ਵਾਸਾਂ ਦੀ ਮਾਂ ਗਰੀਬੀ ਹੈ ਅਤੇ ਗਰੀਬੀ ਦਾ ਅਨਪੜ੍ਹਤਾ ਨਾਲ ਵੀ ਮਾਂ ਪੁੱਤ ਦਾ ਰਿਸ਼ਤਾ ਹੁੰਦਾ ਹੈ। ਇਸ ਲਈ ਇਨ੍ਹਾਂ ਅਲਾਮਤਾਂ ਦੇ ਰਹਿੰਦਿਆਂ ਕੀ ਹੋਰ ਬੀਰਪਾਲਾਂ ਮੌਤ ਦੇ ਮੂੰਹ ਵਿੱਚ ਨਹੀਂ ਜਾਣਗੀਆਂ ?

ਅਸਲ ਵਿੱਚ ਭਾਰਤ ਵਿੱਚੋਂ ਅੰਗਰੇਜ਼ਾਂ ਨੂੰ ਦਫ਼ਾ ਹੋਇਆ ਨੂੰ ਪੈਂਹਠ ਵਰ੍ਹੇ ਬੀਤ ਚੁੱਕੇ ਹਨ ਹੁਣ ਤਾਂ ਰਾਜ ਕਰਨ ਵਾਲੇ ਭਾਰਤੀ ਹੀ ਹਨ। ਇਨ੍ਹਾਂ ਹਾਕਮਾਂ ਨੇ ਸਾਡੇ ਦੇਸ਼ ਨੂੰ ਦੋਹੇ ਹੱਥੀਂ ਲੁੱਟਿਆ ਹੈ। 2-ਜੀ ਸਪੈਕਟਰਮ ਰਾਹੀਂ ਅਤੇ ਕੋਲ ਖਦਾਨਾਂ ਵੰਡਣ ਨਾਲ ਭਾਰਤੀਆਂ ਨੂੰ ਲੱਖਾਂ ਕਰੋੜਾਂ ਦਾ ਚੂਨਾ ਲਾ ਦਿੱਤਾ ਗਿਆ। ਪਰ ਅਸੀਂ ਸਭ ਕੁਝ ਅੱਖਾਂ ਦੇ ਮੂਹਰੇ ਵਾਪਰਦਾ ਵੇਖਕੇ ਵੀ ਚੁੱਪ ਹਾਂ। ਚੁੱਪ ਹੀ ਨਹੀਂ ਵੋਟਾਂ ਵੇਲੇ ਇਨ੍ਹਾਂ ਭਾਜਪਾ ਤੇ ਕਾਂਗਰਸੀ ਲੁਟੇਰਿਆਂ ਨੂੰ ਮੁੜ ਸਤਾ ਤੇ ਬਿਠਾ ਦੇਵਾਂਗੇ। ਸਾਡੀ ਮਜ਼ਬੂਰੀ ਇਹ ਹੈ ਕਿ ਅਸੀਂ ਪੈਂਹਠ ਸਾਲਾਂ ਵਿੱਚ ਵੀ ਇਸ ਗੰਦ ਦਾ ਬਦਲ ਨਹੀਂ ਲੱਭ ਸਕੇ ਹਾਂ। ਬੀਰਪਾਲ ਦੇ ਕਾਤਲਾਂ ਦੀ ਜਦੋਂ ਵੀ ਪੈੜ ਨੱਪੀ ਜਾਵੇਗੀ ਤਾਂ ਇਹ ਜ਼ਰੂਰ ਭਾਜਪਾ, ਕਾਂਗਰਸ ਜਾਂ ਅਕਾਲੀਆਂ ਦੀ ਸਤਾ ਵੱਲ ਨੂੰ ਹੀ ਜਾਂਦੀ ਹੋਵੇਗੀ।

ਉਪਰੋਕਤ ਬੁਰਾਈਆਂ ਤੋਂ ਬਾਹਰ ਆਉਣ ਦਾ ਇੱਕੋ ਇੱਕ ਹੱਲ ਜਥੇਬੰਦਕ ਸੰਘਰਸ਼ ਹੀ ਹਨ। ਲੋਕਾਂ ਨੂੰ ਸਥਾਨਕ ਪੱਧਰ ਤੋਂ ਲੈ ਕੇ ਕੇਂਦਰ ਤੱਕ ਲੋਕ ਜਥੇਬੰਦੀ ਦੀ ਉਸਾਰੀ ਕਰਕੇ ਜਥੇਬੰਦਕ ਸੰਘਰਸ਼ਾਂ ਵਿੱਚ ਜੂਝਣਾ ਪਵੇਗਾ ਫਿਰ ਜਾ ਕੇ ਹੀ ਇਸ ਲੁਟੇਰੇ ਪ੍ਰਬੰਧ ਤੋਂ ਮੁਕਤੀ ਮਿਲ ਸਕੇਗੀ।

ਇਹ ਕਾਰਜ ਐਨਾ ਸੁਖਾਲਾ ਨਹੀਂ ਭਾਰਤੀ ਫੌਜ, ਕਾਨੂੰਨ, ਅਦਾਲਤਾਂ ਤੇ ਜੇਲ੍ਹਾਂ ਇਸ ਰਾਜ ਪ੍ਰਬੰਧ ਦੇ ਅਨਿੱਖੜਵੇ ਅੰਗ ਹਨ। ਅਸੀਂ ਇੱਕ ਰੋੜੇ ਨਾਲ ਸਮੁੰਦਰ ਵਿੱਚ ਇੱਕ ਛੋਟੀ ਮੋਟੀ ਤਰੰਗ ਤਾਂ ਪੈਦਾ ਕਰ ਸਕਦੇ ਹਾਂ ਪਰ ਉਸ ਤਰੰਗ ਨੂੰ ਤੂਫ਼ਾਨ ਵਿੱਚ ਜਾਂ ਸੁਨਾਮੀ ਵਿੱਚ ਬਦਲਣਾ ਅੱਜ ਸਾਨੂੰ ਅਸੰਭਵ ਨਜ਼ਰ ਆਉਂਦਾ ਹੈ। ਪਰ ਜਦੋਂ ਅਰਬਾਂ ਲੋਕ ਜੂਝਣਗੇ ਤਾਂ ਨਿਰਸੰਦੇਹ ਸਮੁੰਦਰਾਂ ਵਿੱਚ ਤੂਫ਼ਾਨ ਆਉਣਗੇ। ਉਨ੍ਹਾਂ ਤੂਫ਼ਾਨਾਂ ਨੇ ਇੱਥੇ ਦੇ ਰਾਜ ਪ੍ਰਬੰਧ ਦੀਆਂ ਖੋਖਲੀਆਂ ਕੰਧਾਂ ਨੂੰ ਢਾਹ ਢੇਰੀ ਕਰ ਦੇਣਾ ਹੈ। ਫਿਰ ਨਵਾਂ ਭਾਰਤ ਜਨਮ ਲਵੇਗਾ ਤੇ ਉਸ ਵਿੱਚ ਬੀਰਪਾਲਾਂ ਵੀ ਦਮ ਨਹੀਂ ਤੋੜਨਗੀਆਂ।

– ਮੇਘ ਰਾਜ ਮਿੱਤਰ

**ਵਿਸ਼ੇਸ਼ ਲੇਖ**

## ਬੱਲੇ ਬਾਬਾ ਬੱਲੇ

# ਲੋਕਸੰਘਰਸ਼, ਲੋਕਤੰਤਰ ਅਤੇ ਬਾਬੇ

ਜੇਕਰ ਬਾਬਿਆਂ ਦੀਆਂ ਗੱਲਾਂ ਉੱਤੇ ਵਿਸ਼ਵਾਸ ਕਰੀਏ ਤਾਂ ਇਹ ਬਾਬੇ ਦੁਨੀਆਂ ਦਾ, ਸਮਾਜ ਦਾ ਕਲਿਆਣ ਕਰਨ ਲਈ ਹੀ ਆਪਣਾ ਜੀਵਨ ਸਮਰਪਿਤ ਕਰ ਰਹੇ ਹਨ। ਇਹ ਦਾਅਵਾ ਕਰਦੇ ਹਨ ਕਿ ਉਹ ਸਮਾਜ ਸੁਧਾਰ ਦੇ ਕੰਮਾਂ ਵਿੱਚ ਤਨ, ਮਨ, ਧਨ ਨਾਲ ਜੁਟੇ ਹੋਏ ਹਨ। ਸਮਾਜ ਵਿੱਚ ਅੱਜ ਜਿੰਨੀਆਂ ਵੀ ਬੁਰਾਈਆਂ ਨਜ਼ਰ ਆ ਰਹੀਆਂ ਹਨ, ਇਸਦਾ ਸਿਰਫ਼ ਇੱਕ ਹੀ ਕਾਰਨ ਹੈ ਕਿ ਲੋਕ ਧਰਮ ਤੋਂ ਬੇਮੁੱਖ ਹੋ ਗਏ ਹਨ। ਧਰਮ ਦੀ ਥਾਂ ਆਧਰਮ ਨੇ ਲੈ ਲਈ ਹੈ। ਇਸ ਕਰਕੇ ਉਹ ਅੰਦੋਲਨ ਚਲਾ ਰਹੇ ਹਨ। ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰ ਰਹੇ ਹਨ ਤਾਂ ਕਿ ਸਮਾਜ ਵਿੱਚ ਵਧਦੇ ਅਪਰਾਧਾਂ, ਅਨੈਤਿਕਤਾ, ਪਾਪ ਆਦਿ ਉੱਤੇ ਰੋਕ ਲਗਾਈ ਜਾ ਸਕੇ। ਪਰ ਜੇ ਇਹਨਾਂ ਬਾਬਿਆਂ ਤੋਂ ਪੁੱਛਿਆ ਜਾਵੇ ਕਿ ਉਹਨਾਂ ਨੂੰ ਦਾਨ-ਪੁੰਨ ਵਿੱਚ ਮੋਟੀਆਂ ਰਕਮਾਂ ਦੇਣ ਵਾਲੇ ਕੌਣ ਹਨ ? ਕਿਸੇ ਅਨਪੜ੍ਹ ਜਾਂ ਸਾਧਾਰਨ ਵਿਅਕਤੀ ਨੂੰ ਵੀ ਜੇਕਰ ਇਹ ਸਵਾਲ ਕੀਤਾ ਜਾਵੇ ਤਾਂ ਉਹ ਦੱਸ ਦੇਵੇਗਾ ਕਿ ਜਿੰਨ੍ਹਾਂ ਨੇ ਜਨਤਾ ਦਾ ਖ਼ੂਨ ਚੂਸਕੇ, ਲੁੱਟ ਠੱਗੀ ਕਰਕੇ, ਕਾਲਾ ਬਾਜ਼ਾਰੀ ਕਰਕੇ, ਸਰਕਾਰ ਦਾ ਟੈਕਸ ਚੋਰੀ ਕਰਕੇ, ਹੇਰਾ ਫ਼ੇਰੀ ਕਰਕੇ ਦੌਲਤ ਜ਼ਮਾਂ ਕੀਤੀ ਹੈ, ਉਹੀ ਲੋਕਾਂ ਦੀਆਂ ਨਜ਼ਰਾਂ ਵਿੱਚ ਸ਼ੋਹਰਤ ਬਣਾਉਣ ਅਤੇ ਸਮਾਜ ਵਿੱਚ ਸਨਮਾਨਯੋਗ ਹਸਤੀ ਬਣਨ ਲਈ ਇਸ ਤਰ੍ਹਾਂ ਦਾ ਦਾਨ ਪੁੰਨ ਕਰਦੇ ਹਨ। ਪਿੱਛਲੇ ਦਿਨੀਂ ਇੱਕ ਟੈਲੀਵਿਜਨ ਚੈਨਲ ਨੇ ਵੀ ਇਹ ਖ਼ੁਲਾਸਾ ਕੀਤਾ ਸੀ ਕਿ ਕਿਵੇਂ ਇਹ ਬਾਬੇ ਇਹਨਾਂ ਅਪਰਾਧੀਆਂ ਦੇ ਕਾਲੇ ਧਨ ਨੂੰ ਸਫ਼ੇਦ ਬਣਾਉਣ ਲਈ ਸਹਿਯੋਗ ਦਿੰਦੇ ਹਨ। ਪ੍ਰੰਤੂ ਇਹ ਦਾਨੀ ਸੱਜਣ ਇਹਨਾਂ ਬਾਬਿਆਂ ਦੀ ਨਜ਼ਰ ਵਿੱਚ ਧਰਮੀ ਵਿਅਕਤੀ ਹਨ। ਆਮ ਲੋਕ ਜੋ ਮਿਹਨਤ ਕਰਕੇ ਦੋ ਡੰਗ ਦੀ ਰੋਟੀ ਦਾ ਜੁਗਾੜ ਮੁਸ਼ਕਿਲ ਨਾਲ ਕਰਦਾ ਹੈ, ਉਸਨੂੰ ਇਹ ਮੋਹ ਮਾਇਆ ਦੇ ਜ਼ਾਲ ਵਿੱਚ ਫਸਿਆ ਕਹਿਕੇ ਘਿਰਣਾ ਦੀ ਨਜ਼ਰ ਨਾਲ ਵੇਖਦੇ ਹਨ। ਉਸਨੂੰ ਆਪਣੀਆਂ ਹੀ ਨਜ਼ਰਾਂ ਵਿੱਚ ਗਿਰਾਅ ਦਿੰਦੇ ਹਨ। ਜਿਸ ਮਿਹਨਤ ਦੀ ਗੱਲ ਨਾਨਕ, ਕਬੀਰ ਅਤੇ ਰਵਿਦਾਸ ਕਰਦੇ ਹਨ, ਉਹ ਮਿਹਨਤ ਕਰਨ ਵਾਲੇ ਨੂੰ ਇਹ ਆਧਰਮੀ, ਮੋਹ ਮਾਇਆ ਦੇ ਜ਼ਾਲ ਵਿੱਚ ਫਸਿਆ ਜੀਵ ਕਹਿਕੇ ਉਸਨੂੰ ਇਨਸਾਨ ਦਾ ਦਰਜ਼ਾ ਵੀ ਨਹੀਂ ਦਿੰਦੇ।

**ਲੋਕ ਸੰਘਰਸ਼ ਦੀ ਪਰਿਭਾਸ਼ਾ ਕੀ ਹੈ ?** ਲੋਕ ਸੰਘਰਸ਼ ਇਹਨਾ ਬਾਬਿਆਂ ਦੇ ਪੰਡਾਲ ਵਿੱਚ ਪ੍ਰਵਚਨ ਸੁਣਨ ਆਈ ਭੀੜ ਨਹੀਂ ਹੈ। ਬਾਬੇ ਬੇਸ਼ੱਕ ਇਸਨੂੰ ਲੋਕ ਸੰਘਰਸ਼ ਦਾ ਨਾਮ ਦਿੰਦੇ ਰਹਿਣ, ਪਰ ਇਹ ਲੋਕ ਤਾਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦੀਆਂ ਪਰੇਸ਼ਾਨੀਆਂ ਤੋਂ ਅੱਕੇ ਹੋਏ ਮਾਨਸਿਕ ਸ਼ਾਂਤੀ ਜਾਂ ਮੁਕਤੀ ਦੀ ਭਾਲ ਵਿੱਚ ਭਟਕਦੇ ਹੋਏ ਇਹਨਾਂ ਪੰਡਾਲਾਂ ਵਿੱਚ ਪਹੁੰਚਦੇ ਹਨ।ਇਹ ਗੱਲ ਵੱਖਰੀ ਹੈ ਕਿ ਬਾਬੇ ਲੋਕਾਂ ਦੀ ਅਜਿਹੀ ਮਾਨਸ਼ਿਕਤਾ ਦਾ ਲਾਹਾ ਲੈਂਦੇ ਹਨ।ਲੋਕ ਸੰਘਰਸ਼ਾਂ ਵਿੱਚ ਲੋਕਾਂ ਦੀ ਪਹੁੰਚ ਸੁਚੇਤ ਰੂਪ ਵਿੱਚ ਹੁੰਦੀ ਹੈ। ਲੋਕਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਦਾ ਦੁਸ਼ਮਣ ਕੌਣ ਹੈ, ਦੋਸਤ ਕੌਣ ਹੈ ? ਲੋਕ ਸੰਘਰਸ਼ਾਂ ਵਿੱਚ ਲੋਕਾਂ ਨੂੰ ਇਹ ਵੀ ਜਾਣਕਾਰੀ ਹੁੰਦੀ ਹੈ ਕਿ ਦੁਸ਼ਮਣ ਨਾਲ ਲੜਨ ਤੋਂ ਬਾਅਦ ਉਹਨਾਂ ਨੂੰ ਕੀ ਹਾਸ਼ਿਲ ਹੋਣ ਵਾਲਾ ਹੈ। ਇਸ ਕਰਕੇ ਲੋਕ ਉੱਥੇ ਤਿਆਗ ਅਤੇ ਬਲੀਦਾਨ ਦੀ ਭਾਵਨਾ ਨਾਲ ਉੱਤਰਦੇ ਹਨ ਪਰ ਜਿਹੜਾ ਬਾਬੇ ਲੋਕ ਸੰਘਰਸ਼ ਦੱਸ ਰਹੇ ਹਨ, ਉਸਦੇ ਹਿਸਾਬ ਨਾਲ ਤਾਂ ਲੋਕ ਖ਼ੁਦ ਹੀ ਆਪਣੇ ਦੁਸ਼ਮਣ ਹਨ। ਵਿਅਕਤੀ ਖ਼ੁਦ ਆਪਣਾ ਦੁਸ਼ਮਣ ਹੈ ਜਾਂ ਫਿਰ ਉਸਦੇ ਆਪਣੇ ਲੋਕ, ਪਤੀ, ਪਤਨੀ, ਮਾਂ ਬਾਪ, ਭਾਈ ਭੈਣ, ਬੇਟਾ, ਬੇਟੀ ਜਾਂ ਹੋਰ ਰਿਸ਼ਤੇਦਾਰ ਹੀ ਉਸਦੇ ਦੁਸ਼ਮਣ ਹਨ। ਇਸਦਾ ਮਤਲਬ ਤਾਂ ਇਹੀ ਹੈ ਕਿ ਉਸਨੇ ਆਪਣੇ ਅਤੇ ਆਪਣੇ ਪਿਆਰਿਆਂ ਦੇ ਵਿਰੁੱਧ ਲੜਨਾ ਹੈ, ਕਿਉਂਕਿ ਉਹੀ ਉਸਦੀ ਮੁਕਤੀ ਵਿੱਚ ਰੁਕਾਵਟ ਹਨ।ਬਾਬੇ ਅਸਲੀ ਅਪਰਾਧੀਆਂ ਦੇ ਅਪਰਾਧਾਂ ਉੱਤੇ ਪਰਦਾ ਪਾਉਂਦੇ ਹਨ ਕਿਉਂਕਿ ਉਹ ਦੱਸਦੇ ਹਨ ਕਿ ਉਹਨਾਂ ਕੋਲ ਜੋ ਬੇਸ਼ੁਮਾਰ ਧਨ ਦੌਲਤ ਹੈ, ਇਹ ਇਹਨਾਂ ਨੇ ਲੋਕਾਂ ਨੂੰ ਲੁੱਟ ਕੇ ਨਹੀਂ ਬਣਾਈ, ਸਗੋਂ ਇਹਨਾਂ ਦੇ ਪਿੱਛਲੇ ਜਨਮ ਦੇ ਚੰਗੇ ਕੰਮਾਂ ਦੇ ਫ਼ਲਸਰੂਪ ਹੈ।ਇਹਨਾਂ ਦੇ ਹਿਸਾਬ ਨਾਲ ਅੰਬਾਨੀ ਆਪਣੀ ਪਤਨੀ ਨਾਲ ਪਿਆਰ ਕਰੇ, ਉਸਨੂੰ ਤੋਹਫ਼ੇ ਵਿੱਚ 272 ਕਰੋੜ



ਲੇਖਕ : ਜਸਵਿੰਦਰ
ਅਨੁਵਾਦ :
ਸੁਖਵੀਰ ਜੋਗਾ
ਮੋਬਾਇਲ : 98150-13046

ਦਾ ਹੈਲੀਕਾਪਟਰ ਭੇਂਟ ਕਰੇ।ਆਪਣੇ ਤਿੰਨ ਮੈਂਬਰਾਂ ਦੇ ਪਰਿਵਾਰ ਲਈ 27 ਮੰਜ਼ਿਲਾ ਆਲੀਸ਼ਾਨ ਬੰਗਲਾ ਤਿਆਰ ਕਰੇ, ਪਰ ਆਮ ਆਦਮੀ ਮੋਹ ਮਾਇਆ ਦੇ ਬੰਧਨ ਤੋਂ ਮੁਕਤ ਹੋਣ ਲਈ ਮਾਂ, ਬਾਪ, ਪਤੀ, ਪਤਨੀ, ਬੇਟਾ, ਬੇਟੀ, ਭੈਣ, ਭਰਾ ਦੇ ਬੰਧਨ ਤੋਂ ਮੁਕਤ ਹੋਵੇ, ਇਹਨਾਂ ਨਾਲੋਂ ਰਿਸ਼ਤਾ ਤੋੜ ਲਵੇ, ਕਿਉਂਕਿ ਇਹੀ ਲੋਕ ਉਸਦੀਆਂ ਪਰੇਸ਼ਾਨੀਆਂ ਅਤੇ ਭਟਕਣਾਂ ਦਾ ਕਾਰਨ ਹਨ।

ਲੋਕ ਸੰਘਰਸ਼ ਵਿੱਚ ਲੋਕਾਂ ਦੀ ਸਮੂਲੀਅਤ ਸਿਰਫ਼ ਅੰਦੋਲਨ ਵਿੱਚ ਹੀ ਨਹੀਂ ਹੁੰਦੀ ਹੈ, ਸਗੋਂ ਇਹ ਸਮੂਲੀਅਤ ਅੰਦੋਲਨ ਦੇ ਸਬੰਧ ਵਿੱਚ ਫੈਸਲਾ ਲੈਣ ਸਬੰਧੀ ਵੀ ਹੁੰਦੀ ਹੈ। ਨਿਸਚਿਤ ਤੌਰ ਤੇ ਲੋਕ ਸੰਘਰਸ਼ ਦੀ ਇੱਕ ਅਗਵਾਈ ਹੁੰਦੀ ਹੈ। ਪ੍ਰੰਤੂ ਇਹ ਅਗਵਾਈ ਕਰਨ ਵਾਲੇ ਵੀ ਲੋਕਾਂ ਦੇ ਵਿੱਚੋਂ ਅਤੇ ਲੋਕ ਸੰਘਰਸ਼ਾਂ ਵਿੱਚੋਂ ਹੀ ਵਿਕਸਿਤ ਹੋ ਕੇ ਅੱਗੇ ਆਉਂਦੇ ਹਨ। ਇਹ ਰਹਿਨੁਮਾ ਕਿਸੇ ਵੀ ਹਾਲਤ ਵਿੱਚ ਲੋਕ ਭਾਵਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰਦੇ ਹਨ। ਜਿਵੇਂ ਪਿਰਾਮਿਡ ਦਾ ਸਭ ਤੋਂ ਉੱਪਰ ਵਾਲਾ ਹਿੱਸਾ ਵੀ ਆਪਣੀ ਬੁਨਿਆਦ ਨਾਲ ਜੁੜਿਆ ਹੁੰਦਾ ਹੈ। ਇਸੇ ਤਰ੍ਹਾਂ ਲੋਕ ਸੰਘਰਸ਼ ਦੇ ਸਰਵ ਉੱਤਮ ਆਗੂ ਦਾ ਲੋਕ ਸੰਘਰਸ਼ ਵਿੱਚ ਭਾਗੀਦਾਰ ਆਮ ਵਿਅਕਤੀ ਨਾਲ ਵੀ ਨਜ਼ਦੀਕੀ ਸਬੰਧ ਹੁੰਦਾ ਹੈ।

ਇਸ ਦਾ ਮਤਲਬ ਲੋਕ ਸੰਘਰਸ਼ ਵਿੱਚ ਲੋਕ ਨੇਤਾ ਦਾ ਸਰੂਪ ਵੀ ਲੋਕਤੰਤਰਿਕ ਹੀ ਹੁੰਦਾ ਹੈ। ਅੰਦੋਲਨ ਵਿੱਚ ਕਿਹੋ ਜਿਹੇ ਵੀ ਹਾਲਾਤ ਹੋਣ, ਉਹ ਹਰ ਸਮੇਂ ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਦਾ ਹੈ। ਫੈਸਲਾ ਲੈਣ ਸਮੇਂ ਉਹ ਲੋਕਾਂ ਅਤੇ ਆਪਣੇ ਸਾਥੀਆਂ ਨੂੰ ਆਪਣੇ ਵਿਸ਼ਵਾਸ ਵਿੱਚ ਲੈਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਨੇਤਾ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ, ਪ੍ਰੰਤੂ ਉਸਦੇ ਫ਼ੈਸਲਿਆਂ ਅਤੇ ਚਰਿੱਤਰ ਵਿੱਚ ਸਮੂਹਿਕਤਾ ਹੁੰਦੀ ਹੈ।

ਪ੍ਰੰਤੂ ਜਦੋਂ ਇਹ ਬਾਬੇ ਦਾਅਵਾ ਕਰਦੇ ਹਨ ਕਿ ਉਹ ਲੋਕ ਸੰਘਰਸ਼ ਚਲਾ ਰਹੇ ਹਨ, ਤਾਂ ਸਵਾਲ ਉੱਠਦਾ ਹੈ ਕਿ ਇਹਨਾਂ ਦੇ ਚਰਿੱਤਰ ਅਤੇ ਫ਼ੈਸਲਿਆਂ ਵਿੱਚ ਸਾਂਝੀਵਾਲਤਾ ਹੈ ? ਕੀ ਉਹ ਲੋਕਤੰਤਰਿਕ ਤਰੀਕੇ ਨਾਲ ਅੰਦੋਲਨ ਦਾ ਸੰਚਾਲਨ ਕਰਦੇ ਹਨ ? ਬਾਬਾ ਰਾਮਦੇਵ ਹੋਵੇ, ਆਸ਼ਾਰਾਮ ਬਾਪੂ ਹੋਵੇ, ਰਵਿਸ਼ੰਕਰ ਹੋਵੇ ਜਾਂ ਫਿਰ ਟੀ. ਵੀ. ਚੈਨਲਾਂ ਉੱਤੇ ਪ੍ਰਵਚਨ ਕਰਨ ਵਾਲੇ ਬਾਬੇ ਬੀਬੀਆਂ ਦੀ ਲੰਮੀ ਕਤਾਰ ਵਿੱਚੋਂ ਕੋਈ ਹੋਰ ਹੋਵੇ, ਇਹਨਾਂ ਵੱਲੋਂ ਲਏ ਗਏ ਫ਼ੈਸਲੇ ਅੰਤਿਮ ਹੁੰਦੇ ਹਨ। ਇਹਨਾਂ ਉੱਤੇ ਪ੍ਰਸ਼ਨ ਚਿੰਨ੍ਹ ਨਹੀਂ ਲਗਾਇਆ ਜਾ ਸਕਦਾ। ਲੋਕ ਨੇਤਾ ਤਾਂ ਲੋਕਾਂ ਪ੍ਰਤੀ ਉੱਤਰਦਾਈ ਹੁੰਦੇ ਹਨ, ਪ੍ਰੰਤੂ ਇਹ ਬਾਬੇ ਕਿਸੇ ਪ੍ਰਤੀ ਵੀ ਜਵਾਬਦੇਹ ਨਹੀਂ ਹੁੰਦੇ।

ਇਹਨਾਂ ਨੇ ਆਪਣੇ ਨਜ਼ਦੀਕ ਅਜਿਹਾ ਮਾਹੌਲ ਉਸਾਰ ਰੱਖਿਆ ਹੁੰਦਾ ਹੈ ਜਿਸ ਤੋਂ ਇਹ ਜਾਪਦਾ ਹੈ, ਜਿਵੇਂ ਇਹ ਖ਼ੁਦ ਭਗਵਾਨ ਹੁੰਦੇ ਹਨ। ਇਹਨਾਂ ਦੀਆਂ ਇੱਛਾਵਾਂ ਹੀ ਭਗਵਾਨ ਦੀਆਂ ਇੱਛਾਵਾਂ ਹਨ। ਇਹਨਾਂ ਦੇ ਮੁੱਖ ਵਿੱਚੋਂ ਨਿਕਲੇ ਸ਼ਬਦ ਪ੍ਰਮਾਤਮਾ ਦਾ ਹੁਕਮ ਹਨ। ਫਿਰ ਪ੍ਰਮਾਤਮਾ ਦੇ ਹੁਕਮਾਂ ਦਾ ਕੋਈ ਕਿਵੇਂ ਉਲੰਘਣ ਕਰ ਸਕਦਾ ਹੈ ? ਇਹਨਾਂ ਬਾਬਿਆਂ ਦਾ ਸਾਰਾ ਸੰਗਠਨ ਇੱਕ ਬਾਂਸ ਤੇ ਟੰਗੇ ਹੋਏ ਤੰਬੂ ਵਾਂਗ ਹੀ ਹੁੰਦਾ ਹੈ। ਬਾਂਸ ਦੇ ਹਿਲਣ ਜਾਂ ਖਿਸਕਣ ਨਾਲ ਪੂਰਾ ਅੰਦੋਲਨ ਹੀ ਖਿਸਕ ਜਾਂਦਾ ਹੈ। ਜਿੰਨ੍ਹੇ ਵੀ ਬਾਬੇ ਹਨ ਇਹਨਾਂ ਦੇ ਪਰਿਵਾਰ ਜਾਂ ਖ਼ਾਨਦਾਨ ਵਿੱਚ ਇੱਕ ਵੀ ਇਹਨਾਂ ਦੇ ਬਰਾਬਰ ਦਾ ਵਿਖਾਈ ਨਹੀਂ ਦਿੰਦਾ।

ਪਿੱਛਲੇ ਸਾਲ ਕਾਲੇ ਧਨ ਦੇ ਮਾਮਲੇ ਵਿੱਚ ਰਾਮਦੇਵ ਵੱਲੋਂ ਚਲਾਈ ਗਈ ਮੁਹਿੰਮ ਦੀ ਗੱਲ ਕਰਦੇ ਹਾਂ। ਇਸਦੇ ਵਿੱਚ ਕੋਈ ਸ਼ੱਕ ਨਹੀਂ ਕਿ ਦੇਸ ਦਾ ਹਰ ਸਮਝਦਾਰ ਅਤੇ ਜ਼ਿੰਮੇਵਾਰ ਨਾਗਰਿਕ ਚਾਹੁੰਦਾ ਹੈ ਕਿ ਕਾਲੇ ਧਨ ਨੂੰ ਵਾਪਿਸ ਲਿਆਂਦਾ ਜਾਣਾ ਚਾਹੀਦਾ ਹੈ। ਇਸ ਮੰਗ ਨਾਲ ਦੇਸ ਦੇ ਬਹੁਤੇ ਨਾਗਰਿਕ ਸਹਿਮਤ ਹਨ।ਪਰ ਕੀ ਬਾਬੇ ਦਾ ਅੰਦੋਲਨ ਲੋਕਤੰਤਰਿਕ ਸੀ। ਰਾਮਦੇਵ ਨੇ ਅੰਦੋਲਨ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਤੋਂ ਲੈ ਕੇ ਅੰਦੋਲਨ ਖਤਮ ਹੋਣ ਤੱਕ ਜਿਸ ਥੋਥੇ ਆਚਰਣ ਦਾ ਸਬੂਤ ਦਿੱਤਾ, ਬਾਰ-ਬਾਰ ਬੱਚਿਆਂ ਵਾਂਗ ਬਿਆਨ ਬਦਲੇ, ਇਸ ਤਰ੍ਹਾਂ ਤਾਂ ਕੋਈ ਵੀ ਲੋਕ ਆਗੂ ਨਹੀਂ ਕਰ ਸਕਦਾ। ਪ੍ਰਧਾਨ ਮੰਤਰੀ ਨੂੰ ਲੋਕ ਪਾਲ ਦੇ ਦਾਇਰੇ ਵਿੱਚ ਲਿਆਉਣ ਦੇ ਮਾਮਲੇ ਵਿੱਚ ਰਾਮਦੇਵ ਨੇ ਕਈ ਵਾਰ ਪਲੜੇ ਬਦਲੇ। ਵਿਦੇਸ਼ਾਂ ਵਿੱਚ ਜ਼ਮਾਂ ਕਾਲੇ ਧਨ ਨੂੰ ਵਾਪਿਸ ਲਿਆਉਣ ਦੇ ਨਾਲ ਉਸਨੇ ਬਾਅਦ ਵਿੱਚ ਤਕਰੀਬਨ 9 ਮੰਗਾਂ ਹੋਰ ਜੋੜ ਦਿੱਤੀਆਂ। ਇਸ ਦੌਰਾਨ ਵਿਚਾਰ ਚਰਚਾ ਦੇ ਸਬੰਧ ਵਿੱਚ ਉਸਨੇ ਕਿਹਾ ਕਿ ਉਹਨਾਂ ਦੀ ਸਰਕਾਰ ਨਾਲ 99 ਪ੍ਰਤੀਸ਼ਤ ਸਹਿਮਤੀ ਬਣ ਗਈ ਹੈ। ਜਦੋਂ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਹੀ 99 ਪ੍ਰਤੀਸ਼ਤ ਮੁੱਦਿਆਂ ਉੱਤੇ ਸਹਿਮਤੀ ਬਣ ਗਈ ਹੋਵੇ ਤਾਂ ਅੰਦੋਲਨ ਦੀ ਕੀ ਜ਼ਰੂਰਤ ਸੀ ? ਰਾਮਦੇਵ ਤਾਂ ਸਰਕਾਰ ਨੂੰ ਇਹ ਵੀ ਲਿਖਕੇ ਦੇ ਆਇਆ ਸੀ ਕਿ ਅੰਦੋਲਨ ਸ਼ਾਮ ਚਾਰ ਵਜੇ ਸਮਾਪਤ ਕਰ ਦਿੱਤਾ ਜਾਵੇਗਾ। ਕੀ ਇਹ ਅੰਦੋਲਨ ਵਿੱਚ ਸ਼ਾਮਿਲ ਲੋਕਾਂ ਨੂੰ ਹਨੇਰੇ ਵਿੱਚ ਰੱਖਣਾ ਅਤੇ ਉਹਨਾਂ ਨਾਲ ਵਿਸ਼ਵਾਸਘਾਤ ਨਹੀਂ ਸੀ ?

ਰਾਮਦੇਵ ਨੇ ਨਾ ਤਾਂ ਸਰਕਾਰ ਨਾਲ ਗੰਢ ਤੁੱਪ ਕਰਨ ਲੱਗਿਆਂ ਪਹਿਲਾਂ ਲੋਕਾਂ ਨੂੰ ਜਾਣਕਾਰੀ ਦਿੱਤੀ ਅਤੇ ਨਾ ਹੀ ਇਹ ਦੱਸਿਆ ਕਿ ਅੰਦੋਲਨ ਚਾਰ ਵਜੇ ਸਮਾਪਤ ਹੋ ਜਾਵੇਗਾ। ਨਾ ਹੀ ਇਹ ਦੱਸਣਾਂ ਜ਼ਰੂਰੀ ਸਮਝਿਆ ਕਿ ਹੁਣ ਇਹ ਚਾਰ ਵਜ਼ੇ ਤੋਂ ਬਾਅਦ ਵੀ ਕਿਉਂ ਨਹੀਂ ਸਮਾਪਤ ਕੀਤਾ ਜਾ ਰਿਹਾ। ਫਿਰ ਜਦੋਂ ਲੋਕਾਂ ਨੂੰ, ਇੱਥੋਂ ਤੱਕ ਕਿ ਔਰਤਾਂ ਨੂੰ ਵੀ ਡਾਂਗਾਂ ਨਾਲ ਕੁੱਟਿਆ ਜਾ ਰਿਹਾ ਸੀ, ਉਸ ਸਮੇਂ ਅੰਦੋਲਨ ਦੇ ਨੇਤਾ ਨੂੰ ਪੂਰੇ ਜੋਸ਼ ਨਾਲ ਡਟਕੇ ਮੁਜ਼ਾਹਰਾਕਾਰੀਆਂ ਦੇ ਨਾਲ ਖੜ੍ਹਨਾ ਚਾਹੀਦਾ ਹੈ, ਪਰ ਰਾਮਦੇਵ ਜਨਾਨੀਆਂ ਦੇ ਕੱਪੜੇ ਪਹਿਨਕੇ ਭੱਜ ਗਿਆ।ਭੱਜਣ ਦਾ ਫ਼ੈਸਲਾ ਵੀ ਬਾਬੇ ਨੇ ਆਪ ਹੀ ਲਿਆ।

ਫਿਰ ਹਰਿਦੁਆਰ ਵਿਖੇ ਆਪਣੇ ਆਸ਼ਰਮ ਵਿੱਚ ਜਾ ਕੇ ਭੁੱਖ ਹੜਤਾਲ ਦਾ ਫ਼ੈਸਲਾ ਵੀ ਰਾਮਦੇਵ ਨੇ ਆਪ ਹੀ ਲਿਆ ਅਤੇ ਸਰਕਾਰ ਦੀ ਬਿਨਾਂ ਕਿਸੇ ਪਹਿਲ ਦੇ ਉਸ ਨੇ ਇਸ ਅੰਦੋਲਨ ਨੂੰ ਸਮਾਪਤ ਕਰਨ ਦਾ ਫ਼ੈਸਲਾ ਵੀ ਆਪੇ ਕਰ ਲਿਆ। ਇਸ ਪੂਰੇ ਘਟਨਾ ਚੱਕਰ ਵਿੱਚ ਰਾਮਦੇਵ ਤੋਂ ਇਲਾਵਾ ਕੋਈ ਵੀ ਦੂਸਰਾ ਵਿਅਕਤੀ ਸਾਹਮਣੇ ਨਹੀਂ ਆਉਂਦਾ। ਜੇਕਰ ਵਿਵਾਦਿਤ ਬਾਲਕ੍ਰਿਸ਼ਨ ਦਿਖਾਈ ਦਿੰਦਾ ਹੈ ਤਾਂ ਉਸਦੀ ਭੂਮਿਕਾ ਰਾਮਦੇਵ ਦੇ ਸਹਿਯੋਗੀ ਕਾਰੋਬਾਰੀ ਦੀ ਹੈ। ਅੰਦੋਲਨ ਨਾਲ ਸ਼ਰ੍ਹੇਆਮ ਗੱਦਾਰੀ ਕਰਨ ਤੋਂ ਬਾਅਦ ਵੀ ਰਾਮਦੇਵ ਨੂੰ ਕੋਈ ਸਵਾਲ ਕਰਨ ਵਾਲਾ ਨਹੀਂ ਹੈ। ਇਸਦਾ ਮਤਲਬ ਹੈ ਕਿ ਰਾਮਦੇਵ ਦੇ ਅੰਦੋਲਨ ਵਿੱਚ ਆਏ ਲੋਕ ਸਿਰਫ਼ ਇੱਕ ਭੀੜ ਸੀ, ਸੁਚੇਤ ਸਹਿਯੋਗੀ ਕੋਈ ਨਹੀਂ। ਜੇਕਰ ਕਿਸੇ ਨੇਤਾ ਨੇ ਲੋਕ ਸੰਘਰਸ਼ ਦੌਰਾਨ ਇਸ ਤਰ੍ਹਾਂ ਦਾ ਗੱਦਾਰੀਪੁਣਾ ਕੀਤਾ ਹੁੰਦਾ ਤਾਂ ਅੰਦੋਲਨ ਵਿੱਚ ਸ਼ਾਮਿਲ ਲੋਕ ਉਸਨੂੰ ਧੂੜ ਵਿੱਚ ਮਿਲਾ ਦਿੰਦੇ, ਪਰ ਬਾਬਾ ਤਾਂ ਬਾਬਾ ਹੈ।

ਬਾਬੇ ਜੇਕਰ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਹਨ, ਤਾਂ ਇਹਨਾਂ ਦੇ ਅੰਦੋਲਨ ਵੀ ਲੋਕ ਸੰਘਰਸ਼ ਹਨ। ਸਾਫ਼ ਹੈ ਫਿਰ




ਇਹਨਾਂ ਦੇ ਉੱਤਰਾਧਿਕਾਰ ਦਾ ਫ਼ੈਸਲਾ ਵੀ ਜਨਤਾ ਹੀ ਕਰੇਗੀ, ਪਰ ਇੱਥੇ ਤਾਂ ਸਭ ਕੁੱਝ ਉਲਟ ਹੈ। ਆਸਾਰਾਮ ਬਾਪੂ ਦੇ ਪੁੱਤਰ ਨਾਰਾਇਣ ਸਾਂਈ ਦੇ ਖ਼ਿਲਾਫ਼ ਜ਼ੌਨ ਸੋਸ਼ਣ ਅਤੇ ਬਲਾਤਕਾਰ ਜਿਹੇ ਕਈ ਮਾਮਲੇ ਪੁਲਿਸ ਥਾਣੇ ਵਿੱਚ ਦਰਜ਼ ਹਨ।ਪਰ ਇਹਨਾਂ ਕੁਕਰਮਾਂ ਤੋਂ ਬਾਅਦ ਵੀ ਇਸ ਮਹਾਂਪੁਰਸ਼ ਨੇ ਆਪਣੇ ਆਪ ਨੂੰ ਪ੍ਰਮਾਤਮਾ ਐਲਾਨ ਦਿੱਤਾ ਹੈ।ਆਸ਼ਾਰਾਮ ਨੇ ਵੀ ਉਸੇ ਨੂੰ ਆਪਣਾ ਉੱਤਰਾਧਿਕਾਰੀ ਐਲਾਨਿਆ ਹੈ। ਰਾਮਦੇਵ ਨੇ ਵੀ ਆਪਣੇ ਟਰੱਸਟਾਂ ਵਿੱਚ ਆਪਣੇ ਭਾਈ ਭਤੀਜਿਆਂ ਤੋਂ ਇਲਾਵਾ ਕਿਸੇ ਹੋਰ ਨੂੰ ਸ਼ਾਮਿਲ ਨਹੀਂ ਕੀਤਾ।ਬਾਕੀ ਬਾਬਿਆਂ ਦੀ ਵੀ ਲੱਗਭੱਗ ਇਹੀ ਸਥਿੱਤੀ ਹੈ।ਇਹ ਬਾਬੇ ਜਿਸਨੂੰ ਵੀ ਆਪਣਾ ਉੱਤਰਾਧਿਕਾਰੀ ਐਲਾਨ ਦੇ ਹਨ, ਲੋਕਾਂ ਨੂੰ ਉਹੀ ਸਵੀਕਾਰਨਾ ਪਵੇਗਾ। ਪਰ ਇਹ ਤਾਂ ਸਾਮੰਤੀ ਪਰੰਪਰਾ ਹੈ। ਰਾਜਾ ਤੋਂ ਬਾਅਦ ਰਾਜ ਕੁਮਾਰ ਹੀ ਰਾਜ ਗੱਦੀ ਉੱਤੇ ਬੈਠੇਗਾ ਤੇ ਬੇਚਾਰੇ ਲੋਕ? ਜਿਸ ਤਰ੍ਹਾਂ ਸਾਮੰਤਵਾਦ ਸਮੇਂ ਉਹਨਾਂ ਦਾ ਕੰਮ ਸਿਰਫ਼ ਲਗਾਨ ਦੇਣਾ ਅਤੇ ਸਿਰ ਝੁਕਾਉਣਾ ਹੁੰਦਾ ਸੀ, ਉਸੇ ਤਰ੍ਹਾਂ ਅੱਜ ਕੱਲ੍ਹ ਲੋਕਾਂ ਦਾ ਕੰਮ ਬਾਬਿਆਂ ਨੂੰ ਦਾਨ, ਭੇਟਾ ਚੜ੍ਹਾਉਣੀ ਅਤੇ ਉਹਨਾਂ ਦੇ ਅੱਗੇ ਸਿਰ ਝੁਕਾਉਣਾ ਰਹਿ ਗਿਆ ਹੈ।

ਲੋਕ ਸੰਘਰਸ਼ਾਂ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਲੋਕਾਂ ਦੀ ਚੇਤਨਾ ਦਾ ਵਿਕਾਸ ਹੁੰਦਾ ਹੈ। ਸਮਾਜ ਅੱਗੇ ਵਧਦਾ ਹੈ। ਪਰ ਬਾਬਿਆਂ ਦੀਆਂ ਗਤੀਵਿਧੀਆਂ ਨਾਲ ਸਮਾਜ ਅੱਗੇ ਦੀ ਬਜਾਏ ਪਿੱਛੇ ਨੂੰ ਜਾਂਦਾ ਹੈ।

ਬਾਬੇ ਲੋਕਾਂ ਦੀ ਚੇਤਨਾ ਨੂੰ ਪਛੜਿਆ ਹੀ ਰੱਖਣਾ ਚਾਹੁੰਦੇ ਹਨ।ਲੋਕ ਆਗੂ ਲੋਕਾਂ ਨੂੰ ਅਧਿਐਨ ਕਰਨ ਦੀ ਸਲਾਹ ਦਿੰਦਾ ਹੈ।ਜ਼ਿਆਦਾ ਜਾਣਕਾਰੀਆਂ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦਾ ਹੈ। ਪ੍ਰੰਤੂ ਬਾਬੇ? ਜਿੰਨਾਂ ਬਾਬਿਆਂ ਨੇ ਦੱਸ ਦਿੱਤਾ, ਉਹੀ ਸਰਵਉੱਤਮ ਹੈ।ਇੱਕ ਦਿਨ ਜੈਨ ਮੁਨੀ ਤਰੁਣ ਸਾਗਰ ਟੀ. ਵੀ. ਤੇ ਪ੍ਰਵਚਨ ਕਰ ਰਿਹਾ ਸੀ ਕਿ ਅਖ਼ਬਾਰ ਪੜ੍ਹਨ ਨਾਲ ਵਿਅਕਤੀ ਦੀ ਮਾਨਸਿਕਤਾ ਖਰਾਬ ਹੁੰਦੀ ਹੈ, ਕਿਉਂਕਿ ਇਸ ਵਿੱਚ ਬਲਾਤਕਾਰ, ਹੱਤਿਆ, ਲੁੱਟ, ਅਪਰਾਧਾਂ ਦੀਆਂ ਖ਼ਬਰਾਂ ਹੁੰਦੀਆਂ ਹਨ, ਜੇਕਰ ਮਨ ਦੀ ਸਥਿੱਤੀ ਨੂੰ ਸ਼ੁੱਧ ਰੱਖਣਾ ਹੈ ਤਾਂ ਅਖ਼ਬਾਰ ਨਹੀਂ ਪੜ੍ਹਨਾ ਚਾਹੀਦਾ।

ਕੁੱਝ ਵਰ੍ਹੇ ਪਹਿਲਾਂ ਗਵਾਲੀਅਰ ਦੇ ਗੋਰਖੀ ਵਿਹੜੇ ਵਿੱਚ ਇੱਕ ਉਲੇਮਾ ਮੁਸਲਿਮ ਲੋਕਾਈ ਨੂੰ ਸਮਝਾ ਰਿਹਾ ਸੀ ਕਿ ਦੋ ਮੁਸਲਮਾਨ ਹਨ।ਇੱਕ ਨੇ ਆਪਣੇ ਮੁੰਡੇ ਨੂੰ ਅੰਗਰੇਜ਼ੀ ਸਿੱਖਿਆ ਦਿੱਤੀ। ਮੁੰਡਾ ਪੜ੍ਹ ਕੇ ਦਿੱਲੀ ਵਿੱਚ ਵੱਡਾ ਅਫ਼ਸਰ ਲੱਗ ਜਾਂਦਾ ਹੈ, ਪਰ ਜਦੋਂ ਪਿਓ ਦਾ ਅੰਤਿਮ ਸਮਾਂ ਆ ਜਾਂਦਾ ਹੈ ਤਾਂ ਮੁੰਡਾ ਦਿੱਲੀ ਵਿੱਚ ਹੈ। ਦੂਸਰਾ ਮੁਸਲਮਾਨ ਆਪਣੇ ਮੁੰਡੇ ਨੂੰ ਮਸਜਿਦ ਲੈ ਜਾਂਦਾ ਹੈ। ਮੁੰਡੇ ਨੂੰ ਕੁਰਾਨ ਸ਼ਰੀਫ਼ ਯਾਦ ਕਰਵਾਉਂਦਾ ਹੈ। ਜਦੋਂ ਇਸ ਬਾਪ ਦਾ ਅੰਤਿਮ ਸਮਾਂ ਆਉਂਦਾ ਹੈ ਤਾਂ ਮੁੰਡਾ ਪਿਓ ਨੂੰ ਕੁਰਾਨ ਦੀਆਂ ਆਈਤਾਂ ਸੁਣਾਉਂਦਾ ਹੈ। ਦੱਸੋ ਕਿਹੜਾ ਬਾਪ ਕਰਮਾਂ ਵਾਲਾ ਹੈ? ਇਸ ਤਰ੍ਹਾਂ ਦੀਆਂ ਸਿੱਖਿਆਵਾਂ ਸਮਾਜ ਵਿੱਚ ਅਗਿਆਨਤਾ, ਅੰਧਵਿਸ਼ਵਾਸ ਨੂੰ ਜ਼ਾਰੀ ਰੱਖਣ ਦੀ ਕੋਸ਼ਿਸ਼ ਹੈ। ਬਾਬੇ ਬੇਸ਼ੱਕ ਜੋ ਮਰਜ਼ੀ ਦਾਅਵੇ ਕਰੀ ਜਾਣ, ਪਰ ਉਹਨਾਂ ਦੇ ਯਤਨ ਸਮਾਜ ਦੇ ਪੈਰਾਂ ਵਿੱਚ ਸੰਗਲ ਪਾ ਕੇ ਉਹਨੂੰ ਅੱਗੇ ਵਧਣ ਤੋਂ ਰੋਕਣ ਦੇ ਹੀ ਹੁੰਦੇ ਹਨ। ਇਹ ਸਮਾਜ ਨੂੰ ਅੱਗੇ ਨਹੀਂ ਲਿਜਾਅ ਸਕਦੇ, ਕਿਉਂਕਿ ਇਸ ਨਾਲ ਬਾਬਿਆਂ ਦੀ ਆਪਣੀ ਸੱਤਾ ਹੀ ਖ਼ਤਰੇ ਵਿੱਚ ਪੈ ਜਾਵੇਗੀ।

**ਬਾਬੇ, ਕਾਨੂੰਨ ਅਤੇ ਕਾਲਾ ਧਨ**

ਸੱਭਿਅਕ ਸਮਾਜ ਦਾ ਇੱਕ ਬੁਨਿਆਦੀ ਨਿਯਮ ਹੁੰਦਾ ਹੈ ਕਿ ਉਸ ਸਮਾਜ ਜਾਂ ਦੇਸ਼ ਦੇ ਸਭ ਨਾਗਰਿਕ ਇੱਕ ਸਮਾਨ ਹਨ। ਜਾਤ, ਧਰਮ, ਲਿੰਗ, ਬੋਲੀ, ਖੇਤਰ ਜਾਂ ਹੋਰ ਕਿਸੇ ਵੀ ਆਧਾਰ ਤੇ ਨਾਗਰਿਕਾਂ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ। ਦੇਸ਼ ਵਿੱਚ ਕਾਨੂੰਨ ਦਾ ਰਾਜ ਹੋਵੇਗਾ। ਕਾਨੂੰਨ ਸਾਰਿਆਂ ਤੇ ਲਾਗੂ ਹੋਵੇਗਾ। ਕਾਨੂੰਨ ਤੋਂ ਉੱਤੇ ਕੋਈ ਨਹੀਂ ਹੋਵੇਗਾ। ਪਿੱਛਲੇ ਸਮੇਂ ਦੌਰਾਨ ਸਾਡੇ ਗਵਾਂਢੀ ਮੁਲਕ ਨੇਪਾਲ ਵਿੱਚ ਜਦੋਂ ਤੱਕ ਰਾਜਾਸ਼ਾਹੀ ਸੀ, ਉਦੋਂ ਤੱਕ ਰਾਜਾ ਅਤੇ ਉਸਦਾ ਪਰਿਵਾਰ ਕਾਨੂੰਨ ਤੋਂ ਉੱਪਰ ਸੀ। ਰਾਜਾ ਗਿਆਨੇਂਦਰ ਦੇ ਮੁੰਡੇ ਨੇ ਸ਼ਰਾਬ ਦੇ ਨਸ਼ੇ ਵਿੱਚ ਕਾਠਮਾਂਡੂ ਦੀਆਂ ਸੜਕਾਂ ਉੱਤੇ ਕਈ ਵਿਅਕਤੀਆਂ ਨੂੰ ਕੁਚਲ ਦਿੱਤਾ ਸੀ, ਪਰ ਉਸ ਉੱਤੇ ਕੋਈ ਮੁਕੱਦਮਾ ਨਹੀਂ ਚੱਲਿਆ, ਕਿਉਂਕਿ ਉਸ ਸਮੇਂ ਦੇ ਸੰਵਿਧਾਨ ਮੁਤਾਬਿਕ ਰਾਜ ਪਰਿਵਾਰ ਦੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ ਸੀ। ਨੇਪਾਲ ਦੀ ਜਨਤਾ ਨੇ ਰਾਜਾਸ਼ਾਹੀ ਨੂੰ ਖ਼ਤਮ ਕਰਨ ਅਤੇ ਲੋਕਤੰਤਰ ਦੀ ਬਹਾਲੀ ਲਈ ਲੰਬਾ ਸੰਘਰਸ਼ ਕਰਦਿਆਂ ਕੁਰਬਾਨੀਆਂ ਦਿੱਤੀਆਂ। ਤਾਂ ਜਾ ਕੇ ਹੁਣ ਲੋਕਤੰਤਰ ਦੀ ਬਹਾਲੀ ਹੋਈ ਹੈ। ਹੁਣ ਨੇਪਾਲ ਦਾ ਸਾਬਕਾ ਰਾਜਾ ਵੀ ਕਾਨੂੰਨ ਦੇ ਘੇਰੇ ਵਿੱਚ ਹੈ।

ਕੀ ਸਾਡੇ ਇਹ ਬਾਬੇ ਆਪਣੇ ਆਪ ਨੂੰ ਕਾਨੂੰਨ ਦੇ ਦਾਇਰੇ ਵਿੱਚ ਮੰਨਦੇ ਹਨ? ਵਿਵਾਦੀ ਬਾਬਾ ਆਸ਼ਾਰਾਮ ਬਾਪੂ ਨੇ ਇੱਕ ਬਾਰ ਇਸ ਕਰਕੇ ਹੰਗਾਮਾ ਖੜ੍ਹਾ ਕਰ ਦਿੱਤਾ ਸੀ ਕਿ ਦਿੱਲੀ ਏਅਰਪੋਰਟ ਤੋਂ ਬਾਹਰ ਆਉਣ ਸਮੇਂ ਦੂਜੇ ਨਾਗਰਿਕਾਂ ਵਾਂਗ ਉਸਨੂੰ ਵੀ ਤਲਾਸ਼ੀ ਦੇਣ ਲਈ ਕਿਹਾ ਗਿਆ ਸੀ। ਜਦੋਂ ਆਪਾਂ ਪਾਕ ਪਵਿੱਤਰ ਹਾਂ ਤਾਂ ਫਿਰ ਤਲਾਸ਼ੀ ਦੇਣ ਦੀ ਕੀ ਪਰੇਸ਼ਾਨੀ ਹੋ ਸਕਦੀ ਹੈ?

ਬਾਬਾ ਰਾਮਦੇਵ ਤਾਂ ਕਾਲੇ ਧਨ ਦੇ ਖਿਲਾਫ਼ ਅੰਦੋਲਨ ਚਲਾ ਰਿਹਾ ਹੈ। ਉਹ ਵਿਦੇਸ਼ਾਂ ਵਿੱਚ ਜਮਾਂ ਕਾਲਾ ਧਨ ਵਾਪਿਸ ਲਿਆਉਣ ਦੀ ਮੰਗ ਹੀ ਨਹੀਂ ਕਰ ਰਿਹਾ ਸਗੋਂ ਕਾਲਾਧਨ ਜਮਾਂ ਕਰਨ ਵਾਲਿਆਂ ਨੂੰ ਫਾਂਸੀ ਤੇ ਲਟਕਾਉਣ ਦੀ ਮੰਗ ਵੀ ਕਰ ਰਿਹਾ ਹੈ। ਆਖ਼ਿਰ ਬਾਬਾ ਰਾਮਦੇਵ ਦੀ ਕਾਲੇਧਨ ਦੀ ਪਰਿਭਾਸ਼ਾ ਕੀ ਹੈ?

........ਬਾਕੀ ਅਗਲੇ ਅੰਕ ਵਿੱਚ।

# ਲੋਕਾਂ ਨੂੰ ਭਰਮਾਉਂਦੇ ਧਰਮਗੁਰੂ

ਮੂਲ : ਹਰੀਦੱਤ ਸ਼ਰਮਾਂ
ਅਨੁਵਾਦਕ : ਪਵਨ ਕੁਮਾਰ ਰੱਤੋਂ

ਧਰਮਗੁਰੂਆਂ ਦੁਆਰਾ ਅਚਾਨਕ ਕੁਝ ਚੀਜ਼ਾਂ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਨੂੰ ਧਰਮ ਤੋਂ ਡਰਨ ਵਾਲੇ ਲੋਕ ਅਨੋਖਾ ਚਮਤਕਾਰ ਮੰਨ ਲੈਂਦੇ ਹਨ। ਪਰੰਤੂ ਅਸਲੀਅਤ ਕੁਝ ਹੋਰ ਹੀ ਹੁੰਦੀ ਹੈ.....

ਆਪਣੇ ਪ੍ਰਤੀ ਲੋਕਾਂ ਦਾ ਵਿਸ਼ਵਾਸ ਅਤੇ ਸ਼ਰਧਾ ਬਣਾਈ ਰੱਖਣ ਦੇ ਲਈ ਧਰਮਗੁਰੂ ਸਦੀਆਂ ਤੋਂ ਚਮਤਕਾਰਾਂ ਦਾ ਸਹਾਰਾ ਲੈਂਦੇ ਆ ਰਹੇ ਹਨ। ਅਜਿਹੇ ਧਰਮਗੁਰੂਆਂ ਦੇ ਚੇਲਿਆਂ ਦੀ ਗਿਣਤੀ ਵੱਧ ਹੁੰਦੀ ਹੈ। ਉਹ ਚੇਲੇ ਆਪਣੇ ਧਰਮਗੁਰੂਆਂ ਦੇ ਬਾਰੇ ਵਿੱਚ ਇਹ ਅਫ਼ਵਾਹ ਫੈਲਾਂਦੇ ਹਨ ਕਿ ਉਨ੍ਹਾਂ ਦਾ ਗੁਰੂ ਚਮਤਕਾਰ ਵਿਖਾ ਸਕਦਾ ਹੈ। ਕਿਸੇ ਵੀ ਰੋਗੀ ਦਾ ਰੋਗ ਦੂਰ ਕਰ ਸਕਦਾ ਹੈ ਅਤੇ ਬੇਔਲਾਦਾਂ ਨੂੰ ਔਲਾਦ ਦੇ ਸਕਦਾ ਹੈ। ਕੁਝ ਤਥਾਕਥਿਤ ਚੇਲੇ ਤਾਂ ਆਪਣੇ ਧਰਮਗੁਰੂ ਦੇ ਹਵਾ ਵਿੱਚ ਉੱਡਣ ਤੱਕ ਦੀ ਅਫ਼ਵਾਹ ਫੈਲਾ ਦੇਂਦੇ ਹਨ। ਦਰਅਸਲ, ਇਹ ਸਭ ਧਰਮਗੁਰੂਆਂ ਅਤੇ ਉਨ੍ਹਾਂ ਦੇ ਚੇਲਿਆਂ ਦੀ ਮਿਲੀਭਗਤ ਹੁੰਦੀ ਹੈ।

ਚਮਤਕਾਰ ਕੁਝ ਹੱਥਚਲਾਕੀਆਂ ਦੇ ਖੇਲ ਹੁੰਦੇ ਹਨ, ਜਿਨ੍ਹਾਂ ਦੇ ਜ਼ਰੀਏ ਧਰਮਗੁਰੂ ਅਚਾਨਕ ਕੁਝ ਚੀਜ਼ਾਂ ਨੂੰ ਲੋਕਾਂ ਦੇ ਸਾਹਮਣੇ ਲਿਆ ਕੇ ਚਮਤਕਾਰ ਦਿਖਾਂਦੇ ਹਨ। ਭੋਲੇ ਭਾਲੇ ਲੋਕ ਆਪਣੀ ਅਗਿਆਨਤਾ ਦੇ ਕਾਰਨ ਉਸ ਚਮਤਕਾਰ ਨੂੰ ਅਲੌਕਿਕ ਸ਼ਕਤੀ ਦਾ ਖੇਲ੍ਹ ਮੰਨ ਲੈਂਦੇ ਹਨ, ਜਦਕਿ ਹਰੇਕ ਚਮਤਕਾਰ ਕਿਸੇ ਨਾ ਕਿਸੇ ਚਲਾਕੀ ਉਤੇ ਹੀ ਅਧਾਰਿਤ ਹੁੰਦਾ ਹੈ।

ਧਰਮ ਦੇ ਨਾਂ ਉਤੇ ਕਰਮਕਾਂਡ : ਲੋਕ ਧਰਮ ਨੂੰ ਵੀ ਸਿਰਫ਼ ਇਸ ਲਈ ਮਾਨਤਾ ਦੇ ਰਹੇ ਹਨ, ਕਿਉਂਕਿ ਉਸ ਧਰਮ ਦੇ ਦੇਵੀ-ਦੇਵਤਿਆਂ ਨੂੰ ਅਲੌਕਿਕ ਸ਼ਕਤੀਆਂ (ਅਦਭੁਤ ਸ਼ਕਤੀਆਂ) ਨਾਲ ਭਰਿਆ ਸੰਪੂਰਨ ਦਿਖਾਇਆ ਜਾਂਦਾ ਹੈ। ਲੋਕਾਂ ਦੀ ਰੱਬ ਵਿੱਚ ਇਸ ਲਈ ਸ਼ਰਧਾ ਬਣੀ ਹੋਈ ਹੈ, ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਦਿਵਾ ਦਿੱਤੇ ਗਿਆ ਹੈ ਕਿ ਰੱਬ ਸਰਵਸ਼ਕਤੀਮਾਨ ਹੈ ਅਤੇ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਣਗੀਆਂ। ਇਸ ਲਈ ਆਪਣੇ ਕਿਸੇ ਸਵਾਰਥ ਜਾਂ ਲੋਭ ਦੀ ਪੂਰਤੀ ਦੇ ਲਈ ਲੋਕ ਰੱਬ ਵਿੱਚ ਸ਼ਰਧਾ ਬਣਾਈ ਰੱਖਦੇ ਹਨ।

ਲੋਕ ਪੂਜਾ ਸਥਾਨਾਂ ਉਤੇ ਵੀ ਰੱਬ ਤੋਂ ਕੁੱਝ ਨਾ ਕੁੱਝ ਮੰਗਣ ਦੇ ਲਈ ਹੀ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਇਹ ਵਿਸ਼ਵਾਸ ਦਿਵਾ ਦਿੱਤਾ ਗਿਆ ਹੈ ਕਿ ਸੱਚੇ ਦਿਲ ਨਾਲ ਰੱਬ ਤੋਂ ਜੋ ਕੁਝ ਵੀ ਮੰਗਿਆ ਜਾਵੇ, ਉਹ ਮਿਲ ਜਾਂਦਾ ਹੈ। ਇਸੇ ਲਾਲਚ ਵਿੱਚ ਲੋਕ ਧਰਮ ਦੇ ਨਾਂ ਉਤੇ ਕਈ ਪ੍ਰਕਾਰ ਦੇ ਕਰਮਕਾਂਡ ਵੀ ਕਰਨ ਲੱਗਦੇ ਹਨ।

ਧਰਮ ਦੇ ਠੇਕੇਦਾਰਾਂ ਦੁਆਰਾ ਕੁੰਡਲਿਨੀ (ਯੋਗ ਵਿੱਚ ਮੂਲਾਧਾਰ ਚੱਕਰ ਦੀ ਇੱਕ ਸ਼ਕਤੀ ਜਿਸ ਨੂੰ ਜਗ੍ਹਾ ਕੇ ਯੋਗੀ ਲੋਕ ਸਮਾਧੀ ਵਿੱਚ ਬੈਠ ਜਾਂਦੇ ਹਨ) ਸ਼ਕਤੀ ਜਗਾਣ ਦਾ ਵੀ ਬਹੁਤ ਪ੍ਰਚਾਰ ਕੀਤਾ ਜਾਂਦਾ ਹੈ। ਲੋਕਾਂ ਦੇ ਮਨ ਵਿੱਚ ਇਹ ਗੱਲ ਬੈਠਾ ਦਿੱਤੀ ਗਈ ਹੁੰਦੀ ਹੈ ਕਿ ਜੇਕਰ ਕੋਈ ਆਦਮੀ ਆਪਣੇ ਸਰੀਰ ਦੇ ਅੰਦਰ ਸਥਿਤ ਕੁੰਡਲਿਨੀ ਸ਼ਕਤੀ ਦੇ ਸੱਤਾਂ ਚੱਕਰਾਂ ਨੂੰ ਜਗਾਉਣ ਵਿੱਚ ਸਫ਼ਲਤਾ ਪਾ ਲਵੇ ਤਾਂ ਉਹ ਜੋ ਵੀ ਚਾਹੇ ਕਰ ਸਕਦਾ ਹੈ ਅਤੇ ਜੋ ਚਾਹੇ ਪਾ ਸਕਦਾ ਹੈ।



ਕੁੰਡਲਿਨੀ ਸ਼ਕਤੀ ਜਗਾਣ ਦੇ ਨਾਂ ਉੱਤੇ ਵੱਡੇ ਵੱਡੇ ਸੱਤਸੰਗਾਂ ਦੇ ਇੰਤਜ਼ਾਮ ਕੀਤੇ ਜਾਂਦੇ ਹਨ, ਕੈਂਪ ਲਗਾਏ ਜਾਂਦੇ ਹਨ। ਉਸ ਕੈਂਪ ਵਿੱਚ ਲੱਖਾਂ ਕਰੋੜਾਂ ਰੁਪਏ ਦਾਨ ਦੇ ਨਾਂ ਉਤੇ ਇਕੱਠੇ ਕੀਤੇ ਜਾਂਦੇ ਹਨ ਇਸ ਨਾਲ ਸਿਰਫ਼ ਧਰਮ ਦੇ ਠੇਕੇਦਾਰਾਂ ਦਾ ਭਲਾ ਹੁੰਦਾ ਹੈ ਅਤੇ ਸੈਂਕੜੇ ਲੋਕ ਸਿੱਧੀਆਂ ਦੇ ਲਾਲਚ ਵਿੱਚ ਮੂਰਖ ਬਣਦੇ ਹਨ। ਲੋਕਾਂ ਨੂੰ ਇਹ ਗੱਲ ਵੀ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਜਿਹੜੇ ਲੋਕਾਂ ਨੇ ਕੁੰਡਲਿਨੀ ਸ਼ਕਤੀ ਨੂੰ ਮੂਲਾਧਾਰ (ਗੁਦਾ ਅਤੇ ਲਿੰਗ ਦੇ ਵਿਚਾਲੇ ਦੀ ਥਾਂ, ਨਾਭੀ/ਧੁੰਨੀ) ਚੱਕਰ ਤੋਂ ਹਜ਼ਾਰ ਚੱਕਰ ਤੱਕ ਜਾਗਰਤ ਕਰ ਲੈਣ ਦਾ ਦਾਅਵਾ ਕੀਤਾ ਸੀ, ਜਿਵੇਂ ਸ਼ਿਰਡੀ ਦੇ ਸਾਈਂ ਬਾਬਾ, ਰਾਮਕਿਸ਼ਣ, ਸ਼ਿਵਾਨੰਦ, ਪ੍ਰਭੁਪਾਦ, ਰਜਨੀਸ਼, ਰਮਣ, ਅਰਬਿੰਦੋ, ਰਾਮਤੀਰਥ ਆਦਿ ਉਹ ਆਪ ਹੀ ਕਈ ਪ੍ਰਕਾਰ ਦੇ ਅਸਾਧਯ ਰੋਗਾਂ ਨਾਲ ਪੀੜਤ ਸਨ। ਉਹ ਦੂਜਿਆਂ ਨੂੰ ਕੁੰਡਲਿਨੀ ਸ਼ਕਤੀ ਜਗਾ ਕੇ ਉਨ੍ਹਾਂ ਨੂੰ ਸਿੱਧੀਆਂ ਦਿਵਾ ਰਹੇ ਸਨ, ਪਰ ਆਪਣੇ ਆਪ ਨੂੰ ਬੀਮਾਰੀਆਂ ਤੋਂ ਨਹੀਂ ਬਚਾ ਸਕੇ। ਉਨ੍ਹਾਂ ਦੀ ਵਡਿਆਈ ਨੂੰ ਬਣਾਈ ਰੱਖਣ ਦੇ ਲਈ ਉਨ੍ਹਾਂ ਦੇ ਚੇਲਿਆਂ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਨੇ ਆਪਣੇ ਕਿਸੇ ਪ੍ਰੇਮੀ ਸ਼ਾਗਿਰਦ ਦਾ ਰੋਗ ਆਪਣੇ ਉਪਰ ਲੈ ਲਿਆ ਸੀ।

ਧਰਮ ਗੁਰੂਆਂ ਨੇ ਦੇਵੀ-ਦੇਵਤਿਆਂ ਦੀ ਵਡਿਆਈ ਨੂੰ ਬਣਾਈ ਰੱਖਣ ਦੇ ਲਈ ਰਿਸ਼ੀਮੁਨੀਆਂ ਦੁਆਰਾ ਦਿੱਤੇ ਗਏ ਸ਼ਰਾਪਾਂ ਦੀਆਂ ਝੂਠੀਆਂ ਕਹਾਣੀਆਂ ਵੀ ਘੜ ਦਿੱਤੀਆਂ ਤਾਂ ਜੋ ਲੋਕਾਂ ਨੂੰ ਇਹ ਲੱਗੇ ਕਿ ਅਜਿਹਾ ਸਿਰਫ਼ ਸਰਾਪ ਦੇ ਕਾਰਨ ਹੀ ਹੋਇਆ ਨਾ ਕਿ ਕੁਦਰਤ ਦੇ ਨਿਯਮਾਂ ਦੇ ਕਾਰਨ।




**ਨੁਕਸਾਨ ਹੀ ਨੁਕਸਾਨ :** ਆਪਣੇ ਉਪਦੇਸ਼ਾਂ ਅਤੇ ਚਿਕਨੀਚੁਪੜੀਆਂ ਗੱਲਾਂ ਵਿੱਚ ਫਸਾ ਕੇ ਧਰਮ ਦੇ ਠੇਕੇਦਾਰਾਂ ਨੇ ਧਰਮ ਦੇ ਮੱਕੜਜਾਲ ਵਿੱਚ ਲੋਕਾਂ ਨੂੰ ਇਸ ਹੱਦ ਤੱਕ ਜਕੜਿਆਂ ਹੋਇਆ ਹੈ ਕਿ ਉਹ ਚਾਹ ਕੇ ਵੀ ਇਸ ਤੋਂ ਨਿਕਲ ਨਹੀਂ ਪਾ ਰਹੇ ਹਨ। ਨਤੀਜਾ ਇਹੀ ਹੁੰਦਾ ਹੈ ਕਿ ਅੰਧਵਿਸ਼ਵਾਸੀ ਲੋਕਾਂ ਨਾਲ ਇਨ੍ਹਾਂ ਦੀਆਂ ਦੁਕਾਨਾਂ ਬਹੁਤ ਚਲਦੀਆਂ ਹਨ।

ਧਰਮ ਦੀ ਦੁਕਾਨ ਚਲਾਉਣ ਵਾਲੇ ਹੀ ਇਸ ਗੋਰਖਧੰਦੇ ਦੇ ਵੱਧਣ ਫੁੱਲਣ ਦਾ ਕਾਰਨ ਨਹੀਂ ਹਨ, ਸਗੋਂ ਉਹ ਲੋਕ ਵੀ ਹਨ ਜੋ ਆਪਣੀ ਬੁੱਧੀ ਦੀ ਵਰਤੋਂ ਕੀਤੇ ਬਿਨਾ ਹੀ ਇਨ੍ਹਾਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਨ।

ਲੋਕਾਂ ਨੂੰ ਚਮਤਕਾਰਾਂ ਤੋਂ ਭੁਲੇਖਾ ਨਹੀਂ ਖਾਣਾ ਚਾਹੀਦਾ, ਜ਼ਿਆਦਾਤਰ ਚਮਤਕਾਰਾਂ ਦੇ ਪਿੱਛੇ ਕੋਈ ਨਾ ਕੋਈ ਟਰਿੱਕ ਵਰਤਿਆ ਗਿਆ ਹੁੰਦਾ ਹੈ। ਇਹ ਵੀ ਸੱਚ ਹੈ ਕਿ ਮਨੁੱਖੀ ਸਰੀਰ ਦੇ ਅੰਦਰ ਕੁਝ ਅਜਿਹੇ ਕੇਂਦਰ ਵੀ ਹਨ, ਜਿਹੜੇ ਜਾਗਰਤ ਹੋ ਜਾਣ ਉਤੇ ਵਿਅਕਤੀ ਦੀ ਇੰਦਰੀਆਂ ਦੀ ਸਮਰੱਥਾ ਨੂੰ ਕਈ ਗੁਣਾਂ ਵਧਾ ਦੇਂਦੇ ਹਨ ਅਤੇ ਵਿਅਕਤੀ ਅਸਾਧਾਰਣ ਕੰਮ ਕਰਨ ਲੱਗਦਾ ਹੈ। ਪਰੰਤੂ ਉਸ ਦਾ ਧਰਮ ਜਾਂ ਆਤਮਾ ਜਾਂ ਪ੍ਰਮਾਤਮਾ ਸਬੰਧੀ ਕੁਝ ਵੀ ਲੈਣਾ ਦੇਣਾ ਨਹੀਂ ਹੁੰਦਾ ਹੈ।

ਕੁਝ ਲੋਕ ਲਗਾਤਾਰ ਅਭਿਆਸ ਦੁਆਰਾ ਵੀ ਆਪਣੇ ਸਰੀਰ ਦੇ ਕਿਸੇ ਭਾਗ ਦੀ ਸਮਰੱਥਾ ਨੂੰ ਵਧਾ ਲੈਂਦੇ ਹਨ, ਜਿਵੇਂ ਸਰਕਸ ਦੇ ਕਲਾਕਾਰ ਕੋਝ ਲੋਕ ਅਭਿਆਸ ਦੁਆਰਾ ਆਪਣੇ ਸਾਹ ਉਤੇ ਕੁਝ ਸਮੇਂ ਲਈ ਕੰਟਰੋਲ ਪਾ ਲੈਂਦੇ ਹਨ। ਪਰੰਤੂ ਅਜਿਹੀਆਂ ਗੱਲਾਂ ਦਾ ਪ੍ਰਮਾਤਮਾ ਨਾਲ ਕੁਝ ਵੀ ਲੈਣਾ ਦੇਣਾ ਨਹੀਂ ਹੁੰਦਾ। ਦਰਅਸਲ, ਬਹੁਤ ਚਲਾਕੀ ਨਾਲ ਅਜਿਹੀਆਂ ਗੱਲਾਂ ਨੂੰ ਆਤਮਾ ਜਾਂ ਪ੍ਰਮਾਤਮਾ ਸਬੰਧੀ ਦਾ ਨਾਂ ਦੇ ਦਿੱਤਾ ਜਾਂਦਾ ਹੈ। ਸਾਧਾਰਣ ਲੋਕ ਸਮਾਧੀ ਵਰਗੀਆਂ ਕ੍ਰਿਆਵਾਂ ਨੂੰ ਵੀ ਅਲੌਕਿਕ ਸ਼ਕਤੀ ਮੰਨਣ ਲੱਗਦੇ ਹਨ, ਇਸ ਲਈ ਕਈ ਸਾਧੂ ਮਹਾਤਮਾ ਆਪਣੀ ਸਮਾਧੀ ਦਾ ਬਹੁਤ ਪ੍ਰਚਾਰ ਕਰਦੇ ਹਨ ਤਾਂ ਜੋ ਲੋਕ ਉਨ੍ਹਾਂ ਦਾ ਸਨਮਾਨ ਕਰਨ ਲੱਗਣ ਅਤੇ ਉਨ੍ਹਾਂ ਨੂੰ ਦਾਨਦੱਛਣਾ ਦੇਣ ਲੱਗਣ। ਅਜਿਹੇ ਲੋਕ ਅਕਸਰ ਮੰਦਰ ਬਣਾਉਣ ਦੇ ਨਾਂ ਉਤੇ ਲੋਕਾਂ ਤੋਂ ਧਨ ਇਕੱਠਾ ਕਰ ਲੈਂਦੇ ਹਨ।

ਧੰਨਵਾਦ ਸਾਹਿਤ ਮੈਗਜ਼ੀਨ : 'ਗ੍ਰਹਿਸ਼ੋਭਾ' ਮਈ (ਪਹਿਲਾ) 2012

**ਆਪਣੇ ਬੱਚਿਆਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਡਾ. ਜਤਿੰਦਰਪਾਲ ਦੁਆਰਾ ਲਿਖੀਆਂ ਹੇਠ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹਾਓ**




ਕੁੱਲ ਕੀਮਤ
640/-

ਪੂਰੇ ਸੈੱਟ ਦੀ
ਡਿਸਕਾਊਂਟ ਕੀਮਤ
400/-

ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਮਨੁੱਖਤਾ ਦੀ ਮਾਤਾ



ਜਦੋਂ ਮੈਂ ਇਕ ਛੋਟੀ ਬਾਲੜੀ ਹੁੰਦੀ ਸਾਂ ਤਾਂ ਮੇਰੀ ਦਾਦੀ ਮਾਂ ਅਕਸਰ ਹੀ ਮੈਨੂੰ ਆਖਿਆ ਕਰਦੀ ਸੀ ਕਿ ਜਿਵੇਂ ਕੁਦਰਤ ਨੇ ਇਨਸਾਨਾਂ ਦੇ ਜੀਵਨ ਵਾਸਤੇ ਧਰਤੀ ਉਪਰ ਪੇੜ-ਪੌਦੇ ਪੈਦਾ ਕੀਤੇ ਹਨ, ਉਸੇ ਤਰ੍ਹਾਂ ਹੀ ਪ੍ਰਕਿਰਤੀ ਨੇ ਔਰਤ ਨੂੰ ਮਨੁੱਖਤਾ ਦੀ ਮਾਤਾ ਵਜੋਂ ਪੈਦਾ ਕੀਤਾ ਹੈ। ਮੈਂ ਸੋਚਦੀ ਹਾਂ ਕਿ ਸਾਰੀਆਂ ਮਾਵਾਂ ਇੰਝ ਹੀ ਆਖਦੀਆਂ ਹੋਣਗੀਆਂ। ਉਹ ਇਸ ਗੱਲ ਨੂੰ ਕਿਵੇਂ ਆਖਦੀਆਂ ਸਨ ਸਾਡੇ ਵਿਚਾਰ ਉਨਾਂ ਨਾਲੋਂ ਭਿੰਨ ਹੋ ਸਕਦੇ ਹਨ, ਪਰ ਅਸੀਂ ਉਹਨਾਂ ਦੀ ਅਕਲਮੰਦੀ ਬਾਰੇ ਕੋਈ ਸੰਦੇਹ ਨਹੀਂ ਕਰ ਸਕਦੇ। ਕਿਉਂਕਿ ਜਦੋਂ ਮੈਂ ਵੱਡੀ ਹੋਈ ਤਾਂ ਮੈਂ ਇਹ ਜਾਣਿਆ ਤੇ ਸਮਝਿਆ ਕਿ ਉਸਦਾ ਪਹਿਲਾ ਕਥਨ ਕਿ ਪੇੜ-ਪੌਦੇ ਬੇਸ਼ਕ ਮੁੱਢਲੇ 'ਉਤਪਾਦਕ' ਹਨ ਅਤੇ ਇਹ ਹਰ ਭੋਜਨ ਲੜੀ ਦੇ ਪਹਿਲੇ ਆਖਰੀ ਅਟੁੱਟ ਅੰਗ ਵੀ ਹਨ। ਹਾਂ, ਜਦੋਂ ਮੈਂ ਵਿਆਹ ਕਰਵਾ ਲਿਆ ਤੇ ਆਪਣਾ ਪਰਿਵਾਰ ਵਸਾਉਣ ਬਾਰੇ ਯੋਜਨਾਬੰਦੀ ਆਰੰਭ ਕੀਤੀ, ਤਾਂ ਮੈਨੂੰ ਬਹੁਤ ਹੀ ਦਿਆਨਤਦਾਰੀ ਨਾਲ ਮੇਰੀ ਦਾਦੀ ਮਾਂ ਦੇ ਕਥਨ ਦੇ ਦੂਜੇ ਅੰਸ਼ ਦੀ ਅਮਲੀ ਮਹੱਤਤਾ ਬਾਰੇ ਸੋਝੀ ਹੋਈ। ਮੇਰੀ ਮਾਂ, ਮੇਰੀ ਸੱਸ ਤੇ ਮੇਰੀ ਡਾਕਟਰ ਸਾਰਿਆਂ ਨੇ ਹੀ ਮੈਨੂੰ ਇਹ ਨਸੀਹਤ ਦੇਣੀ ਸ਼ੁਰੂ ਕੀਤੀ ਕਿ ਬੱਚਾ ਜਣਨ ਵਾਲੀ ਗਰਭਵਤੀ ਔਰਤ ਦੀ ਸਿਹਤ ਤੰਦਰੁਸਤ ਰਹਿਣੀ ਚਾਹੀਦੀ ਹੈ। ਉਸਨੂੰ ਨਿਯਮਿਤ ਤੌਰ ਤੇ ਪੋਸ਼ਕ ਤੱਤਾਂ ਨਾਲ ਭਰਪੂਰ ਖੁਰਾਕ ਖਾਣੀ ਚਾਹੀਦੀ ਹੈ। ਭਾਵੇਂ ਜੋ ਕੁਝ ਉਹ ਖਾਂਦੀ ਹੈ, ਉਹ ਦੋ ਜਣਿਆ ਲਈ ਹੁੰਦਾ ਹੈ, ਫੇਰ ਵੀ ਉਸਨੂੰ ਗਰਭ ਵਿਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਬਹੁਤ ਹੀ ਸੰਯਮ ਨਾਲ ਖਾਣਾ-ਪੀਣਾ ਚਾਹੀਦਾ ਹੈ। ਜੋ ਕੁਝ ਵੀ ਮੈਨੂੰ ਦੱਸਿਆ ਗਿਆ, ਜੋ ਕੁਝ ਵੀ ਮੈਂ ਸੁਣਿਆ ਅਤੇ ਪੜ੍ਹਿਆ ਮੇਰੀ ਸੋਚ ਮੇਰੀ ਦਾਦੀ ਮਾਂ ਦੇ ਕਥਨ ਬਾਰੇ ਹੋਰ ਵੱਧ ਸਪਸ਼ਟ ਹੁੰਦੀ ਗਈ ਕਿ ਉਹ ਸਿਰਫ਼ ਭੋਜਨ ਦੀ ਪੌਸ਼ਟਿਕਤਾ ਬਾਰੇ ਹੀ ਚੇਤੰਨ ਨਹੀਂ ਸੀ, ਸਗੋਂ ਉਸਦਾ ਨਜ਼ਰੀਆ ਅਤੇ ਭਾਵਨਾ ਵੀ ਕਿੰਨੀ ਨੇਕ ਤੇ ਸੱਚੀ-ਸੁੱਚੀ ਸੀ। ਹੁਣ ਤਕ ਪਰਿਵਾਰ ਦੇ ਦੂਜੇ ਜੀਆਂ ਨਾਲ ਮੇਰਾ ਰਿਸ਼ਤਾ ਇਕ ਧੀ, ਭੈਣ ਅਤੇ ਪਤਨੀ ਵਾਲਾ ਸੀ। ਹੁਣ ਤਾਂ ਮੈਂ ਵੀ ਮਾਂ ਬਣਨ ਵਾਲੀ ਸੀ। ਗਰਭ ਨੇ ਮੇਰੇ ਅੰਦਰ

ਲੇਖਕ : ਸ਼੍ਰੀਮਤੀ ਕਵਿਤਾ ਮਨਸੁਖਨੀ
ਅਨੁਵਾਦਕ : ਸਰਜੀਤ ਤਲਵਾਰ

ਮਮਤਾ ਦਾ ਅਥਾਹ ਸਮੁੰਦਰ ਠਾਠਾਂ ਮਾਰਨ ਲਾ ਦਿੱਤਾ ਸੀ ਤਾਂ ਇਸਦੇ ਨਾਲ ਹੀ ਗਰਭ ਵਿਚ ਪਲ ਰਹੇ ਬੱਚੇ ਦੇ ਭਲੇ ਬਾਰੇ ਮੇਰੀਆਂ ਭਾਵਨਾਵਾਂ ਅੰਦਰ ਵੀ ਖਲਬਲੀ ਜਿਹੀ ਪੈਦਾ ਹੋ ਗਈ ਸੀ। ਹੁਣ ਤਾਂ ਮੈਨੂੰ ਮਾਂ ਦੇ ਤੌਰ ਤੇ ਮੇਰੇ ਬੱਚੇ ਦੀ ਸਿਹਤ ਦੀ ਹੀ ਚਿੰਤਾ ਲੱਗੀ ਰਹਿੰਦੀ ਸੀ। ਮੈਂ ਅਕਸਰ ਗਰਭ ਵਿਚ ਪਲ ਰਹੇ ਆਪਣੇ ਬੱਚੇ ਨਾਲ ਗੱਲਾਂ ਵੀ ਕਰ ਲੈਂਦੀ ਸਾਂ ਤਾਂ ਕਿ ਸੰਸਾਰ ਵਿਚ ਆਉਣ ਤੋਂ ਪਹਿਲਾਂ ਹੀ ਉਹ ਮਨ ਮਾਨਸਿਕ ਤੌਰ ਤੇ ਮਜਬੂਤ ਹੋਵੇ। ਤੁਸੀਂ ਮੇਰਾ ਯਕੀਨ ਕਰਨਾ ਕਿ ਮਾਂ ਬਣਨ ਦੇ ਸਮੁੱਚੇ ਅਨੁਭਵ ਨੇ ਮੈਨੂੰ ਬੇਹੱਦ ਅਨੂਠਾ ਤਜਰਬਾ ਪ੍ਰਦਾਨ ਕੀਤਾ ਕਿ ਮੇਰੀ ਦਾਦੀ ਮਾਂ ਨੇ ਜਦੋਂ ਔਰਤ ਨੂੰ ਮਨੁੱਖਤਾ ਦੀ ਮਾਤਾ ਕਿਹਾ ਸੀ ਤਾਂ ਉਸਦਾ ਕੀ ਮਤਲਬ ਸੀ।

ਹੁਣ ਜਦੋਂ ਮੇਰੀ ਬੇਟੀ ਦੋ ਸਾਲਾਂ ਦੀ ਹੋ ਗਈ ਹੈ, ਮੇਰੇ ਅੰਦਰ ਮਾਂ ਦੇ ਹੋਰ ਪੱਖ ਉਜਾਗਰ ਹੋਣ ਲੱਗ ਪਏ ਹਨ; ਇਕ ਮੈਨੇਜਰ ਵਾਲੇ, ਇਕ ਯੋਜਨਾਕਾਰ ਵਾਲੇ, ਇਕ ਅਧਿਆਪਕ ਵਾਲੇ, ਇਕ ਭੰਡਾਰੀ ਵਾਲੇ ਸਭ ਤੋਂ ਵੱਧ ਇਕ 'ਦੋਸਤ' ਵਾਲੇ।

ਮੈਂ ਇਕ ਮਾਂ ਅਤੇ ਆਪਣੇ ਪਰਿਵਾਰ ਦੀ ਇਕ ਜ਼ੁੰਮੇਵਾਰ ਮੈਂਬਰ ਹੋਣ ਦੇ ਨਾਤੇ ਮੈਂ ਆਪਣੀ ਬੱਚੀ ਅਤੇ ਆਪਣੇ ਪਰਿਵਾਰ ਦੀ ਸਹੀ ਖੁਰਾਕ ਬਾਰੇ ਸੋਚਦੀ ਹਾਂ। ਮੈਂ ਵਾਰ ਵਾਰ ਸੰਤੁਲਿਤ ਭੋਜਨ ਬਾਰੇ ਸੁਣਦੀ ਰਹੀ ਹਾਂ। ਇਹ ਸੰਤੁਲਿਤ ਭੋਜਨ ਹੁੰਦਾ ਕੀ ਹੈ, ਇਸ ਨੂੰ ਸਮਝਣ ਦੇ ਲਈ ਮੈਂ ਬਹੁਤ ਪਾਪੜ ਵੇਲੇ ਹਨ। ਇਸਦਾ ਜਵਾਬ ਮੈਨੂੰ ਇਸ ਗੱਲ ਵਿਚੋਂ ਲੱਭਿਆ ਹੈ ਕਿ ਜੋ ਕੁਝ ਵੀ ਅਸੀਂ ਖਾਂਦੇ-ਪੀਂਦੇ ਹਾਂ, ਉਹ ਬੁਨਿਆਦੀ ਤੌਰ ਤੇ ਸਾਡੇ ਲਈ ਕਰਦਾ ਕੀ ਹੈ। ਭੋਜਨ ਸਾਡੇ ਸਰੀਰ ਦੀ ਮੁੱਖ ਤੌਰ 'ਤੇ ਤਿੰਨ ਢੰਗਾਂ ਨਾਲ ਸੇਵਾ ਕਰਦਾ ਹੈ; ਊਰਜਾ ਪ੍ਰਦਾਨ ਕਰਦਾ ਹੈ, ਸਰੀਰ ਨੂੰ ਬਣਾਉਂਦਾ ਹੈ ਅਤੇ ਸਰੀਰ ਦੀ ਸੁਰੱਖਿਆ ਲਈ ਇਕ ਪ੍ਰਣਾਲੀ ਵਿਕਸਿਤ ਕਰਦਾ ਹੈ।

**ਊਰਜਾ ਪ੍ਰਦਾਨੀ ਭੋਜਨ** - ਕਾਰਬੋਹਾਈਡਰੇਟਾਂ ਅਤੇ ਚਿਕਨਾਈ ਵਾਲਾ ਭੋਜਨ ਸਾਨੂੰ ਊਰਜਾ ਪ੍ਰਦਾਨ ਕਰਦਾ ਹੈ। ਇਨ੍ਹਾਂ ਭੋਜਨ ਪਦਾਰਥਾਂ ਨੂੰ ਅਸੀਂ ਊਰਜਾ



ਪ੍ਰਦਾਨੀ ਭੋਜਨ ਆਖਦੇ ਹਾਂ। ਕਣਕ, ਚੌਲ ਆਦਿ ਪਦਾਰਥਾਂ ਵਿਚ ਕਾਰਬੋਹਾਈਡਰੇਟਾਂ ਦੀ ਬਹੁਤਾਤ ਹੁੰਦੀ ਹੈ। ਮਠਿਆਈਆਂ, ਆਲੂ, ਮੱਕੀ, ਕੇਲਾ ਆਦਿ ਸਟਾਰਚ ਅਤੇ ਮਿਠਾਸ (ਸ਼ੂਗਰ) ਨਾਲ ਭਰਪੂਰ ਭੋਜਨ ਪਦਾਰਥਾਂ ਵਿਚੋਂ ਵੀ ਸਾਨੂੰ ਵੱਡੀ ਮਾਤਰਾ ਵਿਚ ਕਾਰਬੋਹਾਈਡਰੇਟ ਪ੍ਰਾਪਤ ਹੁੰਦੇ ਹਨ। ਤੇਲ, ਘਿਓ ਅਤੇ ਗਿਰੀਆਂ ਦੇ ਵਿਚ ਸਾਨੂੰ ਚਿਕਨਾਈ (ਚਰਬੀ-ਫੈਟ) ਮਿਲਦੀ ਹੈ। ਚਿਕਨਾਈ ਵੀ ਊਰਜਾ ਦਾ ਇਕ ਵਧੀਆ ਸਰੋਤ ਹੈ। ਊਰਜਾ ਗ੍ਰਹਿਣ ਕਰਨ ਦੇ ਲਈ ਸਾਡੇ ਰੋਜਾਨਾ ਦੇ ਭੋਜਨ ਵਿਚ ਕਾਰਬੋਹਾਈਡਰੇਟਾਂ ਅਤੇ ਕੁਝ ਚਿਕਨਾਈ ਨਾਲ ਭਰਪੂਰ ਭੋਜਨ ਸਾਨੂੰ ਮੋਟਾ ਬਣਾਉਂਦਾ ਹੈ, ਇਸ ਮੋਟਾਪੇ ਕਾਰਨ ਸਾਨੂੰ ਕਈ ਰੋਗ ਵੀ ਚਿੰਬੜ ਸਕਦੇ ਹਨ। ਇਸ ਕਰਕੇ ਸਾਨੂੰ ਅਜਿਹਾ ਭੋਜਨ ਖਾਣ ਬਾਰੇ ਹੀ ਚੌਕਸ ਰਹਿਣਾ ਚਾਹੀਦਾ ਹੈ।

**ਸਰੀਰ ਬਣਾਉਣ ਵਾਲਾ ਭੋਜਨ** - ਬਾਡੀ ਬਿਲਡਿੰਗ ਵਾਲੇ ਭੋਜਨ ਪਦਾਰਥਾਂ ਵਿਚ ਅਸੀਂ ਵੱਖ-ਵੱਖ ਕਿਸਮਾਂ ਦੀਆਂ ਦਾਲਾਂ, ਮਾਸ, ਅੰਡੇ, ਮੱਛੀ, ਦੁੱਧ ਆਦਿ ਗਿਣ ਸਕਦੇ ਹਾਂ। ਇਨ੍ਹਾਂ ਭੋਜਨ ਪਦਾਰਥਾਂ ਵਿਚ ਇਕ ਬਹੁਤ ਹੀ ਮਹੱਤਵਪੂਰਨ ਪੋਸ਼ਕ ਤੱਤ ਹੁੰਦਾ ਹੈ ਜਿਸਨੂੰ ਪ੍ਰੋਟੀਨ ਆਖਦੇ ਹਨ। ਪ੍ਰੋਟੀਨ ਸਾਡੇ ਸਰੀਰ ਨੂੰ ਬਣਾਉਣ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਨੂੰ ਅਸੀਂ ਬਾਡੀ ਬਿਲਡਿੰਗ ਭੋਜਨ ਪਦਾਰਥ ਆਖ ਸਕਦੇ ਹਾਂ। ਵਧ ਫੁੱਲ ਰਹੇ ਬੱਚਿਆਂ ਨੂੰ ਆਪਣੇ ਸਰੀਰਕ ਵਾਧੇ ਅਤੇ ਵਿਕਾਸ ਦੇ ਲਈ ਵੱਧ ਪ੍ਰੋਟੀਨ ਯੁਕਤ ਭੋਜਨ ਪਦਾਰਥ ਖਾਣੇ ਚਾਹੀਦੇ ਹਨ।

**ਸੁਰੱਖਿਆ ਪ੍ਰਦਾਨੀ ਭੋਜਨ** -ਵਿਟਾਮਿਨਾਂ ਅਤੇ ਖਣਿਜ ਪਦਾਰਥਾਂ ਨਾਲ ਭਰਪੂਰ ਭੋਜਨ ਪਦਾਰਥ ਸਾਨੂੰ ਤੰਦਰੁਸਤੀ ਬਖਸ਼ਦੇ ਹਨ। ਇਸ ਕਰਕੇ ਇਨ੍ਹਾਂ ਭੋਜਨ ਪਦਾਰਥਾਂ ਨੂੰ ਅਸੀਂ ਸੁਰੱਖਿਆ ਪ੍ਰਦਾਨੀ ਭੋਜਨ ਆਖ ਦਿੰਦੇ ਹਾਂ। ਹਰੀਆਂ ਪੱਤੇਦਾਰ ਸਬਜੀਆਂ, ਅੰਡੇ, ਫਲ, ਮੀਟ, ਦੁੱਧ, ਗਿਰੀਆਂ ਆਦਿ ਵਿਚ ਵਿਟਾਮਿਨਾਂ ਦਾ ਕਾਫੀ ਵੱਡਾ ਭੰਡਾਰ ਹੁੰਦਾ ਹੈ। ਸਰੀਰ ਨੂੰ ਤੰਦਰੁਸਤ ਰੱਖਣ ਅਤੇ ਰੋਗਾਂ ਵਿਰੁੱਧ ਲੜਨ ਦੀ ਸਮਰੱਥਾ ਪੈਦਾ ਕਰਨ ਲਈ ਸਾਡੇ ਸਰੀਰ ਨੂੰ ਵਿਟਾਮਿਨਾਂ ਅਤੇ ਖਣਿਜ ਪਦਾਰਥਾਂ ਦੀ ਬਹੁਤ ਘੱਟ ਮਿਕਦਾਰ ਦੀ ਜ਼ਰੂਰਤ ਹੁੰਦੀ ਹੈ। ਸਾਡੇ ਸਰੀਰ ਵਿਚ ਇਨ੍ਹਾਂ ਦਾ ਹੋਣਾ ਅਤਿਅੰਤ ਜਰੂਰੀ ਹੁੰਦਾ ਹੈ। ਵਿਟਾਮਿਨ ਸੀ ਛੂਤ ਦੇ ਵਿਰੁੱਧ ਸ਼ਕਤੀ ਪੈਦਾ ਕਰਦਾ ਹੈ। ਕੈਲਸ਼ੀਅਮ ਅਤੇ ਫਾਸਫੋਰਸ ਸਾਡੀਆਂ ਹੱਡੀਆਂ ਤੇ ਦੰਦਾਂ ਦੀ ਮਜਬੂਤੀ ਲਈ ਲੋੜੀਂਦੇ ਹਨ। ਆਇਰਨ (ਲੋਹਾ) ਖੂਨ ਬਣਾਉਣ ਲਈ ਲੋੜੀਂਦਾ ਹੈ।

**ਪਾਣੀ ਅਤੇ ਮੋਟਾ ਆਹਾਰ** -ਭਾਵੇਂ ਪਾਣੀ ਦੀ ਕੋਈ ਖੁਰਾਕੀ ਕਦਰ (ਫੂਡ ਵੈਲਿਊ) ਨਹੀਂ ਹੈ, ਫਿਰ ਵੀ ਇਹ ਸਾਡੇ ਸਰੀਰ ਦੀਆਂ ਸਾਰੀਆਂ ਮਹੱਤਵਪੂਰਨ ਸਰਗਰਮੀਆਂ ਦੀ ਪੂਰਤੀ ਲਈ ਜਰੂਰੀ ਹੁੰਦਾ ਹੈ। ਪਾਚਨ ਕ੍ਰਿਆ, ਲਹੂ ਸੰਚਾਰ ਕ੍ਰਿਆ ਅਤੇ ਮਲ-ਮੂਤਰ ਤਿਆਗ ਕ੍ਰਿਆ ਸਭ ਪਾਣੀ ਦੇ ਕਾਰਨ ਹੀ ਸੰਭਵ ਹੁੰਦੀਆਂ ਹਨ। ਸਾਡੇ ਸਰੀਰ ਵਿਚ ਲਗਭਗ 70 ਪ੍ਰਤੀਸ਼ਤ ਪਾਣੀ ਹੀ ਹੁੰਦਾ ਹੈ। ਇਸ ਕਰਕੇ ਸਾਨੂੰ ਹਰ ਰੋਜ਼ ਛੇ ਗਲਾਸ ਜਾਂ ਇਸ ਤੋਂ ਵੱਧ ਪਾਣੀ ਪੀਣਾ ਚਾਹੀਦਾ ਹੈ। ਸਾਨੂੰ ਵੱਡੀ ਮਾਤਰਾ ਵਿਚ ਤਰਲ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ ਅਤੇ ਤਰਲ-ਯੁਕਤ ਫਲ ਖਾਣੇ ਚਾਹੀਦੇ ਹਨ। ਫਲਾਂ ਨੂੰ ਛਿੱਲੇ ਬਗੈਰ ਹੀ ਖਾਣਾ ਵੱਧ ਲਾਹੇਵੰਦ ਹੁੰਦਾ ਹੈ। ਆਟੇ ਨੂੰ ਬਿਨਾਂ ਛਾਂਣੇ ਬੂਰੇ-ਸੂੜੇ ਸਮੇਤ ਹੀ ਵਰਤਣਾ ਚਾਹੀਦਾ ਹੈ। ਇਨ੍ਹਾਂ ਵਿਚ ਇਕ ਕਿਸਮ ਦਾ ਰੇਸ਼ਾ ਹੁੰਦਾ ਹੈ। ਇਹ ਰੇਸ਼ਾ (ਫਾਈਬਰ ਜਾਂ ਰਫੇਜ਼) ਆਪ ਹਜ਼ਮ ਨਹੀਂ ਹੁੰਦਾ, ਇਹ ਸਰੀਰ ਵਿਚ ਪਚਦਾ ਨਹੀਂ ਪਰ ਇਹ ਸਾਡੇ ਸਰੀਰ ਦੀ ਪਾਚਨ ਪ੍ਰਣਾਲੀ, ਮਿਹਦਾ, ਅੰਤੜੀਆਂ ਆਦਿ ਵਿਚ ਜੰਮੇ ਹੋਏ ਫੋਕਟ ਪਦਾਰਥਾਂ ਨੂੰ ਰਗੜ ਕੇ ਸਾਫ਼ ਕਰਨ ਵਿਚ ਲੋੜੀਂਦਾ ਹੁੰਦਾ ਹੈ।

**ਸੰਤੁਲਿਤ ਭੋਜਨ** -ਜਦੋਂ ਸਾਡੇ ਭੋਜਨ ਵਿਚ ਊਰਜਾ ਪ੍ਰਦਾਨੀ ਪਦਾਰਥ, ਬਾਡੀ ਬਿਲਡਿੰਗ ਪਦਾਰਥ ਅਤੇ ਸੁਰੱਖਿਅਤ ਪ੍ਰਦਾਨੀ ਪਦਾਰਥ ਸਹੀ ਮਿਕਦਾਰ ਵਿਚ ਸ਼ਾਮਲ ਹੋਣਗੇ ਤਾਂ ਉਸ ਭੋਜਨ ਨੂੰ ਹੀ ਅਸੀਂ ਸੰਤੁਲਿਤ ਭੋਜਨ ਆਖ ਸਕਾਂਗੇ। ਜੇ ਅਸੀਂ ਸੰਤੁਲਿਤ ਭੋਜਨ ਖਾਵਾਂਗੇ ਤਾਂ ਹੀ ਅਸੀਂ ਸਦਾ ਹੀ ਤੰਦਰੁਸਤ, ਰਿਸ਼ਟ-ਪੁਸ਼ਟ ਅਤੇ ਸਿਹਤਮੰਦ ਰਹਾਂਗੇ।

ਕਿਉਂਕਿ ਸਾਡੇ ਸਮਾਜ ਵਿਚ ਭੋਜਨ ਬਣਾਉਣ, ਪਕਾਉਣ, ਵੰਡਣ ਅਤੇ ਭੋਜਨ ਪਦਾਰਥਾਂ ਦੀ ਚੋਣ ਕਰਨ ਵਿਚ ਔਰਤਾਂ ਦਾ ਪ੍ਰਮੁੱਖ ਰੋਲ ਹੁੰਦਾ ਹੈ ਇਸ ਲਈ ਔਰਤ ਦਾ ਪੋਸ਼ਕ ਭੋਜਨ ਬਾਰੇ ਸਿੱਖਿਅਤ ਹੋਣਾ ਬਹੁਤ ਜਰੂਰੀ ਹੈ। ਇਸਦੇ ਰਾਹੀਂ ਹੀ ਅਸੀਂ ਆਪਣੀ ਅਤੇ ਸਮੁੱਚੇ ਸਮਾਜ ਦੀ ਸਿਹਤ ਤੰਦਰੁਸਤ ਬਣਾ ਸਕਦੇ ਹਾਂ। ਇਹ ਕੋਈ ਜਰੂਰੀ ਨਹੀਂ ਕਿ ਸਿਹਤ ਲਈ ਲੋੜੀਂਦੇ ਪੋਸ਼ਕ ਤੱਤ ਮਹਿੰਗੇ ਭੋਜਨ ਪਦਾਰਥਾਂ ਵਿਚੋਂ ਹੀ ਪ੍ਰਾਪਤ ਕੀਤੇ ਜਾਣ, ਬਹੁਤ ਸਸਤੇ ਅਤੇ ਆਸਾਨੀ ਨਾਲ ਮਿਲਣ ਵਾਲੇ ਪਦਾਰਥਾਂ ਵਿਚੋਂ ਵੀ ਅਸੀਂ ਇਹ ਤੱਤ ਪ੍ਰਾਪਤ ਕਰ ਸਕਦੇ ਹਾਂ। ਸਿਹਤਮੰਦ, ਸਸਤਾ ਸੰਤੁਲਿਤ ਭੋਜਨ ਹੀ ਉਸਦੇ ਦ੍ਰਿਸ਼ਟੀਕੋਣ ਦਾ ਇਕ ਅਨਿੱਖੜਵਾਂ ਅੰਗ ਹੋਣਾ ਚਾਹੀਦਾ ਹੈ।


**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010 ਅਤੇ 2011 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ 9 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **630/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।*



# ਸਵੈ ਇਲਾਜ



ਦਵਾਈਆਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ। ਦੁਨੀਆਂ ਵਿਚ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇਗਾ ਜਿਸਨੇ ਕਦੇ ਵੀ ਦਵਾਈ ਦਾ ਪ੍ਰਯੋਗ ਨਾ ਕੀਤਾ ਹੋਵੇ। ਸਧਾਰਨ ਸਿਹਤ ਸਮੱਸਿਆਵਾਂ ਹੋਣ 'ਤੇ ਸਾਡੇ ਵਿਚੋਂ ਬਹੁਤ ਸਾਰੇ ਲੋਕ ਨਾ ਤਾਂ ਡਾਕਟਰ ਕੋਲ ਜਾਂਦੇ ਹਨ ਅਤੇ ਨਾ ਹੀ ਕੋਈ ਦਵਾਈ ਖਾਂਦੇ ਹਨ। ਪਰ ਜਦੋਂ ਇਹ ਸਮੱਸਿਆਵਾਂ ਰੋਜ਼ਾਨਾਂ ਜੀਵਨ ਦੇ ਕੰਮ-ਕਾਰਾਂ ਨੂੰ ਕਰਨ ਵਿਚ ਰੁਕਾਵਟ ਪਾਉਂਦੀਆਂ ਹਨ ਤਾਂ ਸਾਡੇ ਵਿਚੋਂ ਬਹੁਤ ਸਾਰੇ ਲੋਕ 'ਸਵੈ-ਇਲਾਜ' ਕਰਦੇ ਹਨ। ਪਰੰਤੂ ਜਦੋਂ ਸਵੈ-ਇਲਾਜ ਅਸਫਲ ਹੋ ਜਾਂਦਾ ਹੈ ਅਤੇ ਰੋਗ ਵੱਧ ਜਾਂਦਾ ਹੈ ਤਾਂ ਫਿਰ ਅਸੀਂ ਡਾਕਟਰ ਕੋਲ ਜਾਂਦੇ ਹਾਂ। ਇਹ ਇਕ ਅਜਿਹੀ ਅਵਸਥਾ ਹੁੰਦੀ ਹੈ, ਜਦੋਂ ਸਾਨੂੰ ਇਹ ਨਹੀਂ ਪਤਾ ਹੁੰਦਾ ਕਿ ਸਾਡਾ ਜੀਵਨ ਖਤਰੇ ਦੇ ਕਿਹੜੇ ਜੋਸ ਵਿਚ ਹੈ। ਭਾਵ ਜਿਉਂਦੇ ਰਹੋਗੇ ਜਾਂ ਮਰ ਜਾਵੋਗੇ। ਜੇਕਰ ਜਿਉਂਦੇ ਰਹੋਗੇ ਤਾਂ ਕਿੰਨੀ ਸਰੀਰਕ, ਮਾਨਸਿਕ ਜਾਂ ਆਰਥਿਕ ਹਾਨੀ ਤੋਂ ਬਾਅਦ ਅਤੇ ਕਿੰਨੇ ਸਮੇਂ ਵਿਚ। ਇਸ ਅਵਸਥਾ ਵਿਚ ਡਾਕਟਰ ਅਤੇ ਦਵਾਈਆਂ ਦਾ ਮਹੱਤਵ ਸਾਹਮਣੇ ਆਉਂਦਾ ਹੈ। ਅਸਲੀਅਤ ਇਹ ਹੈ ਕਿ ਇਸ ਸਥਿਤੀ ਵਿਚ ਵਧੀਆ ਡਾਕਟਰ ਅਤੇ ਉਚਿਤ ਦਵਾਈ ਦੀ ਉਪਲਬਧਤਾ ਹੀ ਤੁਹਾਨੂੰ ਬਚਾ ਸਕਦੀ ਹੈ।

ਜੇਕਰ ਡਾਕਟਰ ਅਤੇ ਦਵਾਈਆਂ ਦੇ ਮਿਸ਼ਰਣ ਉਪਰ ਧਿਆਨ ਦੇਈਏ ਤਾਂ ਬਹੁਤ ਮਹੱਤਵਪੂਰਨ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਪੁਰਾਣੇ ਸਮੇਂ ਵਿਚ (ਕਾਫ਼ੀ ਹੱਦ ਤੱਕ ਅੱਜ ਵੀ) ਡਾਕਟਰ ਇਹ ਨਹੀਂ ਦੱਸਦੇ ਸੀ ਕਿ ਇਸ ਮਰੀਜ਼ ਨੂੰ ਕਿਹੜੀ ਦਵਾਈ ਦੇ ਰਹੇ ਹਨ ਅਤੇ ਮਰੀਜ ਉਪਰ ਉਸਦੇ ਕਿਹੜੇ ਦੁਰਪ੍ਰਭਾਵ ਹੋ ਸਕਦੇ ਹਨ, ਕਿਉਂਕਿ ਆਮ ਆਦਮੀ ਨੂੰ ਇਸ ਦੇ ਸੰਬੰਧ ਵਿਚ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਨਹੀਂ ਸੀ। ਅੱਜ ਸਥਿਤੀ ਸ਼ਹਿਰਾਂ ਵਿਚ ਕਾਫ਼ੀ ਹੱਦ ਤੱਕ ਬਦਲ ਚੁੱਕੀ ਹੈ ਪਰੰਤੂ ਪਿੰਡਾਂ ਵਿਚ ਕੋਈ ਤਬਦੀਲੀ ਨਜ਼ਰ ਨਹੀਂ ਆਉਂਦੀ।

ਆਮ ਆਦਮੀ ਦੁਆਰਾ ਸਵੈ-ਇਲਾਜ -ਸਿਰ-ਦਰਦ, ਬਦਨ-ਦਰਦ, ਮਾਮੂਲੀ ਸੱਟ, ਖੰਘ, ਬੁਖਾਰ, ਉਲਟੀ, ਦਸਤ ਆਦਿ ਹੋਵੇ ਤੇ ਲੋਕ ਅਕਸਰ ਸਵੈ-ਇਲਾਜ ਕਰਦੇ ਹਨ ਅਤੇ 2-4 ਦਿਨ ਠੀਕ ਹੋਣ ਦਾ ਇੰਤਜਾਰ ਕਰਦੇ ਹਨ। ਪਰੰਤੂ ਜਦੋਂ ਬਿਮਾਰੀ ਵੱਧ ਜਾਂਦੀ ਹੈ ਤਾਂ ਡਾਕਟਰ ਕੋਲ ਜਾਣ ਲਈ ਤਿਆਰ ਹੋ ਜਾਂਦੇ ਹਨ। ਕਈ ਲੋਕ ਤਾਂ ਅਜਿਹੇ ਸਮੇਂ ਵਿਚ ਡਾਕਟਰ ਕੋਲ ਜਾਣ ਦੀ ਬਜਾਏ ਗੁਆਂਢੀਆਂ ਜਾਂ ਦੋਸਤਾਂ ਨਾਲ ਸਲਾਹ ਕਰਦੇ ਹਨ। ਫਿਰ 2-4 ਦਿਨ ਦੋਸਤਾਂ ਦੇ ਨੁਸਖੇ ਅਜਮਾਏ ਜਾਂਦੇ ਹਨ। ਜੇਕਰ ਫਿਰ ਵੀ ਬਿਮਾਰੀ ਠੀਕ ਨਾ ਹੋਵੇ ਅਤੇ ਬਿਸਤਰ ਉਪਰ ਪੈਣ ਵਾਲੀ ਨੌਬਤ ਆ ਜਾਵੇ ਤਾਂ ਮਜਬੂਰ ਹੋ ਕੇ ਡਾਕਟਰ ਕੋਲ ਜਾਣਾ ਪੈਂਦਾ ਹੈ। ਡਾਕਟਰ ਕੋਲ ਜਾਂਦੇ ਜਾਂਦੇ ਕਈ ਰੋਗ ਤਾਂ ਸੈਲਫ਼ ਹੀਲਿੰਗ ਪ੍ਰਕਿਰਿਆ ਦੇ ਕਾਰਨ ਖੁਦ ਹੀ ਸਮਾਪਤ ਹੋਣ ਵਾਲੇ ਹੁੰਦੇ ਹਨ। ਪਰੰਤੂ ਕਈ ਰੋਗ ਇੰਨੇ ਵੱਧ ਚੁੱਕੇ ਹੁੰਦੇ ਹਨ, ਜਿਹਨਾਂ ਨੂੰ ਸੰਭਾਲਣਾ ਡਾਕਟਰ ਦੇ ਲਈ ਵੀ ਮੁਸ਼ਕਲ ਹੋ ਜਾਂਦਾ ਹੈ। ਅੱਜਕੱਲ੍ਹ ਕਈ ਬਿਮਾਰੀਆ ਅਜਿਹੀਆਂ ਚਲ ਰਹੀਆਂ ਹਨ ਕਿ ਸਵੈ-ਇਲਾਜ ਸਮੇਂ ਵਿਚ ਹੀ ਵਿਅਕਤੀ ਦੀ ਜਾਨ ਲੈ ਲੈਂਦੀਆਂ ਹਨ। ਕਈ ਵਾਰ ਇਹ ਬਿਮਾਰੀਆਂ ਇੰਨੀ ਤੇਜੀ ਨਾਲ ਵਧਦੀਆਂ ਹਨ ਕਿ ਰੋਗੀ ਦੇ ਕੋਲ 1-2 ਦਿਨ ਵੀ ਨਹੀਂ ਹੁੰਦੇ। ਸੰਕਰਮਣ ਨਾਲ ਫੈਲਣ ਵਾਲੀਆਂ ਬਿਮਾਰੀਆਂ ਜਾਂ ਐਲਰਜੀ ਅਜਿਹੀਆਂ ਸਿਹਤ ਸਮੱਸਿਆਵਾਂ ਹਨ।

ਸਿਰਦਰਦ, ਸਰੀਰ ਦਰਦ, ਖੰਘ, ਬੁਖਾਰ, ਉਲਟੀ, ਦਸਤ ਆਦਿ ਆਪਣੇ ਆਪ ਵਿਚ ਕੋਈ ਰੋਗ ਨਹੀਂ ਹਨ, ਬਲਕਿ ਸਰੀਰ ਵਿਚ ਕਿਸੇ ਰੋਗ ਦੇ ਲੱਛਣ ਹਨ। ਲੱਛਣਾਂ ਨੂੰ ਦਬਾਉਣ ਨਾਲ ਰੋਗ ਖਤਮ ਨਹੀਂ ਹੁੰਦਾ, ਸਗੋਂ ਮੂਲ ਕਾਰਨ ਦਾ ਇਲਾਜ ਕਰਾਉਣਾ ਮਹੱਤਵਪੂਰਨ ਹੁੰਦਾ ਹੈ। ਬਿਨਾਂ ਲੋੜੀਂਦੀ ਜਾਣਕਾਰੀ ਦੇ ਸਵੈ-ਇਲਾਜ ਕਰਨਾ ਰਿਸਕ ਲੈਣਾ ਹੈ। ਦਰਦ ਵਿਚ ਅਸੀਂ ਅਕਸਰ ਖੁਦ ਹੀ ਦਰਦ-ਨਿਵਾਰਕ ਦਵਾਈਆਂ ਲੈ ਲੈਂਦੇ ਹਾਂ, ਜੋ ਠੀਕ ਨਹੀਂ ਹਨ।,

ਸਵੈ-ਇਲਾਜ ਦੇ ਖਤਰੇ - ਸਵੈ ਇਲਾਜ ਇਕ ਜੋਖਿਮ ਭਰਿਆ ਕੰਮ ਹੈ ਜੋ ਕਦੇ-ਕਦੇ ਜਾਨਲੇਵਾ ਵੀ ਸਬਿਤ ਹੋ ਸਕਦਾ ਹੈ। ਬੁਖਾਰ, ਉਲਟੀ, ਖੰਘ, ਜੁਕਾਮ, ਦਰਦ, ਦਸਤ ਆਦਿ ਸਮੱਸਿਆਵਾਂ ਹੋਣ 'ਤੇ ਅਕਸਰ ਲੋਕ ਖੁਦ ਹੀ ਮੈਡੀਕਲ ਸਟੋਰ ਤੋਂ ਦਵਾਈ ਲੈ ਕੇ ਇਲਾਜ ਸ਼ੁਰੂ ਕਰ ਦਿੰਦੇ ਹਨ। ਜ਼ਿਆਦਾਤਰ ਲੋਕ ਦਵਾਈ ਦੀ ਮਾਤਰਾ ਵੀ ਅਨੋਖੇ ਢੰਗ ਨਾਲ ਨਿਰਧਾਰਿਤ ਕਰਦੇ ਹਨ। ਕਦੇ ਗੋਲੀ ਖਾ ਲਈ, ਕਦੇ ਭੁੱਲ ਗਏ, ਥੋੜ੍ਹਾ ਜਿਹਾ ਫਾਇਦਾ ਲੱਗਿਆ ਤਾਂ ਗੋਲੀ ਖਾਣੀ ਛੱਡ ਦਿੱਤੀ ਅਤੇ ਨਾ ਲੱਗਿਆ ਤਾਂ ਖੁਰਾਕ ਦੁੱਗਣੀ ਕਰ ਦਿਤੀ। ਬੁਖਾਰ ਹੈ ਤਾਂ ਪੈਰਾਸਿਟਾਮੋਲ, ਖੰਘ ਹੈ ਤਾਂ ਕਦੇ ਈਂਟੀਬਾਇਓਟਿਕ ਅਤੇ ਕਦੇ ਐਂਟੀ-ਐਲਜਰਿਕ ਲੈ ਲਈ। ਬਿਮਾਰੀ ਦਾ ਕਾਰਣ ਭਾਵੇਂ ਕੋਈ ਵੀ ਹੋਵੇ ਪਰ ਦਵਾਈ ਫਿਕਸ ਹੁੰਦੀ ਹੈ। ਜਦਕਿ ਸੱਚਾਈ ਇਹ ਵੀ ਹੈ ਕਿ ਬੁਖਾਰ ਸਧਾਰਨ ਸਰਦੀ ਲੱਗਣ ਨਾਲ ਵੀ ਹੋ ਸਕਦਾ ਹੈ ਅਤੇ ਕੈਂਸਰ ਹੋਣ ਦੇ ਕਾਰਨ ਵੀ। ਇਸੇ ਤਰ੍ਹਾਂ ਦਰਦ ਵੀ ਅਨੇਕ ਕਾਰਨਾਂ ਕਰਕੇ ਹੋ ਸਕਦਾ ਹੈ। ਅਜਿਹੀ ਸਥਿਤੀ ਵਿਚ ਫਿਕਸ ਦਵਾਈ ਲੈਣਾ ਰਿਸਕੀ ਨਹੀਂ ਹੈ ਤਾਂ ਹੋਰ ਕੀ ਹੈ? ਐਲਰਜੀ ਅਤੇ ਇੰਨਫੈਕਸ਼ਨ ਅਜਿਹੀਆਂ ਬਿਮਾਰੀਆਂ ਹਨ ਜੋ ਮਿੰਟਾਂ ਅਤੇ ਘੰਟਿਆਂ ਦੀ ਰਫ਼ਤਾਰ ਨਾਲ ਵਧਦੀਆਂ ਹਨ ਅਤੇ ਮਿੰਟਾ ਅਤੇ

ਘੰਟਿਆਂ ਵਿਚ ਹੀ ਜੇਕਰ ਇਸਦਾ ਇਲਾਜ ਨਹੀਂ ਹੁੰਦਾ ਤਾਂ ਇਹ ਜਾਨਲੇਵਾ ਸਿੱਧ ਹੋ ਸਕਦੀਆਂ ਹਨ। ਐਂਟੀ ਬਾਇਓਟਿਕ ਅਤੇ ਪੇਨ ਕਿਲਰ ਦੋ ਅਜਿਹੀਆਂ ਦਵਾਈਆਂ ਹਨ ਜਿਹਨਾਂ ਨੂੰ ਆਦਮੀ ਅਨੇਕ ਬਿਮਾਰੀਆਂ ਵਿਚ ਬਿਨਾਂ ਸੋਚੇ-ਸਮਝੇ ਖਾ ਲੈਂਦਾ ਹੈ। ਕੁਝ ਐਂਟੀਬਾਇਓਟਿਕ ਸਰੀਰ ਵਿਚ ਰਿਐਕਸ਼ਨ ਅਤੇ ਐਲਰਜੀ ਦਾ ਕਾਰਣ ਬਣਦੀਆਂ ਹਨ ਅਤੇ ਗੁਰਦਿਆਂ ਅਤੇ ਲੀਵਰ ਉਪਰ ਵਾਧੂ ਬੋਝ ਪਾਉਂਦੀਆਂ ਹਨ। ਦਰਦ ਹੋਣ ’ਤੇ ਜਾਣਕਾਰੀ ਦੀ ਘਾਟ ਕਾਰਨ ਪ੍ਰਭਾਵੀ ਦਵਾਈ ਦੇ ਚੱਕਰ ਵਿਚ ਸਟੀਰਾਯਡ ਡਰੱਗਜ ਦਾ ਇਸਤੇਮਾਲ ਕਰਦੇ ਹਨ ਜੋ ਅੱਗੇ ਚੱਲ ਕੇ ਹੱਡੀਆਂ ਦੇ ਖੋਖਲੇਪਣ ਦਾ ਕਾਰਣ ਬਣਦੇ ਹਨ।

ਦਵਾਈਆਂ ਦੀ ਗਲਤ ਢੰਗ ਨਾਲ ਵਰਤੋਂ ਅਤੇ ਸਾਈਡ ਇਫੈਕਟ - ਦਵਾਈਆਂ ਦਾ ਸਹੀ ਪ੍ਰਯੋਗ ਜਿਥੇ ਜੀਵਨਦਾਇਕ ਸਿੱਧ ਹੁੰਦਾ ਹੈ, ਉਥੇ ਦਵਾਈਆਂ ਦਾ ਗਲਤ ਪ੍ਰਯੋਗ ਖਤਰਨਾਕ ਦੁਰਪ੍ਰਭਾਵ ਜਾਂ ਮੌਤ ਦਾ ਕਾਰਨ ਵੀ ਬਣ ਸਕਦਾ ਹੈ। ਆਮ ਤੌਰ ’ਤੇ ਦਵਾਈਆਂ ਦਾ ਵਿਕਾਸ ਰੋਗਾਂ ਨੂੰ ਦੂਰ ਕਰਨ ਲਈ ਕੀਤਾ ਜਾਂਦਾ ਹੈ, ਪਰੰਤੂ ਕੁਝ ਲੋਕ ਇਹਨਾਂ ਦਾ ਦੁਰਉਪਯੋਗ ਕਰਕੇ ਬੀਮਾਰੀ ਨੂੰ ਦੂਰ ਕਰਨ ਦੀ ਬਜਾਏ ਬੀਮਾਰੀਆਂ ਪਾਲ ਲੈਂਦੇ ਹਨ। ਇਸ ਦੁਰਉਪਯੋਗ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ, ਸਰਕਾਰ ਨੇ ਕਈ ਕਾਨੂੰਨ ਬਣਾਏ ਹਨ। ਪਰੰਤੂ ਇਸ ਦੀ ਠੀਕ ਢੰਗ ਨਾਲ ਪਾਲਣਾ ਕਰਨ ਦੀ ਬਜਾਏ ਇਸਦਾ ਦੁਰਉਪਯੋਗ ਜਾਰੀ ਰਹਿੰਦਾ ਹੈ ਅਤੇ ਹਜ਼ਾਰਾਂ ਲੋਕ ਨਵੀਂ-2 ਬਿਮਾਰੀਆਂ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਦਵਾਈਆਂ ਦੇ ਇਸ ਦੁਰਉਪਯੋਗ ਵਿਚ ਉਨ੍ਹਾਂ ਵਿਚ ਉਨ੍ਹਾਂ ਮੈਡੀਕਲ ਸਟੋਰਾਂ ਦਾ ਹੱਥ ਹੁੰਦਾ ਹੈ, ਜੋ ਸਬਸਕ੍ਰਿਪਸ਼ਨ ਵਾਲੀਆਂ ਦਵਾਈਆਂ ਨੂੰ ਬਿਨਾਂ ਸਬਸਕਿਪਸ਼ਨ ਦੇ ਲੋਕਾਂ ਨੂੰ ਵੇਚਦੇ ਹਨ। ਜ਼ਿਆਦਾਤਰ ਦੁਰਉਪਯੋਗ ਕੀਤੀਆਂ ਜਾਣ ਵਾਲੀਆਂ ਕਈ ਦਵਾਈਆਂ ਹਨ। 4 ਜਾਂ ਨਾਮਕ ਇਹ ਦਵਾਈ ਖੰਘ ਨੂੰ ਠੀਕ ਕਰਨ ਦਾ ਗੁਣ ਰੱਖਦੀ ਹੈ। ਇਸ ਦੀ ਅਧਿਕ ਮਾਤਰਾ ਕਾਰਨ ਸੋਚਣ-ਸਮਝਣ ਦੀ ਸ਼ਕਤੀ ਵਿਚ ਕਮੀ, ਨਜ਼ਰ ਵਿਚ ਧੁੰਦਲਾਪਣ, ਚੱਕਰ ਆਉਣਾ, ਜ਼ਿਆਦਾ ਪਸੀਨਾ ਆਉਣਾ, ਪੇਟ ਦਰਦ ਆਦਿ ਦੁਰਪ੍ਰਭਾਵ ਪੈਂਦੇ ਹਨ।

**ਝੋਲਾ ਛਾਪ ਡਾਕਟਰ ਅਤੇ ਤੁਹਾਡੀ ਸਿਹਤ** - ਝੋਲਾ ਛਾਪ ਡਾਕਟਰ ਕਿਸੇ ਯਮਰਾਜ ਤੋਂ ਘੱਟ ਨਹੀਂ ਹੁੰਦੇ। ਇਕ ਵਾਰ ਤੁਸੀਂ ਉਹਨਾਂ ਦੇ ਚੁੰਗਲ ਵਿਚ ਫਸ ਗਏ ਤਾਂ ਅੱਜ ਹੀ ਨਹੀਂ ਤਾਂ ਕੱਲ੍ਹ ਤੁਹਾਨੂੰ ਬੇਵਕਤ ਮੌਤ ਦੇ ਮੂੰਹ ਵਿਚ ਜਾਣਾ ਪਵੇਗਾ। ਆਮ ਆਦਮੀ ਕਿਉਂ ਇਹਨਾਂ ਦੇ ਚੁੰਗਲ ਵਿਚ ਫਸਦਾ ਹੈ, ਇਸਦੇ ਕੁਝ ਕਾਰਨ ਹਨ, ਜਿਵੇਂ ਸਸਤੇ ਇਲਾਜ ਦੀ ਭਾਲ, ਇਹਨਾਂ ਦੁਆਰਾ ਬੁਣੇ ਗਏ ਸ਼ਬਦ-ਜਾਲ ਅਤੇ ਬਹੁਤ ਜਲਦੀ ਹਰੇਕ ਬਿਮਾਰੀ ਦਾ ਇਲਾਜ ਕਰਨ ਦਾ ਦਾਵਾ,

ਆਖਿਰ ਕੀ ਰਾਜ ਹੈ, ਇਨ੍ਹਾਂ ਝੋਲਾ ਛਾਪ ਡਾਕਟਰਾਂ ਦੀ ਇਲਾਜ ਪੱਧਤੀ ਦਾ ਅਤੇ ਕਿਹੜੀ ਇਲਾਜ ਪੱਧਤੀ ਨਾਲ ਇਹ ਲੋਕ ਇਲਾਜ ਕਰਦੇ ਹਨ? ਆਓ, ਦੇਖਦੇ ਹਾਂ ਇਹਨਾਂ ਦੇ ਕੰਮ ਕਰਨ ਦੀ ਇਕ ਝਲਕ। ਇਹ ਡਾਕਟਰ ਮਰੀਜ਼ ਨੂੰ ਤੁਰੰਤ ਆਰਾਮ ਦੇ ਕੇ ਮਰੀਜ਼ ਨੂੰ ਪਹਿਲੀ ਹੀ ਮੁਲਾਕਾਤ ਵਿਚ ਆਪਣੇ ਹੁਨਰ ਦਾ ਕਾਇਲ ਬਣਾ ਦਿੰਦੇ ਹਨ। ਤੁਰੰਤ ਆਰਾਮ ਦੇ ਲਈ ਵਾਧੂ ਡੋਜ਼ ਤੋਂ ਲੈ ਕੇ ਸਟੀਰਾਯਡ ਅਤੇ ਹਾਰਮੋਨ ਦਾ ਇਸਤੇਮਾਲ ਕਰਨ ਤੋਂ ਵੀ ਨਹੀਂ ਝਿਜਕਦੇ, ਭਾਵੇਂ ਮਰੀਜ ਦਾ ਸਰੀਰ ਖੋਖਲਾ ਹੋ ਜਾਵੇ। ਦਰਦ ਅਤੇ ਦਰਦ ਨਾਲ ਸੰਬੰਧਿਤ ਹੋਰ ਬਿਮਾਰੀਆਂ ਵਿਚ ਇਹ ਅਕਸਰ ਸਟੀਰਾਯਡ ਦਾ ਇਸਤੇਮਾਲ ਕਰਦੇ ਹਨ ਜੇ ਲੰਬੇ ਸਮੇਂ ਤਕ ਖਾਣ ਨਾਲ ਮਰੀਜ ਦੀਆਂ ਹੱਡੀਆਂ ਨੂੰ ਖੋਖਲਾ ਕਰ ਜਾਨਲੇਵਾ ਸਿੱਧ ਹੁੰਦੇ ਹਨ।

**ਟੈਸਟ ਐਨੀਮਲ ਬਣਨ ਤੋਂ ਬਚੋ** - ਜਦੋਂ ਵੀ ਕੋਈ ਨਵੀਂ ਦਵਾਈ ਵਿਕਸਿਤ ਕੀਤੀ ਜਾਂਦੀ ਹੈ ਤਾਂ ਉਸਦੇ ਪ੍ਰਭਾਵ ਨੂੰ ਪਤਾ ਕਰਨ ਲਈ ਕੀੜੇ-ਮਕੌੜਿਆਂ ਅਤੇ ਜਾਨਵਰਾਂ ਉਪਰ ਉਸਦਾ ਪ੍ਰਯੋਗ ਕੀਤਾ ਜਾਂਦਾ ਹੈ। ਸਫਲ ਪ੍ਰਯੋਗ ਤੋਂ ਬਾਅਦ ਹੀ ਅੰਤਿਮ ਚਰਨ ਵਿਚ ਇਸਦਾ ਪ੍ਰਯੋਗ ਮਨੁੱਖਾਂ ਉਪਰ ਕੀਤਾ ਹੈ। ਜੇਕਰ ਸੱਚੇ ਅਰਥਾਂ ਵਿਚ ਦੇਖਿਆ ਜਾਵੇ ਤਾਂ ਪ੍ਰਯੋਗ ਦੇ ਆਖਰੀ ਚਰਨ ਵਿਚ ਵੀ ਜਿਹਨਾਂ ਲੋਕਾਂ ਉਪਰ ਇਸਦਾ ਪ੍ਰਯੋਗ ਕੀਤਾ ਜਾਂਦਾ ਹੈ, ਉਨ੍ਹਾਂ ਲੋਕਾਂ ਨੂੰ ਵੀ ਜਾਨਵਰਾਂ ਤੋਂ ਘੱਟ ਨਹੀਂ ਸਮਝਿਆ ਜਾਂਦਾ। ਭਾਵੇਂ ਮਨੁੱਖਾਂ ਦੀ ਅਤੇ ਕਈ ਜਾਨਵਰਾਂ ਦੀ ਸਰੀਰਕ ਸੰਰਚਨਾ ਕਾਫੀ ਹੱਦ ਤਕ ਸਮਾਨ ਹੁੰਦੀ ਹੈ, ਫਿਰ ਵੀ ਕਿਤੇ ਨਾ ਕਿਤੇ ਭਿੰਨਤਾ ਮੌਜੂਦ ਹੁੰਦੀ ਹੈ। ਭਿੰਨਤਾ ਦਾ ਇਹ ਅੰਤਰ ਹੀ ਰਿਸਕ ਜੋਨ ਹੁੰਦਾ ਹੈ ਅਤੇ ਜਿਸ ਵਿਅਕਤੀ ਉਪਰ ਇਸ ਦਵਾਈ ਦਾ ਪ੍ਰਯੋਗ ਹੋਵੇਗਾ, ਉਹ ਇਸ ਰਿਸਕ ਦਾ ਸ਼ਿਕਾਰ ਬਣ ਸਕਦਾ ਹੈ। ਨਵੀਆਂ ਦਵਾਈਆਂ ਭਾਵੇਂ ਇਕ ਕ੍ਰਮਬੱਧ ਪ੍ਰਣਾਲੀ ਵਿਚੋਂ ਗੁਜਾਰ ਕੇ ਬਜ਼ਾਰ ਵਿਚ ਉਤਾਰੀਆਂ ਜਾਂਦੀਆਂ ਹਨ ਪਰ ਸਰੀਰਕ ਭਿੰਨਤਾਵਾਂ ਅਤੇ ਤਕਨੀਕੀ ਕਾਰਨਾਂ ਦੇ ਰਹਿੰਦੇ ਦਵਾਈਆਂ ਦੇ ਅਨੇਕ ਸੰਭਾਵਿਤ ਹਾਨੀਕਾਰਕ ਪ੍ਰਭਾਵ ਛੁਪੇ ਰਹਿ ਸਕਦੇ ਹਨ, ਜੋ ਮਨੁੱਖਾਂ ਉਪਰ ਵਾਸਤਵਿਕ ਪ੍ਰਯੋਗ ਦੇ ਬਾਅਦ ਹੀ ਸਾਹਮਣੇ ਆਉਂਦੇ ਹਨ। ਇਹਨਾ ਤੱਥਾਂ ਦੇ ਸਬੰਧ ਵਿਚ ਜਿਥੋਂ ਤਕ ਸੰਭਵ ਹੋ ਸਕੇ, ਆਪਣੇ ਡਾਕਟਰ ਦੁਆਰਾ ਦਵਾਈ ਲਿਖਣ ਦੇ ਸਮੇਂ ਨਿਸ਼ਚਿਤ ਕਰ ਲਵੋ ਕਿ ਦਵਾਈ ਪਹਿਲੀ ਵਾਰ ਬਾਜਾਰ ਵਿਚ ਤਾਂ ਨਹੀਂ ਆਈ। ਦਵਾਈ ਦਾ ਕੋਈ ਵਿਕਲਪ ਨਾ ਹੋਵੇ ਤਾਂ ਮਜਬੂਰੀ ਹੈ, ਨਹੀਂ ਤਾਂ ਬਦਲਵੀ ਦਵਾਈ ਲਿਖਣ ਲਈ ਕਹੋ।

**ਮੂਲ ਲੇਖਿਕਾ : ਨਿਧੀ ਦੂਬੇ**
**ਅਨੁਵਾਦ ਕਰਤਾ : ਅਕਾਸ਼ਦੀਪ ਬੇਗਮਪੁਰੀ**

## ਹਰ ਤਰਕਸ਼ੀਲ ਲਈ ਵੇਖਣਯੋਗ ਸਥਾਨ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ

ਕੀ ਤੁਸੀਂ ਆਪਣੇ ਪਰਿਵਾਰ ਨੂੰ ਸਾਇੰਸ ਸਿਟੀ ਦਿਖਾਇਆ ਹੈ, ਜੇ ਨਹੀਂ ਤਾਂ ਜ਼ਰੂਰ ਦਿਖਾਓ, ਕਿਉਂਕਿ ਵਿਗਿਆਨਕ ਸੋਚ ਲਈ ਇਹ ਬਹੁਤ ਜ਼ਰੂਰੀ ਹੈ ਇਸ ਨੂੰ ਵੇਖਣ ਲਈ ਪੂਰਾ ਦਿਨ ਚਾਹੀਦਾ ਹੈ। ਸਾਇੰਸ ਸਿਟੀ ਸਵੇਰੇ 9 ਤੋਂ ਸ਼ਾਮੀ ਪੰਜ ਵਜੇ 365 ਦਿਨ ਖੁੱਲ੍ਹਾ ਰਹਿੰਦਾ ਹੈ।

# ਹੁਣ ਰੇਸ਼ਮਾ ਵਿਚਾਰੀ ਕੀ ਕਰੇ?

## (ਸੱਚੀ ਘਟਨਾ ਉੱਤੇ ਆਧਾਰਿਤ - ਸਹਾਰਾ ਘਰ ਵਿਚ ਨਾਬਾਲਗ ਬੱਚੀਆਂ ਨਾਲ ਬਲਾਤਕਾਰ)

"ਮੈਂ ਚੌਥੀ ਜਮਾਤ ਵਿਚ ਪੜ੍ਹਦੀ ਹਾਂ। ਮੇਰਾ ਨਾਂ ਰੇਸ਼ਮਾ ਹੈ। ਮੈਂ ਗੁੜਗਾਓਂ ਵਿਚ ਇਕ ਬਹੁਤ ਵੱਡੀ ਕਲੋਨੀ ਦੇ ਇਕ ਪਾਸੇ ਨਿੱਕੇ ਜਿਹੇ ਘਰ ਦੇ ਇਕ ਕਮਰੇ ਵਿਚ ਰਹਿੰਦੀ ਹਾਂ। ਮੇਰੇ ਨਾਲ ਤੇਈ ਹੋਰ ਵੀ ਨਿੱਕੀਆਂ ਨਿੱਕੀਆਂ ਬੱਚੀਆਂ ਇਸੇ ਕਮਰੇ ਵਿਚ ਰਹਿ ਰਹੀਆਂ ਹਨ। ਮੈਨੂੰ ਦੱਸਿਆ ਗਿਆ ਸੀ ਕਿ ਜਦੋਂ ਮੈਂ ਜੰਮੀ ਸੀ ਤਾਂ ਪੈਦਾ ਹੋਣ ਤੋਂ ਕੁੱਝ ਘੰਟਿਆਂ ਬਾਅਦ ਮੇਰੇ ਪਾਪਾ ਮੈਨੂੰ ਇੱਥੇ ਛੱਡ ਗਏ ਸਨ ਕਿਉਂਕਿ ਮੇਰੀ ਉਸ ਘਰ ਵਿਚ ਲੋੜ ਨਹੀਂ ਸੀ।

ਮੈਨੂੰ ਇਹ ਵੀ ਦੱਸਿਆ ਗਿਆ ਕਿ ਮੈਂ ਉਸ ਵੇਲੇ ਗੋਰੀ ਚਿੱਟੀ, ਰੇਸ਼ਮ ਵਰਗੀ ਕੂਲੀ ਕੂਲੀ ਸੀ, ਇਸੇ ਲਈ ਇੱਥੇ ਰਹਿੰਦੀ ਆਂਟੀ ਨੇ ਮੇਰਾ ਨਾਂ ਰੇਸ਼ਮਾ ਰਖ ਦਿੱਤਾ ਸੀ। ਕਈ ਲੋਕ ਵੱਡੀਆਂ ਵੱਡੀਆਂ ਕਾਰਾਂ ਵਿਚ ਬਹੁਤ ਸੋਹਣੇ ਕਪੜੇ ਪਾ ਕੇ ਸਾਡੇ ਸਹਾਰਾ ਘਰ ਵਿਚ ਆਉਂਦੇ ਰਹਿੰਦੇ ਸਨ। ਉਹ ਸਾਨੂੰ ਸਾਰਿਆਂ ਨੂੰ ਕਦੇ ਕਦੇ ਟਾਫੀਆਂ ਤੇ ਸੋਹਣੇ ਕਪੜੇ ਵੀ ਦੇ ਜਾਂਦੇ ਸਨ। ਪਰ, ਉਨ੍ਹਾਂ ਦੇ ਜਾਂਦੇ ਸਾਰ ਸਾਡੀ ਆਂਟੀ ਉਹ ਸਾਰੇ ਕਪੜੇ ਵਾਪਸ ਖੋਹ ਲੈਂਦੀ ਸੀ ਤੇ ਅਸੀਂ ਫੇਰ ਉਹੀ ਪਾਟੇ ਕਪੜੇ ਪਾ ਲੈਂਦੇ ਸੀ।

ਜਦੋਂ ਸਕੂਲ ਜਾਣਾ ਹੁੰਦਾ ਸੀ ਉਦੋਂ ਹੀ ਸਕੂਲ ਦੀ ਵਰਦੀ ਮਿਲਦੀ ਸੀ। ਸਾਡੀ ਆਂਟੀ ਕਹਿੰਦੀ ਸੀ ਕਿ ਉਹ ਸੋਹਣੇ ਕਪੜੇ ਅਸੀਂ ਪਾ ਕੇ ਮੈਲੇ ਕਰ ਦਿਆਂਗੇ, ਇਸ ਲਈ ਵੱਡੇ ਹੋ ਜਾਣ ਉੱਤੇ ਸਾਨੂੰ ਮਿਲਣਗੇ। ਆਂਟੀ ਨੇ ਇਹ ਵੀ ਦੱਸਿਆ ਸੀ ਕਿ ਜੇ ਅਸੀਂ ਪਾਟੇ ਹੋਏ ਕਪੜੇ ਪਾਈ ਰੱਖਾਂਗੇ ਤਾਂ ਢੇਰ ਸਾਰੇ ਹੋਰ ਲੋਕ ਸੋਹਣੀਆਂ ਵੱਡੀਆਂ ਵੱਡੀਆਂ ਕਾਰਾਂ ਵਿਚ ਆਉਂਦੇ ਰਹਿਣਗੇ ਤੇ ਇਸ ਘਰ ਨੂੰ ਬਹੁਤ ਸਾਰੇ ਪੈਸੇ ਵੀ ਦੇ ਦੇਣਗੇ। ਫੇਰ ਸਾਡੇ ਸਾਰਿਆਂ ਲਈ ਅਲੱਗ ਅਲੱਗ ਕਮਰਾ ਹੋ ਜਾਏਗਾ ਤੇ ਬਹੁਤ ਸੁਆਦੀ ਆਈਸਕ੍ਰੀਮ ਵੀ ਮਿਲਿਆ ਕਰੇਗੀ।

ਮੈਂ ਆਈਸਕ੍ਰੀਮ ਕਦੇ ਨਹੀਂ ਖਾਧੀ। ਮੇਰੇ ਸਕੂਲ ਵਿਚ ਪੜ੍ਹਦੀ ਇਕ ਸਹੇਲੀ ਨੇ ਦੱਸਿਆ ਸੀ ਕਿ ਉਹ ਬਹੁਤ ਸੁਆਦੀ ਠੰਡੀ ਠੰਡੀ ਖਾਣ ਵਾਲੀ ਚੀਜ਼ ਹੁੰਦੀ ਹੈ।

ਸਾਡੀ ਆਂਟੀ ਦਾ ਬੇਟਾ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਦਾ। ਉਹ ਰੋਜ਼ ਰਾਤ ਨੂੰ ਸਾਡੇ ਕਮਰੇ ਵਿਚ ਆਉਂਦਾ ਰਹਿੰਦਾ ਸੀ ਤੇ ਸਾਡੇ ਸਾਰਿਆਂ ਦੇ ਕਪੜੇ ਲੁਹਾ ਕੇ, ਲਿਟਾ ਕੇ ਤਸਵੀਰਾਂ ਖਿੱਚਦਾ ਰਹਿੰਦਾ ਸੀ।

ਪਿਛਲੇ ਇਕ ਸਾਲ ਤੋਂ ਉਹ ਸਾਨੂੰ ਅੱਠ ਜਣੀਆਂ ਨੂੰ ਬਹੁਤ ਮਾਰਨ ਲਗ ਪਿਆ ਸੀ। ਉਹ ਕਹਿੰਦਾ ਸੀ ਕਿ ਉਸ ਕੋਲ ਏਡਜ਼ ਹੈ ਤੇ ਉਹ ਸਾਨੂੰ ਸਾਰਿਆਂ ਨੂੰ ਦੇਵੇਗਾ। ਪਤਾ ਨਹੀਂ ਏਡਜ਼ ਕੀ ਹੁੰਦੀ ਹੈ? ਪਤਾ ਨਹੀਂ ਉਹ ਸਾਨੂੰ ਕਦੋਂ ਦੇਵੇਗਾ?

ਜਦੋਂ ਉਹ ਰੋਜ਼ ਰਾਤ ਸਾਡੇ ਕਮਰੇ ਵਿਚ ਆਉਂਦਾ ਸੀ ਤਾਂ ਸਾਨੂੰ ਥੱਲੇ ਲਿਟਾ ਕੇ ਉੱਤੇ ਚੜ੍ਹਦਾ ਰਹਿੰਦਾ ਸੀ ਤੇ ਬਹੁਤ ਜ਼ਿਆਦਾ ਪੀੜ ਕਰਦਾ ਸੀ। ਚੀਕ ਮਾਰਨ ਨਹੀਂ ਦਿੰਦਾ ਸੀ। ਸਾਡਾ ਮੂੰਹ ਆਪਣੇ ਹੱਥ ਨਾਲ ਘੁਟ ਕੇ ਬੰਦ ਕਰ ਦਿੰਦਾ ਸੀ। ਉਦੋਂ ਸਾਡੇ ਕਮਰੇ ਨੂੰ ਆਂਟੀ ਬਾਹਰੋਂ ਕੁੰਡਾ ਲਾ ਦਿੰਦੀ ਸੀ। ਮੈਨੂੰ ਤਾਂ ਸੂਸੂ ਕਰਨ ਲੱਗਿਆਂ ਬਹੁਤ ਜ਼ਿਆਦਾ ਪੀੜ ਹੁੰਦੀ ਸੀ ਤੇ ਖ਼ੂਨ ਵੀ ਪੈਂਦਾ ਸੀ ਪਰ ਮੈਨੂੰ ਕੋਈ ਡਾਕਟਰ ਕੋਲ ਨਹੀਂ ਸੀ ਲੈ ਕੇ ਜਾਂਦਾ। ਮੇਰੀਆਂ ਹੋਰ ਵੀ ਅੱਠ ਸਹੇਲੀਆਂ ਦੀ ਇਹੀ ਹਾਲਤ ਸੀ। ਦੋ ਨੂੰ ਤਾਂ ਤੇਜ਼ ਬੁਖ਼ਾਰ ਵੀ ਹੋਣ ਲੱਗ ਪਿਆ ਸੀ।


ਡਾ: ਹਰਸ਼ਿੰਦਰ ਕੌਰ, ਐਮ ਡੀ,
ਬੱਚਿਆਂ ਦੀ ਮਾਹਿਰ,
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ: 0175-2216783


ਮੈਨੂੰ ਪਿਛਲੇ ਹਫਤੇ ਮੇਰੀ ਸਕੂਲ ਦੀ ਟੀਚਰ ਨੇ ਇਸ ਬਾਰੇ ਪੁੱਛਿਆ ਤਾਂ ਮੈਨੂੰ ਬਹੁਤ ਡਰ ਲੱਗਿਆ ਕਿ ਹੁਣ ਮੈਨੂੰ ਕੁੱਟ ਪਵੇਗੀ। ਫੇਰ ਮੈਡਮ ਨੇ ਚਾਕਲੇਟ ਦਿੱਤੀ ਕਿ ਉਹ ਮੈਨੂੰ ਕੁੱਟੇਗੀ ਨਹੀਂ। ਚਾਕਲੇਟ ਬਹੁਤ ਸੁਆਦੀ ਸੀ। ਮੈਨੂੰ ਮੈਡਮ ਨੇ ਗੋਦੀ ਵਿਚ ਵੀ ਬਿਠਾਇਆ। ਮੈਨੂੰ ਬਹੁਤ ਚੰਗਾ ਲੱਗਿਆ। ਕਿਸੇ ਨੇ ਮੈਨੂੰ ਹਾਲੇ ਤਕ ਗੋਦੀ ਵਿਚ ਬਿਠਾਇਆ ਹੀ ਨਹੀਂ ਸੀ।

ਫੇਰ ਮੈਂ ਮੈਡਮ ਨੂੰ ਦਸ ਦਿੱਤਾ ਕਿ ਸਾਡਾ 18 ਸਾਲ ਦਾ ਕੁੱਕ ਰਾਜੂ ਵੀ ਸਾਨੂੰ ਉਦੋਂ ਤਕ ਰੋਟੀ ਨਹੀਂ ਖਾਣ ਲਈ ਦਿੰਦਾ ਜਦੋਂ ਤਕ ਉਹ ਸਾਡੇ ਕਪੜੇ ਲੁਹਾ ਕੇ ਸਾਨੂੰ ਬਹੁਤ ਜ਼ਿਆਦਾ ਪੀੜ ਨਹੀਂ ਕਰਦਾ। ਮੇਰੀਆਂ ਲੱਤਾਂ ਤੇ ਢਿੱਡ ਵਿਚ ਬਹੁਤ, ਬਹੁਤ, ਬਹੁਤ ਜ਼ਿਆਦਾ ਪੀੜ ਹੁੰਦੀ ਸੀ। ਫੇਰ ਕਦੇ ਕਦੇ ਰੋਟੀ ਵੀ ਨਹੀਂ ਠੀਕ ਤਰ੍ਹਾਂ ਖਾਧੀ ਜਾਂਦੀ ਸੀ। ਪਰ, ਭੁੱਖ ਬਹੁਤ ਲੱਗੀ ਹੁੰਦੀ ਸੀ ਇਸ ਲਈ ਖਾਣੀ ਪੈਂਦੀ ਸੀ। ਮੈਂ ਤਾਂ ਇਕ ਰਾਤ ਪੀੜ ਤੋਂ ਡਰਦੀ ਮਾਰੀ ਨੇ



ਰੋਟੀ ਵੀ ਨਹੀਂ ਸੀ ਖਾਧੀ ਕਿ ਸ਼ਾਇਦ ਇੰਜ ਉਹ ਕੁੱਕ ਮੈਨੂੰ ਛੱਡ ਦੇਵੇਗਾ ਪਰ ਉਸਨੇ ਫੇਰ ਵੀ ਨਹੀਂ ਛੱਡਿਆ। ਸਾਰੀ ਰਾਤ ਭੁੱਖੀ ਰਹਿ ਕੇ ਮੈਂ ਉਸ ਦਿਨ ਬਹੁਤ ਰੋਈ ਸੀ। ਉਸ ਦਿਨ ਮੈਂ ਮੰਮੀ ਪਾਪਾ ਨੂੰ ਯਾਦ ਕੀਤਾ ਸੀ ਕਿ ਉਹ ਮੈਨੂੰ ਇੱਥੇ ਕਿਉਂ ਛਡ ਕੇ ਗਏ। ਮੈਂ ਉਨ੍ਹਾਂ ਨੂੰ ਮਿਲ ਕੇ ਇਸ ਬਾਰੇ ਇਕ ਵਾਰ ਪੁੱਛਣਾ ਜ਼ਰੂਰ ਹੈ।

ਪਰਸੋਂ ਸਾਡੇ ਘਰ ਬਹੁਤ ਸਾਰੇ ਫੋਟੋ ਖਿੱਚਣ ਵਾਲੇ ਤੇ ਪੁਲਿਸ ਦੇ ਬੰਦੇ ਆਏ ਸੀ। ਉਹ ਸਾਡੇ ਘਰੋਂ ਸਾਨੂੰ ਸਾਰੀਆਂ ਕੁੜੀਆਂ ਨੂੰ ਨਾਲ ਲੈ ਗਏ। ਸਾਡੀ ਆਂਟੀ, ਉਸਦਾ ਬੇਟਾ ਤੇ ਕੁੱਕ ਰਾਜੂ ਨੂੰ ਵੀ ਪੁਲਿਸ ਜੀਪ ਵਿਚ ਬਿਠਾ ਕੇ ਲੈ ਗਏ। ਅਸੀਂ ਸਾਰੀਆਂ ਬਹੁਤ ਡਰ ਗਈਆਂ ਸੀ ਤੇ ਇਕ ਦੂਜੇ ਦਾ ਹੱਥ ਘੁਟ ਕੇ ਫੜ ਲਿਆ ਸੀ। ਪਤਾ ਨਹੀਂ ਸਾਡੇ ਕੋਲੋਂ ਕੀ ਗ਼ਲਤੀ ਹੋ ਗਈ ਸੀ ਕਿ ਪੁਲਿਸ ਆ ਗਈ ਸੀ?

ਉਸਦੋਂ ਬਾਅਦ ਸਾਨੂੰ ਹਸਪਤਾਲ ਵੀ ਲਿਜਾਇਆ ਗਿਆ ਤੇ ਡਾਕਟਰ ਅੰਕਲ ਨੇ ਸਾਨੂੰ ਚੈੱਕ ਵੀ ਕੀਤਾ, ਦਵਾਈਆਂ ਵੀ ਦਿੱਤੀਆਂ ਤੇ ਲਹੂ ਦੇ ਸੈਂਪਲ ਵੀ ਲਏ। ਹੁਣ, ਅੱਜ ਉਸ ਡਾਕਟਰ ਅੰਕਲ ਨੇ ਸਾਰਿਆਂ ਨੂੰ ਦੱਸਿਆ ਕਿ ਸਾਨੂੰ ਏਡਜ਼ ਹੋ ਗਈ ਹੈ। ਉਸ ਸਹਾਰਾ ਘਰ ਦੀ ਆਂਟੀ ਦੇ ਬੇਟੇ ਨੇ ਸਾਨੂੰ ਦਿੱਤੀ ਹੈ। ਪਤਾ ਨਹੀਂ ਇਹ ਕੀ ਹੁੰਦੀ ਹੈ ਤੇ ਕਿਵੇਂ ਦਿੱਤੀ ਹੈ। ਮੈਂ ਤਾਂ ਕਦੇ ਕੋਈ ਚੀਜ਼ ਉਸ ਕੋਲੋਂ ਹੱਥ ਵਿਚ ਫੜੀ ਵੀ ਨਹੀਂ। ਉਹ ਤਾਂ ਕਦੇ ਵੀ ਕੋਈ ਚੀਜ਼ ਸਾਨੂੰ ਦਿੰਦਾ ਹੀ ਨਹੀਂ ਸੀ। ਸਿਰਫ਼ ਮਾਰਦਾ ਹੀ ਸੀ ਤੇ ਪੀੜ ਕਰਦਾ ਸੀ।

ਮੈਨੂੰ ਡਾਕਟਰ ਅੰਕਲ ਨੇ ਅੱਜ ਗੋਦੀ ਵਿਚ ਚੁੱਕਿਆ ਤੇ ਸਿਰ ਉੱਤੇ ਹੱਥ ਫੇਰ ਕੇ ਮੋਢੇ ਨਾਲ ਲਾਇਆ। ਮੈਨੂੰ ਬੜਾ ਚੰਗਾ ਲੱਗਿਆ। ਫੇਰ ਡਾਕਟਰ ਅੰਕਲ ਨੇ ਨਰਸ ਆਂਟੀ ਨੂੰ ਮੇਰੀ ਕਹਾਣੀ ਸੁਣਾ ਕੇ ਦੱਸਿਆ ਕਿ ਮੈਨੂੰ ਏਡਜ਼ ਹੈ ਤਾਂ ਉਹ ਰੋ ਪਈ। ਉਹ ਮੈਨੂੰ ਗੋਦੀ ਵਿਚ ਚੁੱਕ ਕੇ ਆਪਣੇ ਕਮਰੇ ਵਿਚ ਲੈ ਗਈ। ਫੇਰ ਉਸਨੇ ਮੈਨੂੰ ਕਿਹਾ ਕਿ ਮੈਂ ਬਿਲਕੁਲ ਆਪਣੇ ਨਾਂ ਵਾਂਗ ਰੇਸ਼ਮ ਵਰਗੀ, ਨਰਮ ਨਰਮ ਤੇ ਕੂਲੀ ਕੂਲੀ, ਬਹੁਤ ਸੋਹਣੀ ਹਾਂ। ਮੈਂ ਨਰਸ ਆਂਟੀ ਨੂੰ ਕਿਹਾ ਕਿ ਆਂਟੀ ਸ਼ਾਇਦ ਏਸੇ ਲਈ ਮੈਨੂੰ ਏਨੀ ਮਾਰ ਪੈਂਦੀ ਰਹੀ ਹੈ। ਜਿਹੜੀ ਮੇਰੀ ਇਕ ਸਹੇਲੀ ਬਿਲਕੁਲ ਕਾਲੀ ਤੇ ਗੰਦੀ ਜਿਹੀ ਸ਼ਕਲ ਵਾਲੀ ਹੈ, ਉਸਨੂੰ ਨਾ ਸਹਾਰਾ ਘਰ ਵਾਲੀ ਆਂਟੀ ਦੇ ਬੇਟੇ ਨੇ ਤੇ ਨਾ ਹੀ ਰਾਜੂ ਕੁੱਕ ਨੇ ਕਦੇ ਕੁੱਝ ਕਿਹਾ ਸੀ। ਉਸ ਦੇ ਕਪੜੇ ਵੀ ਨਹੀਂ ਸੀ ਲਾਹੇ ਜਾਂਦੇ। ਉਸਦੀਆਂ ਫੋਟੋਆਂ ਵੀ ਨਹੀਂ ਸੀ ਖਿੱਚੀਆਂ ਜਾਂਦੀਆਂ। ਉਸਨੂੰ ਰੋਟੀ ਦੇਣ ਤੋਂ ਪਹਿਲਾਂ ਵੀ ਮਾਰ ਨਹੀਂ ਸੀ ਪੈਂਦੀ।

ਮੈਂ ਨਰਸ ਆਂਟੀ ਨੂੰ ਕਹਿ ਦਿੱਤਾ ਕਿ ਕਾਸ਼ ਮੈਨੂੰ ਰੱਬ ਬਹੁਤ ਗੰਦੀ ਜਿਹੀ ਭੈੜੀ ਜਿਹੀ ਸ਼ਕਲ ਵਾਲੀ ਬਣਾ ਕੇ ਭੇਜਦਾ ਤਾਂ ਮੇਰੇ ਮੰਮੀ ਪਾਪਾ ਵੀ ਮੈਨੂੰ ਰਖ ਲੈਂਦੇ ਤੇ ਜੇ ਨਾ ਵੀ ਰਖਦੇ ਤਾਂ ਮੈਨੂੰ ਏਨੀ ਦਰਦ ਤਾਂ ਨਾ ਸਹਿਣੀ ਪੈਂਦੀ ਜਿੰਨੀ ਸਹਾਰਾ ਘਰ ਵਿਚ ਸਹਿਣੀ ਪਈ। ਫੇਰ ਪਤੈ, ਮੈਨੂੰ ਨਰਸ ਆਂਟੀ ਨੇ ਇਕ ਚਾਕਲੇਟ ਖੁਆਈ। ਬਹੁਤ ਸੁਆਦੀ ਸੀ। ਮੈਨੂੰ ਖਾ ਕੇ ਬੜਾ ਮਜ਼ਾ ਆਇਆ। ਨਰਸ ਆਂਟੀ ਨੇ ਦੱਸਿਆ ਕਿ ਹੁਣ ਮੈਨੂੰ ਕਈ ਸਾਲ ਦਵਾਈ ਵੀ ਖਾਣੀ ਪਵੇਗੀ ਤੇ ਕਈ ਦਿਨ ਹੁਣ ਟੀਕੇ ਵੀ ਲੁਆਉਣੇ ਪੈਣਗੇ। ਪਤੈ, ਜਦੋਂ ਨਰਸ ਆਂਟੀ ਨਾਲਦੇ ਕਮਰੇ ਵਿਚ ਟੀਕਾ ਲੈਣ ਗਈ ਤਾਂ ਉੱਥੇ ਹੋਰ ਨਰਸਾਂ ਵੀ ਬੈਠੀਆਂ ਸਨ। ਮੈਂ ਵੀ ਹੌਲੀ ਹੌਲੀ ਦਰਵਾਜ਼ੇ ਤਕ ਨਰਸ ਆਂਟੀ ਦੇ ਪਿੱਛੇ ਚਲੀ ਗਈ ਤੇ ਲੁਕ ਕੇ ਉਨ੍ਹਾਂ ਨੂੰ ਵੇਖਦੀ ਰਹੀ। ਉੱਥੇ ਨਰਸ ਆਂਟੀ ਜ਼ੋਰ ਦੀ ਰੋ ਪਈ ਤੇ ਬਾਕੀਆਂ ਨੂੰ ਕਹਿਣ ਲੱਗੀ - ਇਹ ਰੇਸ਼ਮਾ ਹੁਣ ਬਹੁਤੀ ਦੇਰ ਜੀਅ ਨਹੀਂ ਸਕਣ ਲੱਗੀ। ਇਸਨੂੰ ਏਡਜ਼ ਹੋ ਗਈ ਹੈ। ਸਹਾਰਾਘਰ ਦੇ ਕੁੱਕ ਤੇ ਮਾਲਕ ਦੇ ਬੇਟੇ ਨੇ ਇਸਨੂੰ ਜੀਣ ਜੋਗਾ ਨਹੀਂ ਛੱਡਿਆ।

ਮੈਨੂੰ ਸੁਣ ਕੇ ਬਹੁਤ ਡਰ ਲੱਗਿਆ। ਮੈਂ ਭਜ ਕੇ ਵਾਪਸ ਆ ਕੇ ਬਹੁਤ ਰੋਈ। ਕੀ ਮੈਂ ਹੁਣ ਮਰ ਜਾਵਾਂਗੀ? ਏਡਜ਼ ਕੀ ਕੋਈ ਗੰਦੀ ਬੀਮਾਰੀ ਹੈ? ਮੈਨੂੰ ਕਿੰਨਾ ਕੁੱਟਦੇ ਹੁੰਦੇ ਸੀ। ਕੀ ਉਹ ਬੀਮਾਰੀ ਦੇਣ ਲਈ ਕੁੱਟਦੇ ਤੇ ਪੀੜ ਕਰਦੇ ਸੀ? ਮੇਰਾ ਸੱਚੀਂ ਅਜ ਦਿਲ ਕਰਦੈ ਕਿ ਜੇ ਮੇਰੇ ਹੱਥ ਨਰਮ-ਨਰਮ, ਕੂਲੇ-ਕੂਲੇ ਨਾ ਹੁੰਦੇ ਤੇ ਜ਼ੋਰ ਵਾਲੇ ਹੁੰਦੇ ਤਾਂ ਮੈਂ ਰਾਜੂ ਕੁੱਕ ਤੇ ਉਸ ਗੰਦੇ ਬੰਦੇ ਨੂੰ ਉਸੇ ਚਾਕੂ ਨਾਲ ਮਾਰਦੀ ਜਿਸ ਚਾਕੂ ਨਾਲ ਉਹ ਮੇਰੇ ਗਲੇ ਕੋਲ ਰੱਖ ਕੇ, ਮੈਨੂੰ ਡਰਾਉਂਦੇ ਹੁੰਦੇ ਸੀ।

ਮੇਰੀ ਮੈਡਮ ਨੇ ਦੱਸਿਆ ਸੀ ਕਿ ਬੰਦਾ ਮਰ ਕੇ ਰੱਬ ਕੋਲ ਜਾ ਕੇ ਦੁਬਾਰਾ ਫੇਰ ਜੰਮਦਾ ਹੈ। ਮੈਂ ਅਗਲੀ ਵਾਰ ਬਿਲਕੁਲ ਸੋਹਣੀ ਨਹੀਂ ਬਣ ਕੇ ਆਉਣਾ। ਮੈਂ ਰੱਬ ਜੀ ਨੂੰ ਮੱਥਾ ਟੇਕ ਕੇ ਆਖਾਂਗੀ ਕਿ ਹੁਣ ਮੇਰੇ ਕੋਲੋਂ ਹੋਰ ਪੀੜ ਬਰਦਾਸ਼ਤ ਨਹੀਂ ਹੋਣੀ। ਅਗਲੀ ਵਾਰ ਮੈਨੂੰ ਉਸੇ ਸਹਾਰਾ ਘਰ ਵਿਚ ਨਾ ਭੇਜਿਓ। ਕਿਸੇ ਹੋਰ ਥਾਂ ਭੇਜਿਓ ਜਿੱਥੇ ਇੰਜ ਦੀ ਨਰਸ ਆਂਟੀ ਹੋਵੇ ਜਿਹੜੀ ਮੈਨੂੰ ਗੋਦੀ ਚੁੱਕ ਕੇ ਪਿਆਰ ਕਰੇ ਤੇ ਚਾਕਲੇਟ ਵੀ ਦੇਵੇ। ਫੇਰ ਤਾਂ ਮੈਂ ਟੀਕੇ ਦੀ ਪੀੜ ਵੀ ਸਹਿ ਲਵਾਂਗੀ।

ਮੈਂ ਰੱਬ ਜੀ ਨੂੰ ਇਹ ਵੀ ਕਹਾਂਗੀ ਕਿ ਉਹ ਸਹਾਰਾਘਰ ਦੀ ਆਂਟੀ ਤੇ ਉਸਦੇ ਬੇਟੇ ਨੂੰ ਅਤੇ ਰਾਜੂ ਕੁੱਕ ਨੂੰ ਵੀ ਬਹੁਤ ਜ਼ਿਆਦਾ ਮਾਰਨ। ਉਸ ਸੱਚੀਂ ਬਹੁਤ ਗੰਦੇ ਨੇ। ਸੱਚੀਂ ਰਬ ਜੀ, ਸੱਚੀਂ ਮੁੱਚੀਂ ਬਹੁਤ ਜ਼ਿਆਦਾ ਗੰਦੇ ਨੇ। ਉਨ੍ਹਾਂ ਨੂੰ ਜ਼ਰੂਰ ਮਾਰਿਓ।

ਮੇਰੇ ਮੰਮੀ ਪਾਪਾ ਮੈਨੂੰ ਇਨੀ ਗੰਦੀ ਥਾਂ ਉੱਤੇ ਛਡ ਕੇ ਕਿਉਂ ਚਲੇ ਗਏ ਸੀ? ਮੇਰਾ ਕੀ ਕਸੂਰ ਸੀ? ਉਨ੍ਹਾਂ ਨਾਲ ਵੀ ਰੱਬ ਜੀ ਜ਼ਰੂਰ ਗੁੱਸੇ ਹੋਇਓ। ਪਰ ਰੱਬ ਜੀ, ਇਕ ਆਖ਼ਰੀ ਗੱਲ ਹੋਰ ਵੀ ਮੇਰੀ ਮੰਨ ਲਇਓ। ਮੈਨੂੰ ਆਪਣੇ ਕੋਲ ਵਾਪਸ ਸੱਦਣ ਤੋਂ ਪਹਿਲਾਂ ਕੀ ਇਕ ਵਾਰ, ਸਿਰਫ਼ ਇਕ ਵਾਰ ਆਈਸਕ੍ਰੀਮ ਖੁਆ ਸਕਦੇ ਹੋ? ਮੇਰੀ ਸਹੇਲੀ ਨੇ ਦੱਸਿਆ ਸੀ ਉਹ ਬਹੁਤ ਜ਼ਿਆਦਾ ਸੁਆਦ ਚੀਜ਼ ਹੁੰਦੀ ਹੈ। ਮੈਂ ਕਈਆਂ ਨੂੰ ਖਾਂਦੇ ਵੀ ਵੇਖਿਆ ਹੈ। ਮੇਰਾ ਖਾਣ ਨੂੰ ਬੜਾ ਜੀਅ ਕਰਦਾ ਹੈ। ਸਿਰਫ਼ ਇਕ ਵਾਰ, ਪਲੀਜ਼, ਰੱਬ ਜੀ।"

ਨਾਬਾਲਗ ਬੱਚੀ ਦਾ ਇਹ ਲੇਖ, ਉਸਦੀ ਆਪਣੀ ਜ਼ਿੰਦਗੀ ਨੂੰ ਬਿਆਨ ਕਰਦਾ ਸੱਚ, ਕੀ ਕਿਸੇ ਨੂੰ ਝੰਜੋੜਦਾ ਹੈ? ਓ ਜਾਗਦੀ ਜ਼ਮੀਰ ਵਾਲਿਓ, ਸਹਾਰਾਘਰਾਂ ਦੇ ਅਜਿਹੇ ਦਰਿੰਦਿਆਂ ਨੂੰ ਖੁੱਲਾ ਨਾ ਛੱਡਿਓ! ਕੀ ਏਨੇ ਨਿਘਰ ਚੁੱਕੇ ਹਾਲਾਤ ਨੂੰ ਸੁਧਾਰਨ ਦਾ ਵਕਤ ਆ ਨਹੀਂ ਚੁੱਕਿਆ?

ਕੀ ਅਜੇ ਵੀ ਮਾਸੂਮ ਕਲੀਆਂ ਨੂੰ ਮਿੱਝੇ ਜਾਣ ਤੋਂ ਬਚਾਉਣ ਤੋਂ ਵੱਡਾ ਕੋਈ ਮਸਲਾ ਬਚਿਆ ਹੈ? ਜੇ ਬਚਿਆ ਜਾਪਦਾ ਹੈ, ਤਾਂ ਇਹ ਕੋਈ ਵਾਕਈ ਹਾਲੇ ਮਨੁੱਖਤਾ ਦੇ ਦਰਦ ਨੂੰ ਹੰਢਾਉਣ ਅਤੇ ਵੰਡਾਉਣ ਤੋਂ ਵਾਂਝੇ ਰਹਿ ਚੁੱਕੇ ਬੰਦੇ ਦੀ ਸੋਚ ਹੈ ਜਿਹੜਾ ਮਨੁੱਖੀ ਅਧਿਕਾਰਾਂ ਦੀ ਕਦਰ ਪੂਰੀ ਤਰ੍ਹਾਂ ਨਹੀਂ ਕਰ ਰਿਹਾ। ਇਕ ਵਾਰ ਮੇਰੇ ਸਵਾਲ ਦਾ ਜਵਾਬ ਤਾਂ ਦਿਓ ਕਿ ਹੁਣ ਰੇਸ਼ਮਾ ਵਿਚਾਰੀ ਕੀ ਕਰੇ?

# ਬਿਨਾਂ ਪੂਛ ਵਾਲੇ ਬਾਂਦਰ



ਅਮਰਜੀਤ ਢਿੱਲੋਂ

ਮਹਾਨ ਲੇਖਕ ਜਾਰਜ ਬਰਨਾਰਡ ਸ਼ਾਅ ਨੂੰ ਕਿਸੇ ਨੇ ਪੁੱਛਿਆ ਕੀ ਇਹ ਸੱਚ ਹੈ ਕਿ ਪਹਿਲਾਂ ਬੰਦੇ ਦੇ ਪੂਛ ਹੁੰਦੀ ਸੀ? ਤਾਂ ਸ਼ਾਅ ਨੇ ਸਹਿਜ ਸੁਭਾਅ ਹੀ ਜਵਾਬ ਦਿਤਾ ਕਿ ਅੱਜ ਵੀ ਬਿਨਾ ਪੂਛ ਵਾਲੇ ਬਾਂਦਰ ਮੌਜੂਦ ਹਨ। ਇਹ ਬਿਨਾ ਪੂਛ ਵਾਲੇ ਬਾਂਦਰ ਬਹੁਤ ਹੀ ਸ਼ਾਤਿਰ ਅਤੇ ਚਲਾਕ ਹਨ। ਇਹਨਾਂ ਨੇ ਮਨੁੱਖਤਾ ਅਜਬ ਘੁੰਮਣਘੇਰੀ ਵਿਚ ਪਾਇਆ ਹੋਇਆ ਹੈ। ਜੀਵ ਵਿਗਿਆਨ ਅਨੁਸਾਰ ਮਨੁੱਖ ਆਪਣੇ ਮਾਤਾ ਦੇ ਮੇਲ ਤੋਂ ਇਤਫ਼ਾਕਨ ਪੈਦਾ ਹੁੰਦਾ ਹੈ। ਮਾਤਾ ਪਿਤਾ , ਭੈਣ ਭਰਾ ਮਨੁੱਖ ਦੀ ਆਪਣੀ ਪਸੰਦ ਜਾਂ ਚੋਣ ਨਹੀਂ ਹੁੰਦੀ। ਬੇਸ਼ਕ ਸਾਇੰਸ ਅੱਜ ਮਾਤਾ ਪਿਤਾ ਤੋਂ ਬਗੈਰ ਵੀ ਮਨੁੱਖੀ ਸੈੱਲ ਤੋਂ ਉਸ ਵਰਗਾ ਮਨੁੱਖ ਬਣਾਉਣ ਦੇ ਸਮਰੱਥ ਹੋ ਗਈ ਹੈ (ਜਿਸਦੀ ਮਿਸਾਲ ਡੌਲੀ ਭੇਡ ਅਤੇ ਹੋਰ ਕਈ ਜਾਨਵਰ ਹਨ। ਪਰ ਮਨੁੱਖੀ ਤਜੱਰਬੇ ਅਜੇ ਵਿਵਰਜਤ ਹਨ।)




ਬਿਨਾ ਪੂਛ ਵਾਲੇ ਬਾਂਦਰਾਂ ਨੇ ਢੇਰਾਂ ਦੇ ਢੇਰ ਗਰੰਥ ਲਿਖ ਕੇ ਮਨੁੱਖ ਦੇ ਅਜੀਬ ਅਜੀਬ ਕਿਸਮ ਦੇ ਡਰ ਦਿਤੇ ਹਨ। ਜਿਸਨੂੰ ਭੈਅ ਤਾ ਸਮੁੰਦਰ ਭਾਵ ਭਵਸਾਗਰ ਕਹਿੰਦੇ ਹਨ। ਫਿਰ ਉਹ ਇਸ ਭਵਸਾਗਰ ਤਰਨ ਦੇ ਨੁਖਸੇ ਦਸਦੇ ਹਨ। ਇਹਨਾਂ ਦੀ ਫੀਸ ਵੱਖੋ ਵੱਖਰੀ ਹੈ। ਕੋਈ ਦਸਵੇਂ ਦਸੌਂਦ ਦੀ ਮੰਗ ਕਰਦਾ ਹੈ। ਕੋਈ ਕੁਛ ਮੰਗਦਾ ਹੈ ਨਾਲ ਹੀ ਕਹਿੰਦੇ ਹਨ ਇਹ ਮਾਇਆ ਨਾਗਣੀ ਹੈ। ਇਸ ਨੇ ਬਿਨਾ ਦੰਦਾਂ ਤੋਂ ਹੀ ਸੰਸਾਰ ਨੂੰ ਖਾ ਲਿਆ ਹੈ। ਪਰ ਬਿਨਾਂ ਪੂਛ ਵਾਲੇ ਬਾਂਦਰਾਂ ਨੂੰ ਕੁਛ ਨਹੀਂ ਕਹਿੰਦੀ ਕਿਉਂਕਿ ਉਹਨਾਂ ਨੇ ਇਹ ਆਪਣੇ ਵੱਸ 'ਚ ਕੀਤੀ ਹੋਈ ਹੈ। ਜੇ ਤੁਸੀਂ 84 ਲੱਖ ਜੂਨਾਂ ਤੋਂ ਛੁਟਕਾਰ ਪਾਉਣਾ ਹੈ ਅਤੇ ਭਵਸਾਗਰ ਤਰਨਾ ਹੈ ਤਾਂ ਵੱਧ ਤੋਂ ਵੱਧ ਮਾਇਆ ਸੰਤਾਂ ਨੂੰ ਦਿਓ। ਫਿਰ ਸੰਤ ਤਹਾਨੂੰ ਨਾਮ ਦਾਨ (ਛੁਣਛੁਣਾ) ਦੇਣਗੇ। ਉਹ ਜਪਕੇ ਫਿਰ ਤੁਸੀਂ ਆਵਾਗਵਣ ਦੇ ਚੱਕਰ 'ਚੋਂ ਮੁਕਤੀ ਪ੍ਰਾਪਤ ਕਰ ਲਵੋਗੇ। ਇਹ ਚੁਰਾਸੀ ਲੱਖ ਜੂਨਾਂ ਦਾ ਫਲਸਫਾ ਵੀ ਅਜੀਬ ਹੈ। ਹਜਾਰਾਂ ਸਾਲਾਂ ਤੋਂ ਇਹ ਚੁਰਾਸੀ ਲੱਖ ਹੀ ਚਲੀਆਂ ਆਉਂਦੀਆਂ ਹਨ। ਜਦੋਂ ਕਿ ਧਰਤੀ ਤੇ ਜੀਵਨ ਪੈਦਾ ਹੋਣ ਸਮੇਂ ਅਮੀਬਾ ਵਰਗੇ ਇਕ ਸੈਲ ਵਾਲੇ ਜੀਵ ਹੀ ਸਭ ਤੋਂ ਪਹਿਲਾਂ ਪੈਦਾ ਹੋਏ ਸਨ। ਫਿਰ ਇਹ ਬਹੁਸੈਲ ਵਾਲੇ ਹੁੰਦੇ ਹੋਏ ਤਿੰਨ ਹਾਥੀਆਂ ਜਿੱਡੇ ਵੱਡੇ ਜਾਨਵਰ ਡਾਇਨਾਸੋਰ ਤਕ ਪਹੁੰਚ ਗਏ। ਡਾਇਨਾਸੋਰ ਸਮੇਤ ਧਰਤੀ ਤੋਂ ਲੱਖਾਂ ਪਰਜਾਤੀਆਂ ਲੁਪਤ ਹੋ ਗਈਆਂ ਲੱਖਾਂ ਨਵੀਆਂ ਹੋਂਦ 'ਚ ਆਈਆਂ। ਇਹ ਪਰਜਾਤੀਆਂ ਲੁਪਤ ਹੋਣ ਅਤੇ ਨਵੀਆਂ ਪੈਦਾ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਰਹੇਗਾ। ਪਰ ਇਹ ਦੇਵ ਪੁਰਸ਼ਾਂ ਦੀ ਸੂਈ 84 ਲੱਖ 'ਤੇ ਹੀ ਅਟਕੀ ਰਹੇਗੀ। ਇਨਾਂ ਦੇ ਲਾਇਲੱਗ ਅਨੁਆਈ ਸਤ ਹੈ ਸਤ ਹੈ ਕਰੀ ਜਾਣਗੇ। ਸਾਡੇ ਦੇਖਦੇ ਦੇਖਦੇ ਗਿਰਝਾਂ, ਘੋਗੜ, ਚੀਚ ਵਹੁਟੀਆਂ ਅਤੇ ਜੁਗਨੂੰ ਜਿਹੇ ਜਾਨਵਰ ਅਤੇ ਪਰਿੰਦੇ ਲੋਪ ਹੋ ਗਏ।

ਪਰ ਦੇਵ ਪੁਰਸ਼ ਕਹਿੰਦੇ ਹਨ ਕਿ ਚੁਰਾਸੀ ਲੱਖ ਜੂਨ ਭੋਗਣ ਤੋਂ ਬਾਦ ਹੀ ਮਸਾਂ ਇਹ ਮਨੁੱਖਾ ਦੇਹੀ ਮਿਲਦੀ ਹੈ। ਉਹ ਵੀ ਤਾਂ ਜੇ ਚੰਗੇ ਕਰਮ ਕੀਤੇ ਹੋਣ ਤਾਂ। ਨਹੀਂ ਤਾਂ ਚੁਰਾਸੀ ਦਾ ਚੱਕਰ ਫਿਰ ਸ਼ੁਰੂ ਹੋ ਜਾਂਦਾ ਹੈ। ਫਰਜ ਕਰੋ ਪਿਛਲੇ ਜਨਮ ਜੇ ਮੈਂ ਮੱਖੀ, ਮੱਛਰ, ਖਟਮਲ ਪਲੇਗ ਜਾਂ ਏਡਜ ਤਾ ਵਾਇਰਸ ਹੁੰਦਾ ਤਾਂ ਮੈਂ ਕੀ ਚੰਗੇ ਕਰਮ ਕਰ ਸਕਦਾ ਸੀ ਕਿ ਮੈਨੂੰ ਮਨੁੱਖਾਂ ਦੇਹੀ ਮਿਲਦੀ। ਪਹਿਲਾਂ ਤਾਂ ਕਹਿੰਦੇ ਹਨ ਕਿ ਮਨੁੱਖਾ ਦੇਹੀ ਮਸਾਂ ਮਿਲਦੀ ਹੈ ਫਿਰ ਛੇਤੀ ਇਸ ਤੋਂ ਛੁਟਕਾਰਾ (ਮੁਕਤੀ) ਪਾਉਣ ਦੇ ਗੁਰ ਵੀ ਦਸਦੇ ਹਨ ਉਹ ਵੀ ਪੈਸੇ ਲੈਕੇ। ਹੁਣ ਸੋਚੋ ਜਿਹੜੀ ਚੀਜ ਮਿਲਦੀ ਹੀ ਮਸਾਂ ਹੈ ਉਹ ਛੁਟਕਾਰਾ ਕਾਹਦੇ ਵਾਸਤੇ ਪਾਉਣਾ ਹੋਇਆ। ਉਹ ਤਾਂ ਜਿੰਨੀ ਲੰਮੀ ਹੋਵੇ ਉਹਨਾਂ ਹੀ ਚੰਗੀ। ਫਿਰ ਕਹਿੰਦੇ ਹਨ 'ਅਬ ਕੀ ਵਾਰ ਬਖਸ਼ ਬੰਦੇ ਕੋ ਬਹੁਰ ਨਾ ਭਵਜਲ ਫਰਾ'। ਬਈ ਰੱਬਾ ਐਤਕੀ ਬਖਸ਼ ਦੇ ਮੁੜ ਕੇ ਇਸ ਬੰਦੇ ਦੀ ਜੂਨ 'ਚ ਨਾ ਪਾਈਂ। ਆਪਣੇ ਚਰਨਾ 'ਚ ਹੀ ਨਿਵਾਸ ਬਖਸ਼ ਦੇਈਂ। ਹੁਣ ਦਸੋ ਚਰਨ ਨਾ ਹੋਏ ਪੰਜ ਤਾਰਾ ਹੋਟਲ ਹੋ ਗਿਆ ਜਿਥੇ ਰਹਿਕੇ ਬੰਦਾ ਸਾਰੀਆਂ ਸਹੂਲਤਾਂ ਮਾਣੂਗਾ। ਮੁਸਲਮਾਨ ਕਹਿੰਦੇ ਅੱਲਾ ਦੀ ਭਗਤੀ ਕਰਨ ਵਾਲਿਆਂ ਨੂੰ ਜੰਨਤ (ਸਵਰਗ) ਵਿਚ ਹੂਰਾਂ, ਪਰੀਆਂ ਮਿਲਦੀਆਂ ਹਨ। ਪਰ ਇਹ ਤਾਂ ਬੰਦਿਆਂ ਲਈ ਹੋ ਗਈਆਂ ਕੀ ਔਰਤਾਂ ਨੂੰ ਸੁਹਣੇ ਸੁਨਖੇ ਗਭਰੂ ਮਿਲਦੇ ਹਨ? ਇਥੇ ਆਕੇ ਚੁਪ ਹੋ ਜਾਂਦੇ ਹਨ। ਇਕ ਪਾਸੇ ਕਹਿੰਦੇ ਹਨ 'ਇਸ ਦੇਹੀ ਕੋ ਤਰਸਣ ਦੇਵ' ਭਾਵ

ਦੇਵਤੇ ਵੀ ਮਨੁੱਖ ਦੇਹੀ ਨੂੰ ਤਰਸਦੇ ਹਨ। ਦੂਜੇ ਪਾਸੇ ਇਸ ਦੇਹੀ ਤੋਂ ਮੁਕਤ ਹੋਕੇ ਰੱਬ ਦੀ ਜੋਤ ਵਿਚ ਸਮਾ ਜਾਣ ਲਈ ਨਾਮ ਜਪਣ, ਦਾਨ ਕਰਨ ਆਦਿ ਵਰਗੇ ਫਾਰਮੂਲੇ ਦਸਦੇ ਹਨ। ਮੰਨ ਲਵੋ ਕੋਈ ਰੱਬ ਹੈ (ਜਿਸਦੀ ਕੋਈ ਹੋਂਦ ਨਾ ਹੈ ਨਾ ਹੋ ਸਕਦੀ ਹੈ।) ਬੰਦਾ ਉਸਦੀ ਜੋਤ ਵਿਚ ਸਮਾ ਜਾਂਦਾ ਹੈ। ਫਿਰ ਉਸਦੀ ਹੋਂਦ ਤਾਂ ਖਤਮ ਹੋ ਹੀ ਗਈ ਨਾ।' ਉਰਦੂ ਸ਼ਾਇਰ ਨੇ ਕਿਹਾ ਹੈ 'ਬੜੇ ਲੋਗੋਂ ਮਿਲਨੇ ਮੇਂ ਥੋੜਾ ਫਾਸਲਾ ਰੱਖਨਾ ਦਰਿਆ ਸਾਗਰ ਮਿਲ ਜਾਏ ਤੋ ਫਿਰ ਦਰਿਆ ਨਹੀਂ ਰਹਿਤਾ'। ਸ਼ਾਇਰ ਨੇ ਕਿੰਨੀ ਸਿਆਣਪ ਨਾਲ ਆਪਣੀ ਹਸਤੀ ਕਾਇਮ ਰੱਖਣ ਦੀ ਸਲਾਹ ਦਿਤੀ ਪਰ ਬਿਨਾਂ ਪੂਛ ਵਾਲੇ ਬਾਂਦਰ ਹਸਤੀ ਮਿਟਾਉਣ ਦੀਆਂ ਸਲਾਹਾਂ ਦਿੰਦੇ ਹਨ।

ਫਿਰ ਕਹਿੰਦੇ ਹਨ। ਆਤਮਾ ਅਮਰ ਹੈ । ਇਸਨੂੰ ਨਾ ਅੱਗ ਸਾੜ ਸਕਦੀ ਹੈ ਨਾ ਜਲ ਡੋਬ ਸਕਦਾ ਹੈ। ਫਿਰ ਨਰਕ ਵਿਚ ਕਸ਼ਟ ਕੀਹਨੂੰ ਮਿਲਦੇ ਹਨ। ਸਰੀਰ ਤਾਂ ਅਸੀਂ ਸਾੜ ਦਿੰਦੇ ਹਾਂ ਜਾਂ ਜਲਾ ਦਿੰਦੇ ਹਨ। ਆਤਮਾ ਨੂੰ ਕੋਈ ਤਕਲੀਫ ਹੀ ਨਹੀਂ ਹੁੰਦੀ ਤਾਂ ਫਿਰ ਨਰਕਾਂ ਦਾ ਡਰਾਵਾ ਕਾਹਦਾ? ਉਹਦੇ ਵਾਸਤੇ ਵੀ ਇਕ ਹੋਰ ਦਲੀਲ ਘੜ ਲਈ ਕਿ ਆਤਮਾ ਨੂੰ ਇਕ ਸੂਖਸ਼ਮ ਸਰੀਰ ਦਿਤਾ ਜਾਂਦਾ ਹੈ। ਇਹ ਕਸ਼ਟ ਉਸ ਸਰੀਰ ਨੂੰ ਮਿਲਦੇ ਹਨ। ਜਦੋਂ ਉਹ ਸਰੀਰ ਹੀ ਮੇਰਾ ਨਹੀਂ ਤਾਂ ਮਿਲੀ ਜਾਣ ਕਸ਼ਟ। ਮੈਂ ਤਾਂ ਆਪਣਾ ਕੁੜਤਾ (ਸਰੀਰ) ਧਰਤੀ 'ਤੇ ਲਾਹ ਆਇਆ ਹੁਣ ਮੰਗਵੇਂ ਝੱਗੇ ਨੂੰ ਕੋਈ ਪਾੜੀ ਜਾਵੇ ਮੈਨੂੰ ਕੀ। ਮੁਸਲਮਾਨ ਇਸ ਲਈ ਸਰੀਰ ਨਹੀਂ ਸਾੜਕੇ ਕਿ ਕਿਆਮਤ (ਪਰਲੋ) ਵੇਲੇ ਸਾਰੇ ਮੁਰਦੇ ਜੀ ਉਠਣਗੇ ਅਤੇ ਅਜਰਾਈਲ ਫਰਿਸਤਾ ਉਹਨਾਂ ਤੋਂ ਹਿਸਾਬ ਲਵੇਗਾ। ਪੰਜਾਬ ਵਿਚ ਮੁਸਲਮਾਨਾਂ ਦੀਆਂ ਸਾਰੀਆਂ ਕਬਰਾਂ ਵਾਹ ਦਿਤੀਆਂ ਗਈਆਂ ਹਨ ਵਿਚਾਰਿਆਂ ਦੀਆਂ ਹੱਡੀਆਂ ਵੀ ਨਹੀਂ ਥਿਆਈਆਂ ਫਿਰ ਕਿਆਮਤ ਵੇਲੇ ਕਿਵੇਂ ਜਿਉਂਦੇ ਹੋਣਗੇ। ਅਸਲ ਵਿਚ ਇਹ ਸਾਰਾ ਭੰਬਲਭੂਸਾ ਹੈ। ਧਰਮ ਦਾ ਧੰਦਾ ਸਭ ਲਾਹੇਵੰਦਾ ਹੈ। ਲਾਗਤ ਕੋਈ ਨਹੀਂ ਸਿਰਫ ਆਮਦਨ ਹੀ ਆਮਦਨ ਹੈ। ਨਿਰਮਲ ਬਾਬੇ ਵਰਗੇ ਕੁਝ ਸਮੇਂ 'ਚ ਅਰਬਪਤੀ ਬਣ ਜਾਂਦੇ ਹਨ।

ਇਸੇ ਲਈ ਧਰਮ ਨੇ ਬਰੂਨੋ ਵਰਗੇ ਵਿਗਿਆਨੀ ਜਿੰਦਾ ਜਲਾ ਦਿਤੇ । ਗਲੈਲੀਓ ਵਰਗਿਆਂ ਨੂੰ ਜੇਲਾਂ ਵਿਚ ਜ਼ਿੰਦਗੀ ਬਤੀਤ ਕਰਨੀ ਪਈ। ਅੱਜ ਸਾਢੇ ਤਿੰਨ ਸੌ ਸਾਲ ਪਿਛੋਂ ਉਸ ਚਰਚ ਨੇ ਗਲੈਲੀਓ ਤੋਂ ਲਿਖਤੀ ਮੁਆਫੀ ਮੰਗੀ ਹੈ ਜਿਸਨੇ ਧਰਤੀ ਘੁੰਮਦੀ ਕਹਿਣ ਕਾਰਨ ਗਲੈਲੀਓ ਨੂੰ ਜੇਲ ਭੇਜਿਆ ਹੈ। ਉਸ ਨੇ ਮੰਨ ਲਿਆ ਹੈ ਕਿ ਧਰਤੀ ਘੁੰਮਦੀ ਹੈ ਪਰ ਬਾਈਬਲ ਤਰਦੀਦ ਨਹੀਂ ਕੀਤੀ। ਉਸ ਵਿਚ ਅਜੇ ਵੀ ਧਰਤੀ ਨੂੰ ਖੜ੍ਹੀ ਅਤੇ ਚਪਟੀ ਹੈ। ਸਾਰੇ ਧਰਮ ਹੀ ਆਪਣੇ ਗਰੰਥ ਨੂੰ ਧੁਰ ਕੀ ਬਾਣੀ ਮੰਨਦੇ ਹਨ। ਕਿਸੇ ਲਗ ਕੰਨਾ ਤਕ ਵੀ ਬਦਲਣ ਦੀ ਇਜ਼ਾਜਤ ਨਹੀਂ ਹੁੰਦੀ। ਇਸੇ ਤਰਾਂ ਇਹ ਖੜ੍ਹਾ ਪਾਣੀ ਅਕਸਰ ਮੁਸ਼ਕ ਜਾਂਦਾ ਹੈ। ਇਹ ਬਿਨਾਂ ਪੂਛ ਵਾਲੇ ਬਾਂਦਰ ਵਗਦੇ ਪਾਣੀ ਵੱਲ ਪਿੱਠ ਕਰਕੇ ਇਸ ਮੁਸ਼ਕੇ ਹੋਏ ਖੜੇ ਪਾਣੀ ਵਿਚ ਇਸ਼ਨਾਨ ਕਰਦੇ ਰਹਿੰਦੇ ਹਨ।

ਫ਼ੋਨ : 94171-20427

# ਮੈਂ ਸਰਬਤ ਦਾ ਭਲਾ ਹਾਂ ਚਾਹੁੰਦਾ

ਪਰ ਸਰਬਤ ਦਾ ਭਲਾ ਕਿਸਤਰਾਂ ਹੋ ਸਕਦਾ ਹੈ ?
ਬੱਕਰੀ ਲਈ ਬਘਿਆੜ ਕਿਸਤਰਾਂ ਰੋ ਸਕਦਾ ਹੈ।
ਜੁੱਤੀ ਗੰਢਣ ਵਾਲਾ ਮੋਚੀ ਜਿਸਦਾ ਛੱਪਰ ਚੋ ਰਿਹਾ ਹੈ
ਇਕ ਪਾਸੇ ਅੰਬਾਨੀ ਦੀ ਬਹੁਮੰਜ਼ਲੀ ਕੋਠੀ ਜਿਸਦੇ ਵਿਚ ਹਜਾਰਾਂ ਕਮਰੇ
ਪੈਸੇ ਦੀ ਚਾਦਰ ਦੇ ਹੇਠਾਂ ਜਿਸਦੇ ਸਾਰੇ ਐਬ ਢਕੇ ਨੇ
ਪਰ ਕਿਰਤੀ ਤਾਂ ਕੰਮ ਕਰਕੇ ਭੁੱਖਾ ਭਾਣਾ ਬੱਸ ਰੋ ਸਕਦਾ ਹੈ। ਫਿਰ ਸਰਬਤ ਦਾ ਭਲਾ.............
ਇਹ ਪਰਜੀਵੀ ਭ੍ਰਿਸ਼ਟਾਚਾਰੀ ਸਾਡੇ ਲਹੂ 'ਤੇ ਜੋ ਪਲਦੇ ਨੇ, ਮਾਇਆ ਦੇ ਅੰਬਾਰ ਜੋੜ ਕੇ ਜੋ ਸੋਨੇ ਉਪਰ ਚਲਦੇ ਨੇ
ਦੂਜੇ ਪਾਸੇ ਕਿਰਤੀ ਕਾਮੇ ਅਤੇ ਕਿਸਾਨ ,
ਆਪਣੀ ਕਿਰਤ ਦੇ ਮੁੱਲ ਲਈ ਨੇ ਤਰਲੇ ਕਰਦੇ
ਪਰ ਉਹਨਾਂ 'ਤੇ ਡੰਡੇ ਵਰ੍ਹਦੇ!
ਦੂਜੇ ਪਾਸੇ ਵਿਚ ਗਰੰਥਾਂ ਸ਼ਬਦ ਜੜੇ ਨੇ,
ਕਿਰਤੀਆਂ ਵਿਚ ਤਾਂ ਐਬ ਬੜੇ ਨੇ
ਇਹਨਾਂ ਪਿਛਲੇ ਜਨਮ ਦੇ ਅੰਦਰ ਹੈ ਸੀ
ਮਾੜੇ ਕਰਮ ਕਮਾਏ-ਤਾਹੀਏਂ ਹੀ ਨਾ ਸੁੱਖ ਥਿਆਏ
ਭ੍ਰਿਸ਼ਟਾਚਾਰੀ ਅਤੇ ਲੁਟੇਰਿਆਂ ਦੀ ਪਿੱਠ ਪੂਰਦੇ ,
ਇਹ ਗਰੰਥ ਰਹਿੰਦੇ ਨਸ਼ਿਆਏ
ਕਹਿੰਦੇ ਲੱਖ ਚੁਰਾਸੀ ਜੂਨਾਂ ਪਿਛੋਂ ਫਿਰ ਇਹ ਮਾਨਸ ਦੇਹੀ ਮਿਲਦੀ
ਉਹ ਵੀ ਜੇਕਰ ਕੀਤੇ ਹੋਵਣ ਕੰਮ ਚੰਗੇਰੇ,
ਨਹੀਂ ਤਾਂ ਫੇਰ ਚੁਰਾਸੀ ਦੇ ਪੈ ਜਾਂਦੇ ਫੇਰੇ
ਮੈਂ ਪੁਛਦਾ ਹਾਂ, ਜੇ ਮੈਂ ਪਿਛਲੇ ਜਨਮ ਮੱਖੀ,
ਮੱਛਰ ਜਾਂ ਪਲੇਗ ਕੀਟਾਣੂੰ ਹੁੰਦਾ
ਤਾਂ ਮੈਂ ਕਿਹੜੇ ਚੰਗੇ ਕਰਮ ਕਮਾ ਸਕਦਾ ਸੀ,
ਕਿੰਜ ਮਾਨਸ ਦੇਹ ਵਿਚ ਆ ਸਕਦਾ ਸੀ।
ਜੇਕਰ ਮੇਰੇ ਮਾਤਾ ਪਿਤਾ ਦਾ ਮੇਲ ਨਾ ਹੁੰਦਾ,
ਇਹ ਜ਼ਿੰਦਗੀ ਦਾ ਖੇਲ ਨਾ ਹੁੰਦਾ।
ਫਿਰ ਕਿਵੇਂ ਮੈਂ ਧਰਤੀ ਉਤੇ ਆ ਸਕਦਾ ਸੀ,
ਕਿਸਤਰਾਂ ਦੱਸੋ ਮੈਨੂੰ ਰੱਬ ਬਣਾ ਸਕਦਾ ਸੀ।
ਮਰਨੇ ਪਰਨੇ, ਵਿਆਹ ਸ਼ਾਦੀ ਦੀਆਂ
ਅਰਦਾਸਾਂ ਵਿਚ ਅਸੀਂ ਸਰਬਤ ਦਾ ਭਲਾ ਹਾਂ ਮੰਗਦੇ
ਪਰ ਦਾਜ ਜਾਂ ਮਰਨੇ ਦੀ ਮਠਿਆਈ ਪਿਛੇ
ਰਿਸ਼ਤੇਦਾਰ ਨੂੰ ਫਾਹੇ ਟੰਗਦੇ
ਧਰਮ ਸਥਾਨੀ ਜਾਕੇ ਲੋਕੀ ਖੁਦ ਵਾਸਤੇ ਦੁੱਧ,
ਪੁੱਤ, ਮਾਇਆ ਮੰਗਦੇ ਨੇ
ਸਰਬਤ ਦੇ ਭਲੇ ਦੀ ਤਖਤੀ ਗਲ ਵਿਚ,
ਲੋਕ ਦਿਖਾਵੇ ਲਈ ਟੰਗਦੇ ਨੇ।
ਅਸੀਂ ਤਾਂ ਸਭ ਦਾ ਬੁਰਾ ਚਿਤਵ ਕੇ
ਇਕ ਦੂਜੇ ਦੇ ਅੱਗੇ ਵਧਣ ਤੇ
ਈਰਖਾ ਦੀ ਅੱਗ ਵਿਚ ਹਾਂ ਸੜਦੇ
ਆਪਣੇ ਦੋਸ਼ ਵੀ ਹੋਰਾਂ ਦੇ ਸਿਰ ਰਹਿੰਦੇ ਮੜ੍ਹਦੇ।
ਸਭ ਆਪਣਿਆਂ ਲਈ ਨੇ ਰੋਂਦੇ,
ਕੋਈ ਕਿਸੇ ਦੀ ਖਾਤਿਰ ਕਿੱਦਾਂ ਰੋ ਸਕਦਾ ਹੈ?
ਐ ਦਾਨਿਸ਼ਵਰ ਲੋਕੋ ਦੱਸੋ ਕਿ
ਸਰਬੱਤ ਦਾ ਭਲਾ ਕਿਸ ਤਰਾਂ ਹੋ ਸਕਦਾ ਹੈ?????

# ਇੱਜ਼ਤ ਦੇ ਨਾਂ ਤੇ ਏਸ਼ੀਅਨ ਮੁਟਿਆਰਾਂ ਦਾ ਕਤਲ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 07763013424

ਬਰਤਾਨੀਆ ਵਿੱਚ ਹੁਣ ਇਸ ਗੱਲ ਦੀ ਚਰਚਾ ਹੋਣ ਲਗ ਪਈ ਹੈ ਕਿ ਏਸ਼ੀਅਨ ਲੋਕ ਆਪਣੀਆਂ ਜੁਆਨ ਧੀਆਂ ਨੂੰ "ਇੱਜ਼ਤ" ਦੇ ਨਾਂ 'ਤੇ ਕਤਲ ਕਰ ਰਹੇ ਹਨ। ਸਾਲ 2004 ਤੱਕ 117 ਕੇਸ ਐਸੇ ਹਨ ਜਿਨ੍ਹਾਂ ਨੂੰ ਇਸ ਆੜ ਵਿੱਚ ਦੇਖਿਆ ਜਾਂਦਾ ਹੈ। ਇਨ੍ਹਾਂ ਵਿੱਚੋਂ 52 ਕੇਸ ਲੰਡਨ ਅਤੇ 65 ਕੇਸ ਬਾਕੀ ਸ਼ਹਿਰਾਂ ਦੇ ਹਨ। ਸਾਲ 2004 'ਚ ਹੋਏ ਮੁਟਿਆਰਾਂ ਦੇ ਕਤਲਾਂ ਨੇ ਪੁਲੀਸ ਦਾ ਧਿਆਨ ਇਸ ਤਰ੍ਹਾਂ ਖਿੱਚਿਆ ਕਿ ਸਰਕਾਰ ਵੀ ਇਸ ਮਾਮਲੇ ਲਈ ਚੌਕਸ ਹੋ ਗਈ ਹੈ।

ਦਸੰਬਰ 2004 ਨੂੰ 51 ਵਰ੍ਹਿਆਂ ਦੇ ਕੁਲਵਿੰਦਰ ਦੁਸਾਂਝ ਨੂੰ 14 ਸਾਲ ਲਈ ਜੇਲ੍ਹ ਭੇਜ ਦਿੱਤਾ ਗਿਆ ਕਿ ਉਹਨੇ ਆਪਣੀ 23 ਸਾਲਾ ਦੀ ਲੜਕੀ ਸੰਜੀਤ ਦਾ, ਉਹਦੇ ਬੁਆਏ ਫਰੈਂਡ ਟੈਂਪਲ ਜਾਯਾਕ ਅਤੇ ਉਹਦੇ ਪਿਉ ਦੀ ਬਜਾਏ ਗਲਤੀ ਨਾਲ ਕਿਸੇ ਹੋਰ ਦਾ ਕਤਲ ਕਰ ਦਿੱਤਾ ਸੀ। ਰੋਚੈਸਟਰ ਕੈਂਟ ਦੇ ਰਹਿਣ ਵਾਲੇ ਕੁਲਵਿੰਦਰ ਦੁਸਾਂਝ ਨੇ ਆਪਣੇ ਦੋਸਤ 54 ਵਰ੍ਹਿਆਂ ਦੇ ਜਗਜੀਤ ਸਿੰਘ ਰਾਏ ਵਸਨੀਕ ਇਲਫਰਡ ਈਸਟ ਲੰਦਨ ਨੂੰ ਵੀ ਇਸ ਕੰਮ ਲਈ ਵਰਤਿਆ ਸੀ। ਜਗਜੀਤ ਨੂੰ ਇਸ ਗੁਨਾਹ ਦੀ ਹਿੱਸੇਦਾਰੀ ਬਦਲੇ 9 ਵਰ੍ਹਿਆਂ ਲਈ ਜੇਲ੍ਹ ਭੇਜਿਆ ਗਿਆ ਹੈ। ਇਸੇ ਤਰ੍ਹਾਂ ਹੀ ਬਰਮਿੰਘਮ ਦੀ 21 ਵਰ੍ਹਿਆਂ ਦੀ ਮੁਟਿਆਰ ਸ਼ਾਹਿਦਾ ਬੀਬੀ ਦਾ ਕਤਲ ਕਰਨ ਵਾਲਿਆਂ ਨੂੰ ਉਮਰਕੈਦ ਦੇ ਦਿੱਤੀ ਗਈ ਹੈ। ਅਖਬਾਰਾਂ ਵਿੱਚ ਛਪੇ ਕਤਲ ਕੇਸਾਂ ਵਿੱਚ 17 ਸਾਲਾ ਮੁਟਿਆਰ ਸੁਫੀਲਾ ਅਹਿਮਦ, 19 ਵਰ੍ਹਿਆਂ ਦੀ ਰੁਖਸਾਨਾ ਨਾਜ਼ ਡਰਬੀ ਤੋਂ ਅਤੇ 22 ਵਰ੍ਹਿਆਂ ਦੀ ਮੇਨਰ ਪਾਰਕ ਲੰਦਨ ਦੀ ਅਨੀਤਾ ਗਿੰਧਾ ਸ਼ਾਮਲ ਹਨ। ਸਾਲ 2004 'ਚ ਜਦ ਕੁਰਦਿਸ਼ ਮੁਸਲਿਮ ਅਬਦਾਲਾ ਯੋਨਸ ਨੇ ਆਪਣੀ 16 ਸਾਲਾ ਧੀ ਹੈਸ਼ੂ ਯੋਨਜ਼ ਦਾ "ਇੱਜ਼ਤ" ਦੇ ਨਾਂ ਤੇ ਕਤਲ ਕਰ ਦਿੱਤਾ ਤਾਂ ਮੁਲਕ ਭਰ ਵਿੱਚ ਹਾਹਾਕਾਰ ਮਚ ਗਈ। ਹੈਸ਼ੂ ਦੇ ਬਾਪ ਨੂੰ ਇੱਕ ਲਿਖੀ ਚਿੱਠੀ ਵੀ ਕਚਹਿਰੀ 'ਚ ਪੜ੍ਹੀ ਗਈ। ਚਿੱਠੀ ਵਿੱਚ ਹੈਸ਼ੂ ਨੇ ਲਿਖਿਆ, ਪਿਤਾ ਜੀ, ਮੈਨੂੰ ਮੁਆਫ਼ ਕਰਨਾ ਮੈਂ ਉਹ ਕੁੱਝ ਨਾ ਕਰ ਸਕੀ ਜੋ ਤੁਸੀਂ ਮੇਰੇ ਤੋਂ ਉਮੀਦ ਰੱਖਦੇ ਸੀ। ਕਈ ਗੱਲਾਂ ਐਹੋ ਜੇਹੀਆਂ ਹੁੰਦੀਆਂ ਹਨ ਜਿਨ੍ਹਾਂ ਤੇ ਤੁਹਾਡੀ ਨਹੀਂ ਹੁੰਦੀ ਅਤੇ ਤੁਸੀਂ ਉਹਨੂੰ ਬਦਲ ਨਹੀਂ ਸਕਦੇ। ਪਰ ਇਹ ਕਮਾਲ ਦੀ ਗੱਲ ਹੈ ਕਿ ਤੁਹਾਡੇ ਵਰਗੇ ਬਜ਼ੁਰਗ ਵੀ ਜ਼ੋਰਦਾਰ ਮੁੱਕਿਆਂ ਅਤੇ ਲੱਤਾਂ ਦੀਆਂ ਕਿੱਕਾਂ ਨਾਲ ਕੁੱਟਮਾਰ ਕਰ ਸਕਦੇ ਹਨ। ਮੈਨੂੰ ਉਮੀਦ ਹੈ ਤੁਸੀਂ ਆਪਣੀ ਤਾਕਤ ਮੇਰੇ ਸਰੀਰ ਤੇ ਅਜ਼ਮਾ ਕੇ ਆਨੰਦ ਮਾਣਿਆ ਹੋਵੇਗਾ। ਇਹ ਤਾਂ ਕੁੱਟ ਖਾਣ ਵਾਲੇ ਨੂੰ ਹੀ ਪਤਾ ਹੈ ਕਿ ਉਹ ਇਹਦਾ ਕਿੰਨਾਂ ਆਨੰਦ ਮਾਣ ਰਿਹਾ ਸੀ। ਇਸ ਕੰਮ ਲਈ ਸ਼ਾਬਾਸ਼! – ਹੈਸ਼ੂ



ਇਸ ਦਰਦਭਰੀ ਚਿੱਠੀ ਨੇ ਲੋਕਾਂ ਦੇ ਦਿਮਾਗਾਂ ਵਿੱਚ ਖਲਬਲੀ ਮਚਾ ਕੇ ਰੱਖ ਦਿੱਤੀ ਕਿ ਏਸ਼ੀਅਨ ਲੋਕ ਆਪਣੀਆਂ ਧੀਆਂ ਦੀ ਕੁੱਟਮਾਰ ਵੀ ਕਰਦੇ ਹਨ ਅਤੇ ਅਗਰ ਉਹ ਕਿਸੇ ਗੈਰ ਜਾਤ, ਗੈਰ ਧਰਮ ਅਤੇ ਗੈਰ ਨਸਲ ਵਾਲੇ ਲੜਕੇ ਨਾਲ ਵਿਆਹ ਕਰਵਾ ਲੈਣ ਤਾਂ ਉਹਦਾ ਕਤਲ ਕਰ ਦਿੰਦੇ ਹਨ। ਇਸ ਤੋਂ ਬਿਨਾਂ ਇਨ੍ਹਾਂ ਦੁੱਖਆਰੀਆਂ ਨੂੰ ਜਾਨ ਤੋਂ ਉਸ ਵੇਲੇ ਵੀ ਹੱਥ ਧੋਣੇ ਪੈਂਦੇ ਹਨ ਅਗਰ ਉਹ ਮਾਂ ਬਾਪ ਅਤੇ ਭਰਾਵਾਂ ਦੀ ਮਰਜ਼ੀ ਦੇ ਖਿਲਾਫ਼ ਝੰਡਾ ਚੁੱਕ ਲੈਣ। ਪਾਕਿਸਤਾਨ ਵਿੱਚ ਇੱਕ ਅੰਦਾਜ਼ੇ ਮੁਤਾਬਕ 1000 ਤੋਂ ਲੈ ਕੇ 1500 ਔਰਤਾਂ "ਇੱਜ਼ਤ" ਦੇ ਨਾਂ ਤੇ ਬਲੀ ਚਾੜ੍ਹ ਦਿੱਤੀਆਂ ਹਨ। ਇਹਦਾ ਮਤਲਬ ਇਹ ਨਹੀਂ ਕਿ ਇਹ ਕੰਮ ਪੰਜਾਬ ਜਾਂ ਭਾਰਤ ਦੇ ਬਾਕੀ ਸੂਬਿਆਂ ਵਿੱਚ ਨਹੀਂ ਹੁੰਦਾ। ਪੰਜਾਬ ਲੜਕੀਆਂ ਦੀ ਭਰੂਣ-ਹੱਤਿਆ ਵਿੱਚ ਮੋਹਰੀ ਹੈ।

"ਇੱਜ਼ਤ" ਵਾਲਾ ਲਾਟੂ ਸਿਰਫ਼ ਔਰਤ ਦੇ ਗਲ਼ ਹੀ ਲਟਕਾਇਆ ਜਾਂਦਾ ਹੈ, ਆਦਮੀ ਦੇ ਨਹੀਂ। ਕਾਕਾ ਜੀ ਜਿੰਨੀਆਂ ਮਰਜ਼ੀ ਬਦਮਾਸ਼ੀਆਂ ਕਰਨ, ਜਾਇਜ਼ ਨਜਾਇਜ਼ ਔਰਤਾਂ ਰੱਖਣ, ਉਸ ਵੇਲੇ ਇਨ੍ਹਾਂ ਦੀ ਇੱਜ਼ਤ ਨੂੰ ਦਾਗ ਨਹੀਂ ਲੱਗਦਾ। ਏਸ਼ੀਅਨ ਸੱਭਿਆਚਾਰ ਦਾ ਲੰਗੜਾਪਨ ਸਿਰਫ਼ ਔਰਤ ਦੁਆਲੇ ਹੀ ਭੰਬੀਰੀ ਵਾਂਗ ਘੁੰਮਦਾ ਹੈ। ਸਾਡੇ ਧਾਰਮਿਕ ਅਤੇ ਸਿਆਸੀ ਚੌਧਰੀਆਂ ਨੂੰ ਇਸ ਮਸਲੇ ਵੱਲ ਦੇਖਣ ਦੀ ਫੁਰਸਤ ਨਹੀਂ ਹੈ। ਸਗੋਂ ਕਈ ਵਾਰ ਤਾਂ ਇੰਝ ਲੱਗਦਾ ਹੈ ਕਿ ਇਹ ਇਨ੍ਹਾਂ ਚੌਧਰੀਆਂ ਦੀ ਹੀ ਉਪਜ ਹੈ।

ਸਾਡੇ ਸੱਭਿਆਚਾਰ ਦੇ ਰੰਗ ਢੰਗ ਧਰਮ ਤੋਂ ਸੇਧ ਲੈਂਦੇ ਹਨ ਅਤੇ ਕੋਈ ਵੀ ਧਰਮ ਔਰਤਾਂ ਦੇ ਬਰਾਬਰੀ ਦੇ ਹੱਕਾਂ ਬਾਰੇ ਗੁੰਗੇਪੁਣੇ ਤੋਂ ਵੱਧ ਨਹੀਂ। ਸੱਭਿਆਚਾਰ ਦੀਆਂ ਬੇਇਨਸਾਫ਼ੀਆਂ ਦੀ ਚੀਰ ਫਾੜ ਕਰਨਾ ਸਾਡਾ ਫਰਜ਼ ਬਣਦਾ ਹੈ ਤਾਂ ਕਿ ਅਜੋਕੇ ਦੌਰ ਦੇ ਸੰਦਰਭ ਵਿੱਚ ਨਵੇਂ ਅਤੇ ਨਰੋਏ ਮਾਪਦੰਡ ਅਪਣਾਏ ਜਾ ਸਕਣ। "ਇੱਜ਼ਤ" ਦੀ ਪ੍ਰੀਭਾਸ਼ਾ ਨੂੰ ਨਵੇਂ ਸਿਰਿਉਂ ਸੋਚ ਕੇ ਮਿਥਿਆ ਜਾਣਾ ਚਾਹੀਦਾ ਹੈ। ਸਾਡੇ ਬੱਚੇ ਚਾਹੇ ਉਹ ਲੜਕੇ ਜਾਂ ਲੜਕੀਆਂ ਹਨ, ਸਾਡੀ ਜਾਇਦਾਦ ਨਹੀਂ ਹਨ। ਬਰਤਾਨੀਆ ਵਰਗੇ ਮੁਲਕ ਵਿੱਚ ਉਨ੍ਹਾਂ ਨੂੰ ਬਰਾਬਰ ਦੇ ਹੱਕ ਦਿੱਤੇ ਗਏ ਹਨ ਅਤੇ ਉਨ੍ਹਾਂ ਦੇ ਹੱਕਾਂ ਤੇ ਪਹਿਰਾ ਦੇਣ ਲਈ ਕਾਨੂੰਨ, ਵਕੀਲ, ਕਚਹਿਰੀਆਂ, ਪੁਲੀਸ ਅਤੇ ਸੋਸ਼ਲ ਸਰਵਿਸਜ਼ ਵਰਗੇ ਅਦਾਰੇ ਤਾਇਨਾਤ ਕੀਤੇ ਗਏ ਹਨ। ਬੱਚਿਆਂ ਦਾ 1989 ਦਾ ਕਾਨੂੰਨ

ਅਤੇ 1993 ਦਾ ਚਾਈਲਡ ਪ੍ਰੋਟੈਕਸ਼ਨ ਕਾਨੂੰਨ ਬੱਚਿਆਂ ਦੀ ਚੌਕੀਦਾਰੀ ਕਰਨ ਲਈ ਹਨ। ਇਸ ਤੋਂ ਬਿਨ੍ਹਾਂ ਹੋਰ ਵੀ ਕਈ ਗੈਰ ਸਰਕਾਰੀ ਅਦਾਰੇ ਜਿਵੇਂ "ਚਾਈਲਡ ਹੈਲਪ ਲਾਈਨ", ਐਨ. ਐਸ. ਪੀ. ਸੀ. ਸੀ. ਅਤੇ ਚਿਲਡਰਨ ਸੁਸਾਇਟੀ ਵਰਗੀਆਂ ਸੰਸਥਾਵਾਂ ਹਨ ਜੋ ਬੱਚਿਆਂ ਦੀ ਹਿਫਾਜ਼ਤ ਲਈ ਦਿਨ ਰਾਤ ਕੰਮ ਕਰਦੀਆਂ ਹਨ। ਘਰੇਲੂ ਮਾਰ ਕੁਟਾਈ ਨੂੰ ਰੋਕਣ ਲਈ ਅਕਤੂਬਰ 2004 ਦੇ ਪ੍ਰੋਟੈਕਟਿੰਗ ਚਿਲਡਰਨ ਮੈਗਜ਼ੀਨ ਮੁਤਾਬਕ ਸਰਕਾਰ ਦਾ ਹਰ ਸਾਲ 23 ਬਿਲੀਅਨ ਪੌਂਡ ਖਰਚ ਹੁੰਦਾ ਹੈ।

ਬਰਤਾਨੀਆ ਵਰਗੇ ਵਿਕਸਤ ਸਮਾਜ ਵਿੱਚ ਰਹਿ ਕੇ ਵੀ ਕਈ ਏਸ਼ੀਆਈ ਲੋਕਾਂ ਦੀ ਸੋਚ ਅਜੇ ਵੀ ਰੂੜਵਾਦ ਨਾਲ ਜਕੜੀ ਪਈ ਹੈ। ਉਹ ਆਪ ਪੱਛਮੀ ਮੁਲਕਾਂ ਦੀ ਖੁਸ਼ਹਾਲੀ ਅਤੇ ਜਾਤੀ ਅਜ਼ਾਦੀ ਦਾ ਪੂਰਾ ਲਾਭ ਉਠਾਉਣਾ ਚਾਹੁੰਦੇ ਹਨ ਪਰ ਇੱਥੇ ਦੀ ਬਦਲਦੀ ਸੋਚ ਨਾਲ ਮੇਲ ਨਹੀਂ ਰੱਖਣਾ ਚਾਹੁੰਦੇ। ਜਦੋਂ ਕਿ ਪਾਖੰਡੀ ਅਸੀਂ ਇਨ੍ਹੇ ਹਾਂ ਕਿ ਸਾਡੇ ਲੋਕ ਗੀਤ ਚਾਹੇ ਉਹ ਹੀਰ ਰਾਂਝਾ ਹੋਵੇ ਜਾਂ ਮਿਰਜ਼ਾ ਸਾਹਿਬਾਂ, ਗੱਲ ਪਿਆਰ ਦੇ ਸਿਰੇ ਚਾੜਣ ਦੀ ਕਰਦੇ ਹਨ। ਸਾਡੀਆਂ ਫਿਲਮਾਂ, ਨਾਵਲ, ਕਹਾਣੀਆਂ ਅਤੇ ਇਕਾਂਗੀ ਨਾਟਕ ਵੀ ਖੁੱਲ੍ਹੇ ਪਿਆਰ ਅਤੇ ਖੁਸ਼ੀ ਦੀ ਗੱਲ ਨਾਲ ਲਬਰੇਜ਼ ਹਨ। ਹਰ ਰੋਜ਼ ਸੁਣੇ ਜਾਣ ਵਾਲੇ ਫਿਲਮੀ ਗੀਤ ਇਕ ਕੁੜੀ ਮੁੰਡੇ ਦੇ ਆਪਸੀ ਪਿਆਰ ਦੇ ਹੀ ਗੁਣ ਗਾਉਂਦੇ ਹਨ। ਅਸੀਂ ਮਨ ਹੀ ਮਨ ਇਸ ਪਿਆਰ ਲਈ ਤਾਂਘਦੇ ਅਤੇ ਝੂਰਦੇ ਹਾਂ ਅਤੇ ਪਿਆਰ ਕਰਨ ਵਾਲੇ ਜੋੜੇ ਦੇ ਹਮਦਰਦ ਬਣ ਜਾਂਦੇ ਹਾਂ ਕਿ ਉਨ੍ਹਾਂ ਦਾ ਪਿਆਰ ਸਿਰੇ ਚੜ੍ਹ ਜਾਣਾ ਚਾਹੀਦਾ ਹੈ। ਗਲ ਜਦ ਆਪਣੇ ਬੱਚਿਆਂ ਦੀ ਆਉਂਦੀ ਹੈ ਤਾਂ ਅਸੀਂ ਪੁਰਾਣੀਆਂ ਕਦਰਾਂ ਕੀਮਤਾਂ ਦੀ ਪੇਂਦੇ ਚੜ੍ਹ ਜਾਂਦੇ ਹਨ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਹੁਣ ਅਸੀਂ ਬਹੁਤ ਜ਼ਿਆਦਾ, ਸਮਾਜ ਜਾਂ ਭਾਈਚਾਰੇ ਤੇ ਨਿਰਭਰ ਨਹੀਂ ਹਾਂ ਅਤੇ ਫਿਰ "ਨੱਕ ਰੱਖਣ" ਜਾਂ "ਇੱਜ਼ਤ" ਵਾਲੀ ਗੱਲ ਕੀਹਦੇ ਕਰਕੇ ਰੱਖੀ ਜਾਵੇ? ਜਦ ਤੁਹਾਡੇ ਤੇ ਜਾਂ ਤੁਹਾਡੇ ਬੱਚਿਆਂ ਤੇ ਕੋਈ ਦੁੱਖ ਸੁੱਖ ਆਉਂਦਾ ਹੈ ਤਾਂ ਫੋਕੀ ਹਮਦਰਦੀ ਤੋਂ ਬਿਨ੍ਹਾਂ ਇਹ ਸਮਾਜ ਜਾਂ ਭਾਈਚਾਰਾ ਕੀ ਦਿੰਦਾ ਹੈ? ਰਿਸ਼ਤੇਦਾਰਾਂ ਦੀ ਕਿਉਂ ਪ੍ਰਵਾਹ ਕੀਤੀ ਜਾਵੇ? ਉਹ ਗ਼ਮ ਵੇਲੇ ਸਿਰਫ਼ ਰੋਣ ਆਉਂਦੇ ਹਨ ਅਤੇ ਖੁਸ਼ੀ ਵੇਲੇ ਖਾਣ। ਬਾਕੀ ਸਮਾਂ ਉਹ ਤੁਹਾਡੇ ਨਾਲ ਈਰਖਾ ਕਰਦੇ ਹਨ ਤਾਂ ਫਿਰ ਕਾਹਦੀ ਅਤੇ ਕੇਹੜੀ ਇੱਜ਼ਤ ਬਦਲੇ ਬੱਚਿਆਂ ਨੂੰ ਕਤਲ ਕੀਤਾ ਜਾਵੇ ਅਤੇ ਰੋਕਾਂ ਲਾ ਕੇ ਦੁੱਖੀ ਕੀਤਾ ਜਾਵੇ? ਕੀ ਇੱਕੋ ਹੀ ਜਾਤਾਂ, ਗੋਤਾਂ, ਧਰਮਾਂ, ਨਸਲਾਂ, ਕੌਮਾਂ ਵਿੱਚ ਹੋਏ ਕੁੜੀ ਮੁੰਡੇ ਦੇ ਵਿਆਹ ਖੁਸ਼ਗਵਾਰ ਰਹਿੰਦੇ ਹਨ? ਕੀ ਉਥੇ ਤਲਾਕ ਨਹੀਂ ਹੁੰਦੇ? ਕੀ ਉਥੇ ਦੁਸ਼ਵਾਰੀਆਂ ਨਹੀਂ ਝੱਲਣੀਆਂ ਪੈਂਦੀਆਂ? ਕੀ ਇਨ੍ਹਾਂ ਚੱਕਰਾਂ ਵਿੱਚ ਪੈ ਕੇ ਅਸੀਂ ਪਹਿਲੀਆਂ ਪਈਆਂ ਵੰਡੀਆਂ ਨੂੰ ਹੋਰ ਪੱਕਾ ਨਹੀਂ ਕਰ ਰਹੇ ਅਤੇ 'ਮਾਨਸ ਕੀ ਜਾਤਿ ਏਕ ਪਹਿਚਾਨਬੋ' ਦੇ ਸਿਧਾਂਤ ਤੋਂ ਦੂਰ ਨਹੀਂ ਜਾ ਰਹੇ? ਜਦ ਤੁਹਾਡਾ ਬੱਚਾ ਬੱਚੀ ਦੁੱਖੀ ਜਾਂ ਸੁੱਖੀ ਹੁੰਦਾ ਹੈ ਤਾਂ ਉਹਦਾ ਸੇਕ ਸਿਰਫ਼ ਤੁਹਾਨੂੰ ਮਾਪਿਆਂ ਨੂੰ ਹੀ ਸਭ ਤੋਂ ਜ਼ਿਆਦਾ ਲੱਗਦਾ ਹੈ। ਭੁੱਖੇ ਮਰ ਰਹੇ ਤੁਹਾਡੇ ਬੱਚੇ ਬੱਚੀ ਨੂੰ ਇਹ ਲੋਕ ਰੋਟੀ ਦੇਣ ਨਹੀਂ ਜਾਂਦੇ ਜਿਸ ਕਰਕੇ ਤੁਸੀਂ ਬੱਚਿਆਂ ਦਾ ਕਤਲ ਕਰ ਦਿੰਦੇ ਹੋ। ਫਿਰ ਆਪਣੀ ਬਦਨਾਮੀ ਕਰਾਉਂਦੇ ਹੋ, ਜੇਲ੍ਹਾਂ ਭੁਗਤਦੇ ਹੋ, ਲੋਕਾਂ ਵਿੱਚ ਤੋਏ ਤੋਏ ਹੁੰਦੀ ਹੈ ਅਤੇ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਜਾਂਦਾ ਹੈ। ਕਾਹਦੀ ਇੱਜ਼ਤ ਅਤੇ ਕਿਹੜੀ ਇੱਜ਼ਤ? ਕੀ ਗੋਰੇ ਗੋਰੀਆਂ ਦੀ ਕੋਈ ਇੱਜ਼ਤ ਨਹੀਂ ਹੈ? ਕੀ ਇਨ੍ਹਾਂ ਦੀਆਂ ਕੋਈ ਕਦਰਾਂ ਕੀਮਤਾਂ ਨਹੀਂ ਹਨ?

ਇੱਜ਼ਤ ਵਰਗੇ ਖੋਖਲੇ ਸਿਧਾਂਤਾਂ ਨੂੰ ਦੁਆਰਾ ਤਰਕ ਦੀ ਕਸਵੱਟੀ ਤੇ ਘੋਖਣ ਦੀ ਲੋੜ ਹੈ। ਸੋਚ ਨੂੰ ਲਚਕੀਲਾ ਅਤੇ ਵੱਡਿਆ ਕਰਨ ਦੀ ਲੋੜ ਹੈ। ਸਮਾਜ ਦੀਆਂ ਕਦਰਾਂ ਕੀਮਤਾਂ ਸਮੇਂ ਸਮੇਂ ਬਦਲਦੀਆਂ ਰਹਿੰਦੀਆਂ ਹਨ ਅਤੇ ਇਹ ਮਾਪਦੰਡ ਅਸੀਂ ਆਪਣੀ ਸਹੂਲਤ ਲਈ ਬਦਲ ਲੈਂਦੇ ਹਾਂ। ਹੁਣ ਦੀ ਸੋਚ ਜਾਤੀ ਆਜ਼ਾਦੀ ਨੂੰ ਵਧਾਉਣ ਅਤੇ ਬਰਕਰਾਰ ਰੱਖਣ ਦੀ ਹੈ ਅਤੇ ਇਸੇ ਕਰਕੇ ਇਥੇ 1998 ਦਾ ਹਿਊਮਨ ਰਾਈਟਸ ਐਕਟ ਬਣਿਆ ਹੋਇਆ ਹੈ। ਸਾਨੂੰ ਇਸ ਸੋਚ ਦੇ ਮੇਚ ਦੇ ਬਣਨ ਦੀ ਸਖ਼ਤ ਜ਼ਰੂਰਤ ਹੈ ਨਹੀਂ ਤਾਂ ਸਾਨੂੰ ਅਸੱਭਿਅਕ, ਜਾਂਗਲੀ, ਕੁੜੀਮਾਰ, ਨਿਰਦਯੀ ਅਤੇ ਜ਼ਾਲਮ ਕਿਹਾ ਜਾਵੇਗਾ।





ਕੁੱਲ ਕੀਮਤ 120/-

ਲੇਖਕ ਇੰਜ. ਰਾਜ ਕੁਮਾਰ ਅਗਰਵਾਲ

# ਭਵਨ ਨਿਰਮਾਣ ਕਿਵੇਂ ਕਰੀਏ

ਸੁੰਦਰ, ਮਜ਼ਬੂਤ, ਭੁਚਾਲ ਨਿਰੋਧਕ ਅਤੇ ਘੱਟ ਖਰਚ ਵਿੱਚ
ਜੇ ਤੁਸੀਂ ਘਰ ਬਣਾਉਣਾ ਚਹੁੰਦੇ ਹੋ ਤਾਂ ਪਹਿਲਾਂ ਇੱਕ ਵਾਰ ਇਹ ਕਿਤਾਬ ਜ਼ਰੂਰ ਪੜ੍ਹੋ।

* ਨਕਸ਼ਿਆਂ ਸਹਿਤ * ਸਰੀਏ ਦੀ ਜਾਂਚ * ਸੀਮਿੰਟ ਦੀ ਜਾਂਚ ਕਿਵੇਂ
* ਸਲ੍ਹਾਬ ਤੋਂ ਕਿਵੇਂ ਬਚਾਅ * ਤਰੇੜਾਂ ਤੋਂ ਬਚਾਅ ਕਿਵੇਂ
* ਲੱਕੜ ਦੀ ਚੋਣ ਕਿਵੇਂ ਕਰੀਏ ਜਾਂ ਮਾਰਬਲ ਕਿਹੋ ਜਿਹਾ ਹੋਵੇ

ਆਦਿ ਜਾਣਕਾਰੀਆਂ ਦਿੰਦੀ ਇਹ ਪੁਸਤਕ, ਘਰ ਬਣਾਉਣ ਤੋਂ ਪਹਿਲਾਂ ਇੱਕ ਵਾਰ ਜਰੂਰ ਪੜ੍ਹੋ

ਘਰ ਬੈਠੇ ਪੁਸਤਕ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਸਿਰ ਘੁਮਾ ਕੇ ਪੁੱਛਾਂ ਦੇਣ ਵਾਲੇ ਬਾਬੇ ਦਾ 'ਚਮਤਕਾਰ'

ਹੁਣੇ-ਹੁਣੇ ਹੀ ਮੈਨੂੰ ਇੱਕ ਅਜਹਿ ਬਾਬੇ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਜੋ ਆਪਣੇ ਹੀ ਘਰ ਵਿੱਚ ਹਰ ਐਤਵਾਰ ਨੂੰ ਚੌਂਕੀ ਵਾਲੇ ਦਿਨ ਆਏ ਹੋਏ ਸ਼ਰਧਾਲੂਆਂ ਨੂੰ ਸਿਰ ਘੁਮਾਕੇ ਪੁੱਛਾਂ ਦਿੰਦਾ ਸੀ ਤੇ ਚਮਤਕਾਰ ਦਿਖਾਉਂਦਾ ਸੀ। ਉਸ ਸਮੇਂ ਬਾਬਾ ਹਰ ਕਿਸੇ ਨਾਲ ਕੜਕਵੀਂ ਆਵਾਜ਼ ਵਿੱਚ ਰੋਅਬ ਨਾਲ ਗੱਲ ਕਰਦਾ ਸੀ। ਉਸਦੇ ਸਿਰ ਉਤੇ ਲੰਮੀਆਂ-ਲੰਮੀਆਂ ਜਟਾਂ ਹਰ ਸਮੇਂ ਲਟਕਦੀਆਂ ਰਹਿੰਦੀਆਂ, ਜਦੋਂ ਬਾਬਾ ਸਿਰ ਘੁਮਾਉਂਦਾ ਤਾਂ ਉਸਦੀਆਂ ਜਟਾਂ ਦਾ ਘੇਰਾ ਲੰਮਾ ਹੋਣ ਕਰਕੇ, ਲਾਗੇ ਬੈਠੇ ਸ਼ਰਧਾਲੂਆਂ ਦੇ ਮੂੰਹਾਂ ਉਤੇ ਜਾ ਵਜਦੀਆਂ ਤੇ ਉਹ ਇੱਕ ਦਮ ਪਿੱਛੇ ਹੱਟ ਜਾਂਦੇ। ਉਹ ਕਾਲੇ ਰੰਗ ਦਾ ਕੁੜਤਾ-ਚਾਦਰਾ ਪਹਿਨੀ ਰੱਖਦਾ। ਮੱਥੇ ਉਤੇ ਵੱਡਾ ਸਾਰਾ ਚਿੱਟੇ ਤੇ ਲਾਲ ਰੰਗ ਦਾ ਤਿਲਕ ਤੇ ਹੱਥ ਵਿੱਚ ਚਿਮਟਾ ਫੜੀ ਰੱਖਦਾ। ਉਸਦੇ ਗਲ਼ੇ ਵਿੱਚ ਰੰਗ-ਬਿਰੰਗੇ ਮਣਕਿਆਂ ਵਾਲੀਆਂ ਮਾਲਾਵਾਂ ਤੇ ਹੱਥਾਂ ਵਿੱਚ ਰੰਗ ਬਰੰਗੇ ਕੜੇ ਪਹਿਨੇ ਹੁੰਦੇ। ਦੇਖਣ ਨੂੰ ਬਾਬਾ 'ਭੈਰੋਂ' ਦਾ ਅਸਲੀ ਰੂਪ ਹੀ ਲੱਗਦਾ। ਛੋਟੇ ਬੱਚੇ ਉਸਨੂੰ ਦੇਖਦੇ ਸਾਰ ਹੀ ਡਰ ਨਾਲ ਰੋਣ ਪਿੱਟਣ ਲੱਗ ਜਾਂਦੇ। ਮਾਵਾਂ ਆਪਣੇ ਰੋਂਦੇ ਬੱਚਿਆਂ ਦੀਆਂ ਅੱਖਾਂ ਉਪਰ ਇੱਕ ਦਮ ਹੱਥ ਰੱਖ ਦਿੰਦੀਆਂ ਤੇ ਬੱਚਿਆਂ ਦਾ ਧਿਆਨ ਕਿਸੇ ਹੋਰ ਪਾਸੇ ਕਰ ਦਿੰਦੀਆਂ। ਆਪਣੇ ਘਰ ਦੇ ਬਹੁਤ ਸਾਰੇ ਕਮਰਿਆਂ ਵਿੱਚੋਂ ਉਸਨੇ ਇੱਕ ਵੱਡਾ ਸਾਰਾ ਹਾਲ ਦੇਵੀ-ਦੇਵਤਿਆਂ ਤੇ ਬਾਬਿਆਂ ਦੀਆਂ ਫੋਟੋਆਂ ਤੇ ਮੂਰਤੀਆਂ ਨਾਲ ਸਜਾ ਰੱਖਿਆ ਸੀ। ਤਿੰਨ ਫੁੱਟ ਵਰਗਾਕਾਰ ਦਾ ਇੱਕ ਟੋਆ, ਜਿਸ ਵਿੱਚ ਹਰ ਵਕਤ ਧੂਣਾ ਬਲਦਾ ਰਹਿੰਦਾ। ਧੂਣੇ ਦੇ ਇੱਕ ਖੂੰਜੇ ਵਿੱਚ ਇੱਕ ਵੱਡਾ ਸਾਰਾ ਚਿਮਟਾ ਗੱਡਿਆ ਹੋਇਆ ਸੀ। ਜਿਨ੍ਹਾਂ ਵਿਅਕਤੀਆਂ ਉਤੇ ਭੂਤਾਂ-ਚੜੇਲਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ ਦਾ ਅਸਰ ਹੋਇਆ ਹੁੰਦਾ ਤਾਂ ਬਾਬਾ ਚਿਮਟੇ ਮਾਰ-ਮਾਰ ਕੇ ਅਸਰ ਨੂੰ ਖਤਮ ਕਰ ਦਿੰਦਾ। ਬਾਬਾ ਆਪਣੇ ਕਾਲੇ-ਇਲਮ ਨਾਲ ਝਾੜ-ਫੂਕ ਕਰਦਾ ਤੇ ਕਸਰਾਂ ਵਿਚ ਆਈਆਂ ਔਰਤਾਂ ਨੂੰ ਇੱਕਦਮ ਠੀਕ ਕਰ ਦਿੰਦਾ। ਘਰ ਵਿੱਚ ਹਰ ਰੋਜ਼ ਦੀਵੇ ਦਾ ਚਿਰਾਗ਼ ਤੇ ਧੂਫ਼-ਬੱਤੀ ਕੀਤੀ ਜਾਂਦੀ ਜਿਸਦੇ ਧੂੰਏਂ ਨਾਲ ਕਮਰਾ ਹਰ ਰੋਜ਼ ਭਰਿਆ ਰਹਿੰਦਾ, ਦੂਰੋਂ ਦੇਖਣ ਨਾਲ ਇੰਝ ਲੱਗਦਾ ਜਿਵੇਂ ਅੰਦਰ ਅੱਗ ਮੱਚ ਰਹੀ ਹੋਵੇ। ਅੰਦਰ ਬੈਠੇ ਰਹਿਣ ਤੇ ਹਰ ਕਿਸੇ ਦਾ ਦਮ ਘੁੱਟਣ ਲੱਗਦਾ।



ਦੂਰ-ਦੂਰ ਤੋਂ ਲੋਕ ਆਪਣੀਆਂ ਸਮੱਸਿਆਵਾਂ ਦਾ ਹੱਲ ਪੁੱਛਣ ਲਈ ਬਾਬੇ ਕੋਲ ਪਹੁੰਚਦੇ। ਹਰ ਐਤਵਾਰ ਨੂੰ ਬਾਬੇ ਦਾ ਘਰ ਸ਼ਰਧਾਲੂਆਂ ਨਾਲ ਭਰ ਜਾਂਦਾ। ਪਿੰਡ ਦੇ ਬਹੁਤ ਸਾਰੇ ਵਿਹਲੇ ਮੁੰਡੇ ਜੋ ਹਰ ਸਮੇਂ ਨਸ਼ਿਆਂ ਵਿੱਚ ਡੁੱਬੇ ਰਹਿੰਦੇ, ਉਹ ਸੇਵਾਦਾਰ ਬਣਕੇ ਆਈ ਹੋਈ ਸੰਗਤ ਨੂੰ ਚਾਹ-ਪਕੌੜਿਆਂ ਦਾ ਲੰਗਰ ਸ਼ਰਧਾ ਨਾਲ ਬਰਤਾਉਂਦੇ। ਬਾਬੇ ਦੀਆਂ ਸਿਫ਼ਤਾਂ


ਜਿੰਦੀ ਪੇਂਟਰ
ਮੋਬਾ : 98156-81834


ਕਰਦੇ ਤੇ ਚਮਤਕਾਰਾਂ ਦੇ ਕਿੱਸੇ ਸੁਣਾਉਂਦੇ। ਚੌਂਕੀ ਉਤੇ ਦੇਵੀ-ਦੇਵਤਿਆਂ ਦੀਆਂ ਭੇਟਾਂ ਤੇ ਭਜਨਾਂ ਨੂੰ ਚਿਮਟਿਆਂ, ਢੋਲਕੀਆਂ, ਛੈਣਿਆਂ ਤੇ ਤਾੜੀਆਂ ਨਾਲ ਉੱਚੀ ਆਵਾਜ਼ ਵਿੱਚ ਸ਼ਰਧਾ ਪੂਰਵਕ ਗਾਇਆ ਜਾਂਦਾ। ਬਹੁਤ ਸਾਰੇ ਸ਼ਰਧਾਲੂ ਮਸਤੀ ਵਿੱਚ ਆਕੇ ਨੱਚਣ-ਟੱਪਣ ਲੱਗ ਜਾਂਦੇ। ਹਰ ਇੱਕ ਸ਼ਰਧਾਲੂ ਬਾਬੇ ਦੇ ਪੈਰੀਂ ਹੱਥ ਲਾਉਂਦਾ ਹੋਇਆ ਵੱਧ ਤੋਂ ਵੱਧ ਰੁਪਏ ਭੇਂਟ ਕਰਦਾ ਤਾਂ ਜੋ ਬਾਬਾ ਉਨ੍ਹਾਂ ਉਪਰ ਆਈਆਂ ਮੁਸੀਬਤਾਂ ਨੂੰ ਨਸ਼ਟ ਕਰ ਦੇਵੇ। ਬਾਬੇ ਕੋਲ ਚੌਂਕੀ ਭਰਨ ਲਈ ਆਉਣ ਵਾਲੇ ਸ਼ਰਧਾਲੂਆਂ ਵਿੱਚ ਸਭ ਤੋਂ ਵੱਧ ਔਰਤਾਂ ਹੀ ਹੁੰਦੀਆਂ। ਇਨ੍ਹਾਂ ਵਿੱਚ ਉਹ ਔਰਤਾਂ ਵੀ ਹੁੰਦੀਆਂ ਜੋ ਕਾਫ਼ੀ ਪੜ੍ਹੀਆਂ ਲਿਖੀਆਂ ਤੇ ਸਮਝਦਾਰ ਨਜ਼ਰ ਆਉਂਦੀਆਂ, ਜੋ ਬਾਬੇ ਦੇ ਪੈਰੀਂ ਹੱਥ ਲਾ ਕੇ ਆਪਣੀ ਭੁੱਲਾਂ ਬਖਸ਼ਾਉਂਦੀਆਂ। ਬਾਬਾ ਕਦੇ-ਕਦੇ ਹੀ ਚੌਂਕੀ ਵਾਲੇ ਦਿਨ ਆਈ ਹੋਈ ਸੰਗਤ ਨੂੰ ਬਹੁਤ ਸਾਰੇ ਚਮਤਕਾਰ ਵੀ ਕਰਕੇ ਦਿਖਾਉਂਦਾ। ਇਨ੍ਹਾਂ ਚਮਤਕਾਰਾਂ ਕਰਕੇ ਹੀ ਉਸਦੀ ਪ੍ਰਸਿੱਧੀ ਦੂਰ-ਦੂਰ ਤੱਕ ਪਿੰਡਾਂ ਤੇ ਸ਼ਹਿਰਾਂ ਵਿੱਚ ਫੈਲੀ ਹੋਈ ਸੀ। ਇੱਕ ਵਾਰ ਉਸਨੇ ਇੱਕ ਅਜਿਹਾ ਚਮਤਕਾਰ ਕੀਤਾ ਕੇ ਉਸ ਕੋਲ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਇੱਕਦਮ ਬਹੁਤ ਵੱਧ ਗਈ। ਉਹ ਚਮਤਕਾਰ ਇਸ ਤਰ੍ਹਾਂ ਸੀ:

ਇੱਕ ਦਿਨ ਚੌਂਕੀ ਵਾਲੇ ਦਿਨ ਜਦੋਂ ਬਾਬਾ ਆਏ ਹੋਏ ਸ਼ਰਧਾਲੂਆਂ ਨੂੰ ਸਿਰ ਘੁਮਾਕੇ ਪੁੱਛਾਂ ਦੇ ਰਿਹਾ ਸੀ ਤਾਂ ਕਾਫ਼ੀ ਦੂਰ ਬੈਠੇ ਇੱਕ ਪੜ੍ਹੇ-ਲਿਖੇ ਤੇ ਸਮਝਦਾਰ ਦਿਸਣ ਵਾਲੇ ਨੌਜਵਾਨ ਲੜਕੇ ਨੇ ਆਪਣੇ ਮਨ ਵਿੱਚ ਹੀ ਕਲਪਨਾ ਕਰਕੇ ਉਸਦਾ ਮਜ਼ਾਕ ਉਡਾਉਂਦਿਆਂ ਸੋਚਿਆ, "ਬਾਬਾ ਤਾਂ ਐਵੇਂ ਹੀ ਸਿਰ ਘੁਮਾ ਕੇ

ਪੁੱਛਾਂ ਦੇਣ ਦਾ ਪਖੰਡ ਰਚਦਾ ਹੈ, ਤੇ ਆਏ ਹੋਏ ਸ਼ਰਧਾਲੂਆਂ ਨੂੰ ਬੇਵਕੂਫ਼ ਬਣਾ ਕੇ ਲੁੱਟਦਾ ਹੈ, ਅਜਿਹੇ ਪਖੰਡੀ ਤਾਂ ਭਾਰਤ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਆਪਣਾ ਆਪਣਾ ਡੇਰਾ ਬਣਾਈ ਬੈਠੇ ਹਨ।" ਜਦ ਕੇ ਲੜਕੇ ਨੇ ਇਹ ਕਲਪਨਾ ਸਿਰਫ਼ ਆਪਣੇ ਮਨ ਵਿੱਚ ਹੀ ਕੀਤੀ ਸੀ, ਪਰ ਬਾਬਾ ਤਾਂ ਸੱਚਮੁੱਚ ਹੀ ਅੰਤਰਯਾਮੀ ਨਿਕਲਿਆ। ਉਸਨੇ ਇੱਕਦਮ ਹੀ ਆਪਣਾ ਸਿਰ ਘੁਮਾਉਣਾ ਛੱਡ ਕੇ ਉਸ ਲੜਕੇ ਵੱਲ ਬੜੇ ਗੁੱਸੇ ਨਾਲ ਅੱਖਾਂ ਕੱਢਕੇ ਦੇਖਿਆ। ਲੜਕਾ ਇਕਦਮ ਹੈਰਾਨ ਹੋ ਗਿਆ, ਉਸਦਾ ਰੰਗ ਪੀਲਾ ਪੈ ਗਿਆ ਤੇ ਉਹ ਡਰ ਨਾਲ ਕੰਬਣ ਲੱਗਾ। ਬਾਬੇ ਨੇ ਕੜਕਵੀਂ ਆਵਾਜ਼ ਵਿੱਚ ਉਸਨੂੰ ਕਿਹਾ, "ਤੂੰ ਸਾਨੂੰ ਪਖੰਡੀ ਆਖਦਾ ਏ, ਤੇ ਅਸੀਂ ਏਥੇ ਸ਼ਰਧਾਲੂਆਂ ਨੂੰ ਲੁੱਟਣ ਲਈ ਬੈਠੇ ਹਾਂ, ਕੀ ਤੈਨੂੰ ਸਾਡੇ ਉਪਰ ਵਿਸ਼ਵਾਸ ਨਹੀਂ ਕੇ ਅਸੀਂ ਚਮਤਕਾਰੀ ਹਾਂ।" ਲੜਕਾ ਇਹ ਸੋਚ ਕੇ ਹੈਰਾਨ ਸੀ ਕਿ ਬਾਬੇ ਨੂੰ ਇਹ ਕਿਵੇਂ ਪਤਾ ਲੱਗਾ ਕੇ ਉਹ ਉਸ ਬਾਰੇ ਇਸ ਤਰ੍ਹਾਂ ਸੋਚਦਾ ਹੈ। ਜਦ ਕੇ ਉਸਨੇ ਤਾਂ ਇਹ ਕਲਪਨਾ ਆਪਣੇ ਮਨ ਵਿੱਚ ਹੀ ਕੀਤੀ ਸੀ।

ਲੜਕੇ ਨੇ ਹੌਂਸਲੇ ਭਰੀ ਦਲੇਰੀ ਨਾਲ ਬਾਬੇ ਨੂੰ ਚੈਲੇਂਜ ਕਰਦੇ ਹੋਏ ਨੇ ਆਖਿਆ, "ਹਾਂ! ਮੈਂ ਏਹੀ ਸੋਚਦਾ ਹਾਂ ਕੇ ਤੂੰ ਪਾਖੰਡੀ ਏ ਤੇ ਪਖੰਡ ਰਚ ਕੇ ਲੋਕਾਂ ਨੂੰ ਬੁੱਧੂ ਬਣਾ ਕੇ ਲੁੱਟਦਾ ਏਂ।" ਏਨੇ ਨੂੰ ਬਾਬੇ ਨੇ ਉਸਨੂੰ ਸੱਚਮੁੱਚ ਹੀ ਆਪਣੇ ਚਮਤਕਾਰੀ ਹੋਣ ਦਾ ਸਬੂਤ ਦੇਣ ਲਈ ਲਾਗੇ ਮਚ ਰਹੇ ਧੂਣੇ ਵਿੱਚੋਂ ਥੋੜ੍ਹੀ ਜਿਹੀ ਸੁਆਹ ਆਪਣੀ ਮੱਠੀ ਵਿੱਚ ਫੜਕੇ ਅੱਖਾਂ ਬੰਦ ਕਰਕੇ ਆਪਣੀ ਬੰਦ ਮੁੱਠੀ ਮੱਥੇ ਨਾਲ ਲਗਾਈ ਤੇ ਜੰਤਰਾਂ-ਮੰਤਰਾਂ ਦੁਆਰਾ ਦੇਵੀ-ਦੇਵਤਿਆਂ ਅੱਗੇ ਅਰਦਾਸ ਕੀਤੀ ਤੇ ਮੁੱਠੀ ਖੋਲ੍ਹਕੇ ਸੁਆਹ ਫੂਕ ਮਾਰ ਕੇ ਲੜਕੇ ਵੱਲ ਉੜਾ ਦਿੱਤੀ। ਏਨੇ ਨੂੰ ਲੜਕਾ ਖੜਾ ਹੀ ਕੰਬਣ ਲੱਗਾ ਤੇ ਚੀਕ-ਚਿਹਾੜਾ ਪਾਉਂਦਾ ਹੋਇਆ ਜ਼ਮੀਨ ਉਪਰ ਤੜਫਦਾ ਹੋਇਆ ਘੁਮੇਟਣੀਆਂ ਜਿਹੀਆਂ ਖਾ ਕੇ ਡਿੱਗ ਪਿਆ ਤੇ ਲਿਟਣ ਲੱਗਾ। ਉਸਦੇ ਸਾਰੇ ਕੱਪੜੇ ਪਾਟ ਗਏ ਤੇ ਵਾਲ ਖਿਲਰ ਗਏ।

ਇਹ ਦੇਖਕੇ ਸਾਰੀ ਸੰਗਤ ਬਹੁਤ ਹੈਰਾਨ ਤੇ ਪ੍ਰੇਸ਼ਾਨ ਹੋਈ, ਉਨ੍ਹਾਂ ਤੋਂ ਤੜਫ਼ਦਾ ਹੋਇਆ ਲੜਕਾ ਦੇਖ ਨਾ ਹੋਇਆ। ਉਨ੍ਹਾਂ ਨੇ ਹਮਦਰਦੀ ਨਾਲ ਬਾਬੇ ਅੱਗੇ ਹੱਥ ਜੋੜ ਕੇ ਲੜਕੇ ਨੂੰ ਮਾਫ਼ ਕਰ ਦੇਣ ਦੀ ਬੇਨਤੀ ਕੀਤੀ। ਇੱਕ ਸ਼ਰਧਾਲੂ ਬੋਲਿਆ, "ਬਾਬਾ ਜੀ ਲੜਕਾ ਅਜੇ ਅਣਜਾਣ ਹੈ, ਐਤਕੀਂ ਇਸ ਨੂੰ ਛੱਡ ਦਿਓ।" ਬਾਬੇ ਨੇ ਆਖਿਆ, "ਨਹੀਂ! ਅਜਿਹੇ ਘੁਮੰਡੀ ਤੇ ਹੰਕਾਰੀ ਮੁੰਡਿਆਂ ਨੂੰ ਇਸੇ ਤਰ੍ਹਾਂ ਹੀ ਠੀਕ ਕੀਤਾ ਜਾ ਸਕਦਾ ਹੈ, ਇਸਨੂੰ ਪਤਾ ਲੱਗਣਾ ਚਾਹੀਦਾ ਹੈ ਕੇ ਅਸੀਂ ਪਖੰਡੀ ਨਹੀਂ ਹਾਂ। ਬਾਬਿਆਂ ਦਾ ਮਜ਼ਾਕ ਉਡਾਉਣ ਵਾਲੇ ਮੁੰਡਿਆਂ ਨੂੰ ਇਸੇ ਤਰ੍ਹਾਂ ਹੀ ਸਬਕ ਸਿਖਾਉਣਾ ਚਾਹੀਦਾ ਹੈ। ਲੜਕਾ ਵੀ ਤੜਫਦਾ ਹੋਇਆ, ਬਾਬੇ ਕੋਲੋਂ ਆਪਣੀ ਭੁੱਲ ਦੀ ਮਾਫ਼ੀ ਮੰਗਣ ਲੱਗਾ, "ਬਾਬਾ ਜੀ ਮੈਨੂੰ ਮਾਫ਼ ਕਰ ਦਿਓ ਮੈਂ ਤਾਂ ਤੁਹਾਨੂੰ ਵੀ ਬਾਕੀ ਬਾਬਿਆਂ ਵਾਂਗ ਹੀ ਪਖੰਡੀ ਤੇ ਧੋਖੇਬਾਜ਼ ਸਮਝਦਾ ਸੀ।" ਲੜਕਾ ਜ਼ਮੀਨ ਉਪਰ ਡਿੱਗਦਾ ਢਹਿੰਦਾ ਘੁਮੇਟਣੀਆਂ ਖਾ ਕੇ ਲਿਟਦਾ ਹੋਇਆ ਬਾਬੇ ਦੇ ਪੈਰਾਂ ਵਿੱਚ ਆ ਡਿੱਗਿਆ ਤੇ ਆਪਣੀ ਭੁੱਲ ਬਖਸ਼ਾਉਣ ਲੱਗਾ। ਬਾਬੇ ਨੇ ਪੁੱਛਿਆ, "ਕੀ ਹੁਣ ਵੀ ਤੈਨੂੰ ਸਾਡੇ 'ਤੇ ਕੋਈ ਪਖੰਡੀ ਹੋਣ ਦਾ ਸ਼ੱਕ ਹੈ।" ਲੜਕੇ ਨੇ ਆਖਿਆ, "ਨਹੀਂ ਬਾਬਾ ਜੀ! ਤੁਸੀਂ ਤਾਂ ਸੱਚਮੁੱਚ ਹੀ ਰੱਬ ਦਾ ਅਸਲੀ ਰੂਪ ਹੋ ਜੋ ਦੁਖੀ ਲੋਕਾਂ ਦੇ ਦੁੱਖ ਦੂਰ ਕਰਨ ਲਈ ਆਏ ਹੋ।"

ਸਾਰੀ ਸੰਗਤ ਵੀ ਬਾਬੇ ਅੱਗੇ ਹੱਥ ਜੋੜ ਕੇ ਲੜਕੇ ਨੂੰ ਇੱਕ ਵਾਰ ਮਾਫ਼ ਕਰ ਦੇਣ ਲਈ ਆਖਣ ਲੱਗੀ। ਬਾਬੇ ਨੇ ਸੰਗਤ ਤੇ ਲੜਕੇ ਦੀ ਬੇਨਤੀ ਮਨਜ਼ੂਰ ਕਰਦੇ ਹੋਏ, ਫਿਰ ਉਸੇ ਤਰ੍ਹਾਂ ਧੂਣੇ ਵਿੱਚੋਂ ਥੋੜ੍ਹੀ ਜਹੀ ਸੁਆਹ ਚੁੱਕੀ ਤੇ ਜੰਤਰ-ਮੰਤਰ ਪੜ੍ਹਕੇ ਲੜਕੇ ਉਪਰ ਫੂਕ ਮਾਰ ਕੇ ਛੂ-ਮੰਤਰ ਕਰਕੇ ਉੜਾ ਦਿੱਤੀ। ਲੜਕਾ ਇੱਕਦਮ ਹੀ ਝਟਕਾ ਜਿਹਾ ਖਾ ਕੇ ਠੀਕ ਹੋ ਕੇ ਖੜ੍ਹਾ ਹੋ ਗਿਆ ਤੇ ਮੁਸਕਰਾਉਣ ਲੱਗਾ। ਉਸਨੇ ਇੱਕ ਵਾਰ ਫਿਰ ਦੋਵੇਂ ਹੱਥ ਜੋੜ ਕੇ ਬਾਬੇ ਦੇ ਪੈਰੀਂ ਹੱਥ ਲਾਏ ਤੇ ਧੰਨਵਾਦ ਕੀਤਾ। ਬਾਬੇ ਨੇ ਆਖਿਆ, "ਚੱਲ ਬੈਠ ਆਪਣੀ ਜਗ੍ਹਾ ਉਤੇ, ਦੁਬਾਰਾ ਸਾਡਾ ਕਦੇ ਵੀ ਇਸ ਤਰ੍ਹਾਂ ਮਜ਼ਾਕ ਨਾ ਉਡਾਈਂ, ਨਹੀਂ ਤਾਂ ਫਿਰ ਇਸੇ ਤਰ੍ਹਾਂ ਹੀ ਪਛਤਾਏਂਗਾ ਫਿਰ ਤੈਨੂੰ ਦੁਬਾਰਾ ਮਾਫ਼ ਨਹੀਂ ਕੀਤਾ ਜਾਵੇਗਾ।" ਲੜਕਾ ਆਪਣੇ ਕੱਪੜਿਆਂ ਤੇ ਵਾਲਾਂ ਨੂੰ ਝਾੜਦਾ ਹੋਇਆ ਆਪਣੀ ਜਗ੍ਹਾ ਉਤੇ ਜਾ ਬੈਠਾ ਤੇ ਹੱਥ ਜੋੜ ਕੇ ਬਾਬੇ ਦੇ ਗੁਣ ਗਾਉਣ ਲੱਗਾ। ਬਾਬੇ ਦਾ ਇਹ ਹੈਰਾਨੀਜਨਕ ਚਮਤਕਾਰ ਦੇਖਕੇ ਸਾਰੇ ਸ਼ਰਧਾਲੂ ਉਸਦੇ ਚਰਨਾਂ ਵਿੱਚ ਵੱਧ ਤੋਂ ਵੱਧ ਰੁਪਏ ਰੱਖ ਕੇ ਮੱਥਾ ਟੇਕਣ ਲੱਗੇ, ਕਿਉਂਕਿ ਉਨ੍ਹਾਂ ਨੇ ਅੱਜ ਪਹਿਲੀ ਵਾਰ ਆਪਣੀਆਂ ਅੱਖਾਂ ਨਾਲ ਬਾਬੇ ਨੂੰ ਚਮਤਕਾਰ ਕਰਦੇ ਹੋਏ ਦੇਖਿਆ ਸੀ। ਬਾਬਾ ਫਿਰ ਸਿਰ ਘੁਮਾ ਕੇ ਪੁੱਛਾਂ ਦੇਣ ਲੱਗਾ। ਸ਼ਾਮ ਤੱਕ ਸਾਰੀ ਸੰਗਤ ਬਾਬੇ ਕੋਲੋਂ ਆਪਣੇ ਆਪਣੇ ਦੁੱਖਾਂ-ਤਕਲੀਫ਼ਾਂ ਤੇ ਪ੍ਰੇਸ਼ਾਨੀਆਂ ਦਾ ਹੱਲ ਪੁੱਛਕੇ ਘਰਾਂ ਨੂੰ ਚਲੀ ਗਈ। ਬਾਬੇ ਕੋਲ ਰੁਪਇਆਂ ਦਾ ਢੇਰ ਲੱਗ ਗਿਆ। ਬਾਬਾ ਬਹੁਤ ਖੁਸ਼ ਸੀ ਕਿਉਂਕਿ ਉਸਨੇ ਅੱਜ ਪਹਿਲੀ ਵਾਰ ਆਪਣੇ ਚਮਤਕਾਰ ਨਾਲ ਸਭ ਤੋਂ ਵੱਧ ਧੰਨ-ਦੌਲਤ ਇਕੱਠੀ ਕੀਤੀ ਸੀ।

### ਬਾਬੇ ਨੇ ਚਮਤਕਾਰ ਕਿਵੇਂ ਕੀਤਾ ਸੀ?

ਸਾਡੇ ਦੇਸ਼ ਵਿੱਚ ਅਜਿਹੇ ਚਮਤਕਾਰ ਦਿਖਾਉਣ ਵਾਲੇ ਜੋਤਸ਼ੀਆਂ, ਬਾਬਿਆਂ, ਸਾਧੂ-ਸੰਤਾਂ, ਚੇਲਿਆਂ, ਸਿਆਣਿਆਂ, ਪੁਜ਼ਾਰੀਆਂ ਤੇ ਪਾਦਰੀਆਂ ਆਦਿ ਦੀ ਕੋਈ ਕਮੀ ਨਹੀਂ। ਜਦੋਂ ਤੱਕ ਹਰ ਇੱਕ ਮਨੁੱਖ ਦੀ ਸੋਚ ਤਰਕਸ਼ੀਲ ਤੇ ਵਿਗਿਆਨਕ ਨਹੀਂ ਹੋ ਜਾਂਦੀ ਉਦੋਂ ਤੱਕ ਅਜਿਹੇ ਚਮਤਕਾਰ ਹੁੰਦੇ ਹੀ ਰਹਿਣਗੇ। ਭਾਵੇਂ ਕੋਈ ਭੂਤ-ਚੁੜੇਲਾਂ, ਜਾਦੂ-ਟੂਣਾ, ਜੰਤਰ-ਮੰਤਰ ਤੇ ਦੇਵੀ-ਦੇਵਤੇ ਨਹੀਂ ਹੁੰਦੇ ਫਿਰ ਵੀ ਬਹੁਤ ਸਾਰੇ ਲੋਕ ਆਪਣੀ ਅਗਿਆਨਤਾ ਕਾਰਨ ਅਜਿਹੇ ਖਤਰਨਾਕ ਵਿਸ਼ਵਾਸਾਂ ਨੂੰ ਆਪਣੇ ਲੜ ਬੰਨ੍ਹੀ ਬੈਠੇ ਹਨ। ਵਹਿਮੀ ਤੇ ਅੰਧਵਿਸ਼ਵਾਸੀ ਲੋਕ ਆਪਣੇ ਅਜਿਹੇ ਵਿਸ਼ਵਾਸਾਂ ਨੂੰ ਹੀ ਸੱਚ ਸਮਝਦੇ ਹਨ ਪਰ ਤਰਕਸ਼ੀਲ ਤੇ ਵਿਗਿਆਨਕ ਸੋਚ ਵਾਲੇ ਸਿਰਫ਼ ਸੱਚ ਉਪਰ ਹੀ ਵਿਸ਼ਵਾਸ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਖੋਜ-ਪਰਖ ਤੇ ਜਾਂਚ-ਪੜਤਾਲ ਦੁਆਰਾ ਸੱਚ ਦਾ ਪਤਾ ਲਗਾ ਲਿਆ ਹੁੰਦਾ ਹੈ। ਤਰਕਸ਼ੀਲ ਤੇ ਵਿਗਿਆਨਕ ਸੋਚ ਦੇ ਉੱਘੇ ਮਨੋਵਿਗਿਆਨੀ ਡਾ. ਅਬਰਾਹਮ ਟੀ. ਕੋਵੂਰ ਅਨੁਸਾਰ ਜਿਹੜੇ

ਲੋਕ ਗੈਬੀ ਜਾਂ ਚਮਤਕਾਰੀ ਸ਼ਕਤੀਆਂ ਦੇ ਪ੍ਰਭਾਵ ਹੇਠ ਆ ਕੇ ਅਜੀਬ ਜਹੀਆਂ ਹਰਕਤਾਂ ਕਰਨ ਲੱਗ ਜਾਂਦੇ ਹਨ ਜਾਂ ਫਿਰ ਚਮਤਕਾਰ ਕਰਕੇ ਦਿਖਾਉਂਦੇ ਹਨ। ਉਹ ਵਿਅਕਤੀ ਜਾਂ ਤਾਂ 'ਮਾਨਸਿਕ ਰੋਗੀ' ਹੁੰਦੇ ਹਨ ਜਾਂ ਫਿਰ ਧੋਖੇ ਨਾਲ 'ਪਾਖੰਡ' ਰਚਦੇ ਹਨ। ਕਿਸੇ ਵਿਅਕਤੀ ਦੇ ਮਨ ਦੀਆਂ ਕਲਪਨਾਵਾਂ ਜਾਂ ਵਿਚਾਰਾਂ ਨੂੰ ਕੋਈ ਨਹੀਂ ਜਾਣ ਸਕਦਾ। ਇਸਨੂੰ ਟੈਲੀਪੈਥੀ ਆਖਦੇ ਹਨ ਇਹ ਪੂਰੀ ਤਰ੍ਹਾਂ ਗੈਰ-ਵਿਗਿਆਨਕ ਤੇ ਤਰਕਹੀਣ ਹੈ ਜੋ ਲੋਕਾਂ ਨੂੰ ਲੁੱਟਣ ਦਾ ਸਿਰਫ਼ ਇੱਕ ਢੰਗ ਹੈ।

ਬਾਬੇ ਦੇ ਇਸ ਅਖੌਤੀ ਚਮਤਕਾਰ ਨੂੰ ਲੈ ਕੇ ਮੇਰੀ ਤਰਕਸ਼ੀਲ ਤੇ ਵਿਗਿਆਨਕ ਸੋਚ ਨੇ ਆਪਣੀ ਕਥਿਤ ਖੋਜ ਦੁਆਰਾ ਇਹ ਸਿੱਧ ਕੀਤਾ ਹੈ ਕਿ ਬਾਬਾ ਅਤੇ ਲੜਕਾ ਦੋਵੇਂ ਹੀ ਸ਼ਰਧਾਲੂਆਂ ਦੀ ਧੰਨ ਦੌਲਤ ਲੁੱਟਣ ਲਈ ਆਪਸ ਵਿੱਚ ਰਲੇ-ਮਿਲੇ ਸਨ ਤੇ ਚਮਤਕਾਰ ਦੇ ਨਾ 'ਤੇ ਪਖੰਡ ਰਚਦੇ ਸਨ। ਇਹ ਇਨ੍ਹਾਂ ਦੋਵਾਂ ਦੀ ਇੱਕ ਸੋਚੀ-ਸਮਝੀ ਚਾਲ ਹੀ ਸੀ, ਜੋ ਸ਼ਰਧਾਲੂਆਂ ਦੀ ਸੋਚਣ ਸ਼ਕਤੀ ਤੋਂ ਦੂਰ, ਗੁਪਤ ਤੌਰ 'ਤੇ ਆਪਸ ਵਿੱਚ ਤੈਅ ਕੀਤੀ ਹੋਈ ਸੀ। ਜਿਸ ਵਿੱਚ ਇਹ ਦੋਵੇਂ ਪਾਖੰਡੀ ਕਾਮਯਾਬ ਵੀ ਹੋਏ। ਇਸ ਚਮਤਕਾਰ ਵਿੱਚ ਬਾਬੇ ਨੇ ਕੋਈ ਹੈਰਾਨੀਜਨਕ ਕੰਮ ਨਹੀਂ ਸੀ ਕੀਤਾ, ਜਿਸ ਲੜਕੇ ਨੂੰ ਬਾਬੇ ਨੇ ਤੜਫਣ ਲਾ ਦਿੱਤਾ ਸੀ, ਉਹ ਤੜਫਣ ਅਸਲੀ ਨਹੀਂ ਸੀ ਇਹ ਇੱਕ ਨਾਟਕ ਸੀ। ਅਸਲ ਵਿੱਚ ਇਹ ਲੜਕਾ ਬਾਬੇ ਦਾ ਆਪਣਾ ਹੀ ਕਿਰਾਏ ਤੇ ਰੱਖਿਆ ਹੋਇਆ ਪਾਲਤੂ 'ਏਜੰਟ' ਸੀ। ਬਾਬੇ ਨੇ ਪਹਿਲਾਂ ਤੋਂ ਹੀ ਉਸਨੂੰ ਗੁਪਤ ਤੌਰ 'ਤੇ ਕਹਿ ਰੱਖਿਆ ਸੀ ਕੇ ਜਦੋਂ ਸਾਰੀ ਸੰਗਤ ਇਕੱਠੀ ਹੋ ਜਾਵੇ ਤਾਂ ਆਪਾਂ ਇੱਕ ਚਮਤਕਾਰੀ ਨਾਟਕ ਖੇਡਾਂਗੇ, ਜਿਸ ਨਾਲ ਬਾਬਾ ਸ਼ਰਧਾਲੂਆਂ ਦੀਆਂ ਨਜ਼ਰਾਂ ਵਿੱਚ ਇੱਕ ਚਮਤਕਾਰੀ ਭਗਵਾਨ ਸਿੱਧ ਹੋ ਜਾਵੇਗਾ ਤੇ ਸੰਗਤ ਕੋਲੋਂ ਵੱਧ ਤੋਂ ਵੱਧ ਧੰਨ ਇਕੱਠਾ ਕਰ ਲਵੇਗਾ। ਲੜਕੇ ਦੁਆਰਾ ਕੀਤੇ ਇਸ ਨਾਟਕ ਬਦਲੇ ਉਸਨੂੰ ਬਣਦਾ ਹਿੱਸਾ ਦੇਣ ਦਾ ਵਾਅਦਾ ਕੀਤਾ ਹੋਇਆ ਸੀ। ਜੋ ਲੜਕੇ ਨੇ ਸਾਰੀ ਸੰਗਤ ਦੇ ਜਾਣ ਤੋਂ ਬਾਅਦ, ਗੁਪਤ ਤੌਰ 'ਤੇ ਬਾਬੇ ਕੋਲੋਂ ਪ੍ਰਾਪਤ ਕਰ ਲਿਆ ਸੀ।

ਹੁਣ ਜਿੰਨਾਂ ਲੋਕਾਂ ਨੇ ਬਾਬੇ ਦਾ ਇਹ ਚਮਤਕਾਰ ਦੇਖਿਆ ਹੋਵੇਗਾ, ਉਹ ਆਪਣੇ-ਆਪਣੇ ਘਰ ਜਾ ਕੇ ਗੁਆਂਢੀਆਂ ਤੇ ਰਿਸ਼ਤੇਦਾਰਾਂ ਨੂੰ ਏਹੀ ਦੱਸਣਗੇ ਕਿ ਅੱਜ ਉਨ੍ਹਾਂ ਨੇ ਆਪਣੇ ਅੱਖੀਂ, ਬਾਬੇ ਨੂੰ ਚਮਤਕਾਰ ਕਰਦੇ ਹੋਏ ਦੇਖਿਆ ਹੈ, ਨਾਲ ਹੀ ਉਹ ਲੜਕੇ ਵਾਲਾ ਕਿੱਸਾ ਵੀ ਹੈਰਾਨੀ ਨਾਲ ਸੁਣਾ ਕੇ ਖੁਸ਼ ਹੋਣਗੇ। ਔਰਤਾਂ ਇੱਕ ਦੂਜੀ ਨੂੰ ਦੱਸ ਰਹੀਆਂ ਹੋਣਗੀਆਂ, "ਨੀ ਭੈਣੇ ਅੱਜ ਤਾਂ ਬਾਬੇ ਨੇ ਹੱਥ ਤੇ ਸਰ੍ਹੋਂ ਜਮਾ ਦਿੱਤੀ, ਸੱਚਮੁੱਚ ਹੀ ਬਾਬਾ ਸ਼ਕਤੀ ਵਾਲਾ, ਪਹੁੰਚਿਆ ਹੋਇਆ ਕਰਨੀ ਵਾਲਾ ਹੈ।" ਅਗਲੀ ਵਾਰ ਉਹ ਚੌਕੀ ਉਤੇ ਵੱਧ ਤੋਂ ਵੱਧ ਆਪਣੇ ਨਾਲ ਹੋਰ ਲੋਕਾਂ ਤੇ ਸਕੇ ਸਬੰਧੀਆਂ ਨੂੰ ਲੁੱਟ ਹੋਣ ਲਈ ਲਿਆਉਣਗੀਆਂ ਕਿਉਂਕਿ ਉਨ੍ਹਾਂ ਨੂੰ ਬਾਬੇ ਦੇ ਚਮਤਕਾਰੀ ਪਖੰਡ ਦੀ ਅਸਲੀਅਤ ਬਾਰੇ ਕੁੱਝ ਵੀ ਪਤਾ ਨਹੀਂ ਹੋਵੇਗਾ ਤੇ ਬਾਬੇ ਦੇ ਲੁੱਟਣ ਵਾਲੇ ਮੱਕੜ-ਜਾਲ ਵਿੱਚ ਫਸ ਜਾਣਗੇ ਤੇ ਆਪਣੀ ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਕਰਵਾ ਕੇ, ਆਪਣਾ ਘਰ-ਪਰਿਵਾਰ ਉਜਾੜ ਲੈਣਗੇ।


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ**
**ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*

**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**

**ਅਮਿੱਤ ਮਿੱਤਰ**
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਕੀ ਅਮ੍ਰਿਤ ਹੈ ਗੰਗਾ ਜਲ?

ਗਰਮੀ ਬਹੁਤ ਪੈ ਰਹੀ ਸੀ। ਮੇਰਾ ਬੇਟਾ ਕਹਿਣ ਲੱਗਿਆ ਕਿ ਚਲੋਂ ਕਿਸੇ ਠੰਡੇ ਸਥਾਨ 'ਤੇ ਜਾ ਕੇ ਕੁਝ ਦਿਨ ਬਤੀਤ ਕਰੀਏ। ਸਾਰਾ ਪਰਿਵਾਰ ਹੀ ਤਿਆਰ ਹੋ ਗਿਆ। ਅਸੀਂ ਇੱਕ ਵੱਡੀ ਗੱਡੀ ਕਿਰਾਏ 'ਤੇ ਲੈ ਲਈ ਤੇ ਹਰਿਦੁਆਰ ਨੂੰ ਚੱਲ ਪਏ। ਗੰਗਾ ਕਿਨਾਰੇ ਸ਼ਰਧਾਲੂਆਂ ਦੀ ਬਹੁਤ ਵੱਡੀ ਭੀੜ ਸੀ। ਪਤਾ ਕਰਨ ਤੇ ਜਾਣਕਾਰੀ ਮਿਲੀ ਕਿ ਅਗਲੇ ਦਿਨ ਸੋਮਵਤੀ ਮੱਸਿਆ ਹੈ। ਇਸ ਲਈ ਯਾਤਰੀ ਪਹਿਲਾ ਹੀ ਨਹਾਉਣਾ ਸ਼ੁਰੂ ਕਰ ਦਿੰਦੇ ਹਨ। ਠੰਡੇ ਪਾਣੀ ਵਿੱਚ ਨਹਾਉਣ ਦਾ ਸੁਆਦ ਆਪਣਾ ਹੀ ਹੁੰਦਾ ਹੈ ਪਰ ਸ਼ਰਧਾਲੂਆਂ ਦੀ ਭੀੜ ਵੇਖ ਕੇ ਮਨ ਨਹੀਂ ਮੰਨਿਆ। ਮੇਰੇ ਇੱਕ ਨਜ਼ਦੀਕੀ ਰਿਸ਼ਤੇਦਾਰ ਦਾ ਫੋਨ ਆ ਗਿਆ ਕਿ "ਮੇਰੇ ਲਈ ਗੰਗਾ ਕਿਨਾਰੇ ਤੋਂ ਗੰਗਾ ਜਲ ਜ਼ਰੂਰ ਲੈ ਆਉਣਾ।" ਪਰ ਪਾਣੀ ਵਿੱਚ ਨਹਾਉਣ ਵਾਲਿਆਂ ਦੀ ਗਿਣਤੀ ਤੇ ਪਾਣੀ ਦੇ ਗੰਧਲੇਪਣ ਨੂੰ ਵੇਖ ਕੇ ਉਸ ਲਈ ਗੰਗਾਜਲ ਲਿਜਾਣ ਵਾਸਤੇ ਮੇਰੇ ਮਨ ਨੇ ਹੁੰਗਾਰਾ ਨਾ ਭਰਿਆ। ਰਾਤੀਂ ਸੋਣ ਸਮੇਂ ਮੇਰੇ ਖਿਆਲਾਂ ਵਿੱਚ ਮੇਰੀ ਪਚਾਨਵੇਂ ਵਰ੍ਹਿਆਂ ਦੀ ਦਾਦੀ ਆ ਗਈ। ਜੋ ਮੇਰੇ ਚਾਚੇ ਨੂੰ ਚੰਦਨ ਦੀ ਲੱਕੜੀ ਦਾ ਟੁਕੜਾ ਤੇ ਗੰਗਾਜਲ ਦੀ ਇੱਕ ਸ਼ੀਸ਼ੀ ਫੜ੍ਹਾ ਕੇ ਕਹਿ ਰਹੀ ਸੀ "ਮੇਰਾ ਸੰਸਕਾਰ ਕਰਨ ਸਮੇਂ ਲੱਕੜਾਂ ਵਿੱਚ ਚੰਦਨ ਦੀ ਲੱਕੜੀ ਰੱਖ ਦੇਣਾ ਤੇ ਮੇਰੇ ਮੂੰਹ ਵਿੱਚ ਗੰਗਾ ਜਲ ਦੇ ਕੁਝ ਤੁਪਕੇ ਵੀ ਜ਼ਰੂਰ ਪਾ ਦੇਣਾ। ਇਹ ਗੱਲਾਂ ਮੈਨੂੰ ਸਵਰਗਾਂ ਵਿੱਚ ਲਿਜਾਣ ਲਈ ਸਹਾਈ ਹੋਣਗੀਆਂ।" ਮੇਰੇ ਬਾਪ ਦਾ ਇਨ੍ਹਾਂ ਫਜ਼ੂਲ ਕਿਸਮ ਦੀਆਂ ਰਸ਼ਮਾਂ ਵਿੱਚ ਕਿਸੇ ਕਿਸਮ ਦਾ ਵਿਸ਼ਵਾਸ ਹੀ ਨਹੀਂ ਸੀ। ਉਹ ਕਹਿਣ ਲੱਗਿਆ ਕਿ "ਮਰਨ ਤੋਂ ਬਾਅਦ ਮੇਰੇ ਫੁੱਲ ਗੰਗਾ ਵਿੱਚ ਨਹੀਂ ਪਾਉਣੇ। ਗੰਗਾ ਮੈਲੀ ਹੋ ਜਾਵੇਗੀ ਸਗੋਂ ਮੇਰਾ ਸਰੀਰ ਹੀ ਕਿਸੇ ਹਸਪਤਾਲ ਦੇ ਵਿਦਿਆਰਥੀਆਂ ਨੂੰ ਖੋਜ ਪੜਤਾਲ ਲਈ ਦੇ ਦੇਣਾ।" ਮੈਨੂੰ ਉਪਰੋਕਤ ਦੋਹਾਂ ਗੱਲਾਂ ਵਿੱਚੋਂ ਪਿਤਾ ਜੀ ਦੀ ਗੱਲ ਚੰਗੀ ਲੱਗੀ। ਮੈਂ ਇਸ ਤੇ ਫੁੱਲ ਚੜ੍ਹਾ ਦਿੱਤੇ।



ਗੰਗੋਤਰੀ ਦੇ ਮੰਦਰ ਤੋਂ ਥੋੜ੍ਹੀ ਜਿਹੀ ਉਪਰ ਇੱਕ ਬਹੁਤ ਵੱਡਾ ਬਰਫ਼ ਦਾ ਗਲੈਸੀਅਰ ਹੈ। ਇਸ ਦੀ ਲੰਬਾਈ 24 ਕਿਲੋਮੀਟਰ ਤੇ ਚੌੜਾਈ ਲਗਭਗ 7 ਕਿਲੋਮੀਟਰ ਹੈ। ਗਰਮੀਆਂ ਵਿੱਚ ਇਹ ਗਲੈਸੀਅਰ ਹੌਲੀ ਹੌਲੀ ਪਿਘਲਦਾ ਰਹਿੰਦਾ ਹੈ ਤੇ ਠੰਡਾ ਪਾਣੀ ਨਾਲਿਆਂ ਦੇ ਰੂਪ ਵਿੱਚ ਵਹਿ ਤੁਰਦਾ ਹੈ ਇਸ ਤਰ੍ਹਾਂ ਇੱਕ ਵੱਡਾ ਦਰਿਆ ਹੋਂਦ ਵਿੱਚ ਆ ਜਾਂਦਾ ਹੈ। ਦਰਿਆ ਗੰਗਾ ਇਸ ਤਰ੍ਹਾਂ 2496 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਹੁਗਲੀ ਨਾ ਦੇ ਸਥਾਨ ਤੋਂ ਹੁੰਦਾ ਹੋਇਆ ਕਲਕੱਤੇ ਦੇ ਨਜ਼ਦੀਕ ਸਮੁੰਦਰ ਵਿੱਚ ਜਾ ਡਿੱਗਦਾ ਹੈ। ਭਗੀਰਥੀ, ਅਲਕਕੰਦਾ, ਕੋਸੀ, ਮੰਦਾਕਣੀ, ਘੱਗਰ ਆਦਿ ਕਈ ਹੋਰ ਛੋਟੀਆਂ ਵੱਡੀਆਂ ਨਦੀਆਂ ਦਾ ਪਾਣੀ ਇਸ ਵਿੱਚ ਮਿਲ ਜਾਂਦਾ ਹੈ।

ਹਰਿਦੁਆਰ ਹਿੰਦੂਆਂ ਦਾ ਪਵਿੱਤਰ ਸ਼ਹਿਰ ਹੈ। ਇੱਥੇ ਹਜ਼ਾਰਾਂ ਦੀ ਤਾਦਾਦ ਵਿੱਚ ਮੰਦਰ, ਧਰਮਸ਼ਾਲਾਵਾਂ ਤੇ ਆਸ਼ਰਮ ਉਸਰੇ ਹੋਏ ਹਨ। ਇਸ ਲਈ ਸ਼ਰਧਾਲੂਆਂ ਨੂੰ ਇਨ੍ਹਾਂ ਸਥਾਨਾਂ ਤੇ ਜਾਕੇ ਰਹਿਣ ਲਈ ਆਸਰਾ ਜ਼ਰੂਰ ਮਿਲ ਜਾਂਦਾ ਹੈ। ਇਸ ਲਈ ਇਹ ਇੱਕ ਸਸਤੀ ਪਹਾੜੀ ਸੈਰਗਾਹ ਹੈ। ਰੇਲਵੇ ਸਟੇਸ਼ਨ ਹੋਣ ਕਾਰਨ ਬਹੁਤ ਸਾਰੇ ਸ਼ਰਧਾਲੂ ਯਾਤਰੀ ਇਸ ਥਾਂ 'ਤੇ ਸਸਤੇ ਵਿੱਚ ਹੀ ਪੁੱਜ ਜਾਂਦੇ ਹਨ। ਜਿਵੇਂ ਸਿੱਖਾਂ ਲਈ ਹਰਮਿੰਦਰ ਸਾਹਿਬ ਸਰੋਵਰ ਦਾ ਜਲ, ਮੁਸਲਮਾਨਾਂ ਲਈ ਹੱਜ ਯਾਤਰਾ ਤੇ ਗਏ ਯਾਤਰੀਆਂ ਵੱਲੋਂ ਕਾਬੇ ਨਾਲ ਸੁਹਾਏ ਹੋਏ ਬਰਤਨ ਵਿਚਲਾ ਪਾਣੀ ਤੇ ਇਸ਼ਾਈਆਂ ਲਈ ਲਾਰਡਜ ਦੇ ਸਥਾਨ ਤੋਂ ਲਿਆਂਦਾ ਹੋਇਆ ਪਾਣੀ ਪਵਿੱਤਰ ਮੰਨਿਆ ਜਾਂਦਾ ਹੈ ਠੀਕ ਉਸੇ ਤਰ੍ਹਾਂ ਹੀ ਹਿੰਦੂ ਗੰਗਾ ਦੇ ਤਟ ਤੋਂ ਲਿਆਂਦੇ ਪਾਣੀ ਨੂੰ ਪਵਿੱਤਰ ਮੰਨਦੇ ਹਨ। ਹਰ ਸਾਲ ਹਜ਼ਾਰਾਂ ਯਾਤਰੀ ਗੰਗਾ ਤਟ ਤੋਂ ਢੋਲੀਆਂ ਜਾਂ ਕੁੱਜਿਆਂ ਵਿੱਚ ਪਾਣੀ ਭਰ ਕੇ ਪੈਦਲ ਹੀ ਆਪਣੇ ਆਪਣੇ ਸ਼ਹਿਰਾਂ ਕਸਬਿਆਂ ਨੂੰ ਤੁਰ ਪੈਂਦੇ ਹਨ ਅਤੇ ਕਈ ਕਈ ਦਿਨ ਪੈਦਲ ਯਾਤਰਾ ਕਰਦੇ ਹੋਏ ਆਪਣੇ ਘਰ ਗੰਗਾ ਜਲ ਲੈ ਕੇ ਪੁੱਜਦੇ ਹਨ। ਇਨ੍ਹਾਂ ਯਾਤਰੀਆਂ ਨੂੰ ਕਾਂਬੜੀਏ ਕਿਹਾ ਜਾਂਦਾ ਹੈ। ਇਹ ਵਰਤਾਰਾ ਇਸ ਗੱਲ ਦਾ ਪ੍ਰਤੀਕ ਹੈ ਕਿ ਗੰਗਾ ਜਲ ਹਿੰਦੂਆਂ ਲਈ ਕਿੰਨੀ ਮਹੱਤਤਾ ਰੱਖਦਾ ਹੈ।



ਮੇਘ ਰਾਜ ਮਿੱਤਰ
ਫੋਨ ਨੰ: 98887-87440

ਮੈਨੂੰ ਇਹ ਗੱਲ ਬਹੁਤ ਹੀ ਦੁੱਖ ਨਾਲ ਲਿਖਣੀ ਪੈ ਰਹੀ ਹੈ ਕਿ ਸ਼ਰਧਾਲੂਆਂ ਦੀ ਬਹੁਤ ਵੱਡੀ ਗਿਣਤੀ ਨੇ ਤੇ ਗੰਗਾ ਕਿਨਾਰੇ ਵਸੇ ਹੋਏ 29 ਸ਼ਹਿਰਾਂ, 70 ਕਸਬਿਆਂ ਤੇ ਹਜ਼ਾਰਾਂ ਪਿੰਡਾਂ ਦੇ ਵਸਨੀਕਾਂ ਨੇ ਗੰਗਾ ਜਲ ਨੂੰ ਆਪਣੀਆਂ ਘਟੀਆਂ ਰਵਾਇਤਾਂ ਕਾਰਨ ਗੰਦਲਾ ਕਰ ਦਿੱਤਾ ਹੈ। ਬਹੁਤ ਸਾਰੇ ਭਾਰਤੀ ਮੁਰਦਿਆਂ ਦੇ ਸੰਸਕਾਰ ਪਿੱਛੋਂ ਅਣਜਲੀਆਂ ਹੱਡੀਆਂ ਗੰਗਾ ਵਿੱਚ ਪਾਉਂਦੇ ਹਨ। ਇਸ ਕੰਮ ਲਈ ਜਦੋਂ ਕੋਈ ਵਿਅਕਤੀ ਆਪਣੇ ਬਜ਼ੁਰਗ ਦੇ ਫੁੱਲ ਲੈ ਕੇ ਆਪਣੇ ਸ਼ਹਿਰ ਤੋਂ ਤੁਰਦਾ ਹੈ ਤਾਂ ਉਹ ਇੱਕ ਦੀ ਬਜਾਏ ਦੋ ਟਿਕਟ ਖਰੀਦਦਾ ਹੈ। ਇੱਕ ਟਿਕਟ ਤਾਂ ਮਰ ਚੁੱਕੇ ਦਾ ਲੈਂਦਾ ਹੈ ਤੇ ਦੂਜਾ ਟਿਕਟ ਆਪਦਾ। ਉਹ ਸਮਝਦਾ ਹੈ ਕਿ ਮੈਂ ਉਸਨੂੰ ਗੰਗਾ ਵਿੱਚ ਛੱਡ ਦਿੱਤਾ ਹੈ ਇਸ ਲਈ ਆਉਣ ਸਮੇਂ ਇੱਕ ਹੀ ਟਿਕਟ ਖਰੀਦਦਾ ਹੈ। ਇਕ ਵਾਰ ਮੇਰੇ ਇੱਕ ਦੋਸਤ ਨੂੰ ਘਰਦਿਆਂ ਨੇ ਦੋ ਟਿਕਟਾਂ ਦੇ ਪੈਸੇ ਦੇ ਕੇ ਕਿਸੇ ਰਿਸ਼ਤੇਦਾਰ ਦੇ ਫੁੱਲ ਪਾਉਣ ਲਈ ਭੇਜ ਦਿੱਤਾ ਉਸਨੂੰ ਹਦਾਇਤ ਦਿੱਤੀ ਗਈ ਸੀ ਕਿ ਉਹ ਦੋ ਟਿਕਟ ਹੀ ਖਰੀਦੇ ਪਰ ਉਸਨੇ ਇੱਕ ਹੀ ਟਿਕਟ ਖਰੀਦਿਆ। ਟਿਕਟ ਕੁਲੈਕਟਰ ਨੂੰ ਉਹ ਕਹਿਣ ਲੱਗਿਆ ਕਿ ਉਹ ਟਿਕਟ ਮੇਰੇ ਦੁਪੱਟੇ ਵਿੱਚ ਲਪੇਟੀ ਪੋਟਲੀ ਵਾਲੇ ਦਾ ਹੀ ਹੈ ਮੈਂ ਤਾਂ ਬਗੈਰ ਟਿਕਟ ਹਾਂ।

ਭਾਰਤ ਸਰਕਾਰ ਗੰਗਾ ਕਿਨਾਰੇ ਵਸੇ ਸਾਰੇ ਸ਼ਹਿਰਾਂ ਦਾ ਸੀਵਰੇਜ਼ ਗੰਗਾ ਵਿੱਚ ਹੀ ਪੁਆ ਦਿੰਦੀ ਹੈ ਇਸਦੇ ਨਾਲ ਹੀ ਹਜ਼ਾਰਾਂ ਫੈਕਟਰੀਆਂ ਦਾ ਰਸਾਇਣਾਂ ਨਾਲ ਦੂਸ਼ਿਤ ਪਾਣੀ ਵੀ ਗੰਗਾ ਵਿੱਚ ਪੈਂਦਾ ਹੈ ਤੇ ਨਾਲ ਹੀ ਪਸ਼ੂਆਂ ਦੇ ਕੰਕਾਲ ਵੀ ਗੰਗਾ ਵਿੱਚ ਸੁੱਟ ਦਿੱਤੇ ਜਾਂਦੇ ਹਨ।

ਇਨ੍ਹਾਂ ਸਾਰੀਆਂ ਗੱਲਾਂ ਨੇ ਗੰਗਾ ਦੇ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ। ਪਰ ਫਿਰ ਵੀ ਸੰਤ ਆਸਾ ਰਾਮ ਵਰਗੇ ਵਿਅਕਤੀ ਆਪਣੀਆਂ ਕੈਸਟਾਂ ਵਿੱਚ ਇਹ ਪ੍ਰਚਾਰ ਕਰਨੋਂ ਨਹੀਂ ਹੱਟਦੇ ਕਿ ਗੰਗਾ ਦਾ ਪਾਣੀ ਦੁਨੀਆਂ ਦਾ ਸਭ ਤੋਂ ਸੁੱਧ ਪਾਣੀ ਹੈ। ਆਪਣੀਆਂ ਕੈਸਟਾਂ ਵਿੱਚ ਉਹ ਦੱਸਦੇ ਹਨ ਕਿ ਇੱਕ ਵਾਰ ਨੈਲਸਨ ਨਾਂ ਦੇ ਇੱਕ ਅੰਗਰੇਜ਼ ਨੇ ਗੰਗਾ ਜਲ ਦੀ ਇੱਕ ਬੋਤਲ ਲਈ ਤੇ ਇੰਗਲੈਂਡ ਲਈ ਰਵਾਨਾ ਹੋ ਗਿਆ। ਸਮੁੰਦਰੀ ਯਾਤਰਾ ਰਾਹੀਂ ਸਫ਼ਰ ਉਹਨੀਂ ਦਿਨੀਂ 10 ਕੁ ਦਿਨ ਵਿੱਚ ਤੈਅ ਹੁੰਦਾ ਸੀ। ਇੰਗਲੈਂਡ ਪਹੁੰਚ ਕੇ ਉਸਨੇ ਵੇਖਿਆ ਪਾਣੀ ਵਿੱਚ ਜਾਲੇ ਨਹੀਂ ਪਏ ਸਨ। ਵਾਪਸੀ ਤੇ ਉਨ੍ਹਾਂ ਨੇ ਆਪਣੇ ਦੇਸ਼ ਦੇ ਦਰਿਆ ਦਾ ਪਾਣੀ ਸ਼ੀਸ਼ੀ ਵਿੱਚ ਭਰ ਲਿਆ। ਭਾਰਤ ਆ ਕੇ ਉਸਨੇ ਵੇਖਿਆ ਕਿ ਉਹ ਪਾਣੀ ਖਰਾਬ ਹੋ ਗਿਆ ਸੀ।

ਅਕਬਰ ਹੋਵੇ ਜਾਂ ਉਸਦਾ ਪੜਪੋਤਾ ਔਰੰਗਜੇਬ ਜਾਂ ਟੀਪੂ ਸੁਲਤਾਨ ਸਾਰੇ ਗੰਗਾ ਜਲ ਦੀ ਵਰਤੋਂ ਕਰਦੇ ਰਹੇ ਹਨ।

ਕੁੰਭ ਦੇ ਮੇਲੇ ਸਮੇਂ ਤਾਂ ਗੰਗਾ ਹੋਰ ਵੱਧ ਮੈਲੀ ਹੋ ਜਾਂਦੀ ਹੈ ਲੱਖਾਂ ਸ਼ਰਧਾਲੂਆਂ ਦੇ ਨਾਲ ਨਾਲ ਹਜ਼ਾਰਾਂ ਨਾਗੇ ਸਾਧੂ ਆਪਣੇ ਪਿੰਡਿਆਂ ਤੇ ਮਲੀ ਸੁਆਹ ਸਮੇਤ ਗੰਗਾ ਇਸਨਾਨ ਕਰਦੇ ਨਜ਼ਰ ਆਉਂਦੇ ਹਨ।

2007 ਵਿੱਚ ਇੱਕ ਸਰਵੇ ਰਿਪੋਰਟ ਵਿੱਚ ਗੰਗਾ ਨੂੰ ਦੁਨੀਆਂ ਦੇ ਸਭ ਤੋਂ ਵੱਧ ਦੂਸ਼ਿਤ ਪੰਜ ਦਰਿਆਵਾਂ ਵਿੱਚ ਸ਼ਾਮਿਲ ਕੀਤਾ ਗਿਆ ਸੀ।

ਗੰਗਾ ਦੇ ਆਲੇ-ਦੁਆਲੇ ਵਸੇ ਚਾਲੀ ਕਰੋੜ ਲੋਕ ਗੰਗਾ ਦੇ ਪਾਣੀ ਦਾ ਇਸ਼ਤੇਮਾਲ ਆਪਣੀ ਖੇਤੀਬਾੜੀ ਲਈ ਕਰਦੇ ਹਨ। ਕਾਸ਼ ਗੰਗਾ ਜਲ ਇਨ੍ਹਾਂ ਲਈ ਸੱਚੀ ਮੁੱਚੀ ਅਮ੍ਰਿਤ ਹੀ ਹੁੰਦਾ। ਪਰ ਅਜਿਹਾ ਨਹੀਂ ਹੈ।

ਇੱਥੇ ਮੈਂ ਸਵਾਮੀ ਨਿਗਮਾ ਨੰਦ ਦਾ ਜ਼ਿਕਰ ਕੀਤੇ ਬਗੈਰ ਨਹੀਂ ਰਹਿ ਸਕਦਾ ਜਿਸਨੇ ਗੰਗਾ ਨੂੰ ਦੂਸ਼ਿਤ ਹੋਣੋ ਬਚਾਉਣ ਲਈ ਢਾਈ ਵਰ੍ਹੇ ਦੀ ਭੁੱਖ ਹੜਤਾਲ ਕੀਤੀ ਤੇ ਆਖਰਕਾਰ ਜੂਨ 2011 ਵਿੱਚ ਉਹ ਚੱਲ ਵਸਿਆ। ਉਸਦੀ ਮੰਗ ਸੀ ਕਿ ਗੰਗਾ ਵਿੱਚ ਪੈਂਦਾ ਫੈਕਟਰੀਆਂ ਦਾ ਗੰਦ ਮੰਦ ਤੇ ਮੈਡੀਕਲ ਵੇਸਟੇਜ ਰੋਕੀ ਜਾਵੇ।

ਏਸੀਅਨ ਜਨਰਲ ਵਿੱਚ ਛਪੀ ਇੱਕ ਸਰਵੇ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਪ੍ਰੈਲ 2010 ਵਿੱਚ ਕਾਨਪੁਰ ਦੇ ਤੱਟਾਂ ਤੋਂ ਇਕੱਠੇ ਕੀਤੇ ਗਏ ਪਾਣੀ ਦੇ ਨਮੂਨਿਆਂ ਵਿੱਚ 50,000 ਫੇਕਲ ਬੈਕਟੀਰੀਆਂ ਪ੍ਰਤੀ 100 ਮਿਲੀਲੀਟਰ ਮੌਜੂਦ ਸਨ। ਭਾਰਤ ਸਰਕਾਰ ਜਿਸ ਪਾਣੀ ਨੂੰ ਨਹਾਉਣ ਯੋਗ ਸਮਝਦੀ ਹੈ ਉਸ ਨਾਲੋਂ ਇਸ ਪਾਣੀ ਵਿੱਚ ਫੇਕਲ ਬੈਕਟੀਰੀਆਂ ਦੀ ਗਿਣਤੀ ਦਸ ਹਜ਼ਾਰ ਗੁਣਾ ਵੱਧ ਸੀ। ਟੱਟੀਆਂ, ਹੈਜਾ, ਪੀਲੀਆ, ਟਾਈਫਾਈਡ ਵਰਗੀਆਂ ਬੀਮਾਰੀਆਂ ਸਿਰਫ਼ ਦੂਸ਼ਿਤ ਪਾਣੀ ਕਾਰਨ ਹੀ ਫੈਲਦੀਆਂ ਹਨ। ਭਾਰਤ ਵਿੱਚ ਕੁਲ ਮੌਤਾਂ ਵਿੱਚੋਂ ਤੀਸਰਾ ਹਿੱਸਾ ਸਿਰਫ਼ ਦੂਸ਼ਿਤ ਪਾਣੀ ਕਰਕੇ ਹੀ ਹੁੰਦੀਆਂ ਹਨ ਅਤੇ ਮਨੁੱਖੀ ਸਰੀਰ ਦੀਆਂ 80% ਬੀਮਾਰੀਆਂ ਦਾ ਕਾਰਨ ਦੂਸ਼ਿਤ ਪਾਣੀ ਹੀ ਹੁੰਦਾ ਹੈ। ਤੁਸੀਂ ਵੇਖੋਗੇ ਕਿ ਲੋਕ ਕਹਿਣਗੇ ਕਿ ਗੰਗਾਜਲ ਕਦੇ ਦੂਸ਼ਿਤ ਨਹੀਂ ਹੁੰਦਾ। ਲੋਕ ਤੁਹਾਡੇ ਸਾਹਮਣੇ 20, 30 ਵਰ੍ਹੇ ਪੁਰਾਣੇ ਗੰਗਾਜਲ ਦੀਆਂ ਬੋਤਲਾਂ ਪੇਸ਼ ਕਰ ਦੇਣਗੇ। ਅਸਲ ਵਿੱਚ ਗੰਗਾ ਦੇ ਪਾਣੀ ਵਿੱਚ ਇੱਕ ਇਲੈਕਟੋਜ ਬੈਕਟੀਰੀਆ ਹੁੰਦਾ ਹੈ ਜੋ ਪਾਣੀ ਵਿੱਚ ਕਾਈ ਆਦਿ ਨਹੀਂ ਪੈਣ ਦਿੰਦਾ। ਪਰ ਪਾਣੀ ਦੇ ਦੂਸ਼ਿਤ ਹੋਣ ਦਾ ਪੈਮਾਨਾ ਕਾਈ ਤਾਂ ਨਹੀਂ ਹੁੰਦਾ। ਬਹੁਤ ਸਾਰੇ ਲੋਕ ਗੰਗਾ ਜਲ ਨਾਲ ਵੱਖ ਵੱਖ ਬੀਮਾਰੀਆਂ ਦੇ ਠੀਕ ਹੋਏ ਰੋਗੀ ਵੀ ਪੇਸ਼ ਕਰ





ਦੇਣਗੇ। ਇਸਦਾ ਕਾਰਨ ਮਾਨਸਿਕ ਪ੍ਰਭਾਵ ਹੀ ਹੁੰਦਾ ਹੈ।

ਹੋਮੀਓਪੈਥੀ ਦਵਾਈਆਂ ਦੀਆਂ ਉੱਚ ਪੁਟੈਂਸੀਆਂ ਵਿੱਚ ਦਵਾਈ ਦੀ ਕੋਈ ਵੀ ਮਾਤਰਾ ਨਹੀਂ ਹੁੰਦੀ ਪਰ ਬਹੁਤ ਸਾਰੇ ਲੋਕ ਇਹ ਦਾਅਵਾ ਕਰਨਗੇ ਕਿ ਉਹ ਹੋਮੀਓਪੈਥੀ ਦੀ ਦਵਾਈ ਲੈ ਕੇ ਠੀਕ ਹੋਏ ਹਨ। ਅਸਲ ਵਿੱਚ ਮਨੁੱਖੀ ਮਨ ਬਾਹਰੀ ਅਸਰ ਨੂੰ ਕਬੂਲਦਾ ਹੈ। ਭਾਰਤ ਵਿੱਚ ਕੀਤੇ ਜਾਂਦੇ ਜਾਦੂ ਟੂਣੇ ਨੂੰ ਜੇ ਕਿਸੇ ਭਾਰਤੀ ਦੇ ਘਰ ਅੱਗੇ ਹੀ ਕਰ ਦਿੱਤਾ ਜਾਵੇ ਤਾਂ ਇਹ ਭਾਰਤੀ ਪਰਿਵਾਰ ਦਾ ਮਾਨਸਿਕ ਸੰਤੁਲਨ ਕੁਝ ਦਿਨਾਂ ਲਈ ਜ਼ਰੂਰ ਵਿਗਾੜ ਦੇਵੇਗਾ ਪਰ ਜੇ ਇਸੇ ਜਾਦੂ ਟੂਣੇ ਨੂੰ ਕਿਸੇ ਅੰਗਰੇਜ਼ ਦੇ ਘਰ ਅੱਗੇ ਰੱਖ ਦਿੱਤਾ ਜਾਵੇ ਤਾਂ ਇਸਦਾ ਉਸ ਉਪਰ ਕੋਈ ਅਸਰ ਨਹੀਂ ਹੋਵੇਗਾ। ਸਾਧਾਂ ਸੰਤਾਂ ਦੁਆਰਾ ਦਿੱਤੀ ਸੁਆਹ ਨਾਲ ਵੀ ਹਜ਼ਾਰਾਂ ਵਿਅਕਤੀ ਠੀਕ ਹੋਏ ਤੁਹਾਨੂੰ ਮਿਲ ਜਾਣਗੇ ਪਰ ਇਸਦਾ ਮਤਲਬ ਇਹ ਤਾਂ ਨਹੀਂ ਹੁੰਦਾ ਕਿ ਉਸੇ ਬੀਮਾਰੀ ਦੇ ਸਾਰੇ ਰੋਗੀ ਹੀ ਇੱਕ ਸੰਤ ਦੀ ਸੁਆਹ ਨਾਲ ਠੀਕ ਹੋ ਗਏ ਹੋਣ। ਸੋ ਗੰਗਾ ਜਲ ਨਾਲ ਠੀਕ ਹੋਏ ਵਿਅਕਤੀ ਵੀ ਕਾਫ਼ੀ ਵੱਡੀ ਗਿਣਤੀ ਵਿੱਚ ਹੋਣਗੇ। ਜੋ ਵੀ ਠੀਕ ਹੋਏ ਹਨ ਉਹ ਮਾਨਸਿਕ ਪ੍ਰਭਾਵ ਰਾਹੀਂ ਠੀਕ ਹੋਏ ਨੇ ਇਸ ਵਿੱਚ ਕੁਝ ਵੀ ਅਜੂਬਾ ਨਹੀਂ।

ਦੁਨੀਆਂ ਦੇ ਕੋਨੇ ਕੋਨੇ ਵਿੱਚ ਇਹ ਉਦਾਹਰਣਾਂ ਭਰੀਆਂ ਪਈਆਂ ਹਨ ਕਿ ਕੋਈ ਵਿਅਕਤੀ ਬਾਬੇ ਦਾ ਖੰਭ ਲੁਆ ਕੇ ਠੀਕ ਹੋ ਗਿਆ, ਕੋਈ ਕਿਸੇ ਸ਼ਬਦ ਨੂੰ ਹੀ ਇੱਕ ਸੋ ਇੱਕ ਵਾਰ ਦੁਹਰਾ ਕੇ ਨੌ ਬਰ ਨੌ ਹੋ ਗਿਆ ਕਿਸੇ ਨੇ ਬਾਈਬਲ ਦਾ ਸਲੋਕ ਸੁਣਿਆ ਤੇ ਆਪਣੀਆਂ ਫੋੜੀਆਂ ਵਗਾਹ ਮਾਰੀਆਂ। ਕਿਸੇ ਨੇ ਕੁਮਾਰ ਸਵਾਮੀ ਦੇ ਬੀਜ ਮੰਤਰ ਨੂੰ ਇਕੱਤੀ ਹਜ਼ਾਰ ਰੁਪਏ ਦੇ ਕੇ ਖਰੀਦ ਲਿਆ ਉਸਦਾ ਕੈਂਸਰ ਦਿਨਾਂ ਵਿੱਚ ਹੀ ਗਾਇਬ ਹੋ ਗਿਆ।

ਕਾਸ਼ ਅਜਿਹਾ ਹੋ ਜਾਵੇ ਮੇਰੇ ਦੇਸ਼ ਦੇ ਗਰੀਬਾਂ ਦੇ ਘਰ ਮਾਮੂਲੀ ਬੀਮਾਰੀਆਂ ਵਿੱਚ ਹੀ ਨੀਲਾਮ ਹੋਣੋ ਬਚ ਜਾਣ। ਅਸੀਂ ਤਰਕਸ਼ੀਲ ਚਾਹੁੰਦੇ ਹਾਂ ਕਿ ਗੰਗਾ ਦਾ ਪਾਣੀ ਸੱਚੀ ਮੁੱਚੀ ਅਮ੍ਰਿਤ ਬਣ ਜਾਵੇ ਜੇ ਕੋਈ ਇਸਦੀ ਘੁੱਟ ਭਰੇ ਉਹ ਬਿਸਤਰੇ ਤੋਂ ਉੱਠ ਖਲੋਵੇ। ਪਰ ਉਹ ਫੇਕਲ ਬੈਕਟੀਰੀਆਂ ਜੋ ਅਸੀਂ ਉਸ ਵਿੱਚ ਪੈਦਾ ਕਰ ਦਿੱਤਾ ਹੈ ਉਹ ਵਿਚਾਰਾ ਕੀ ਕਰੇਗਾ।

ਲੋਕਾਂ ਨੂੰ ਆਪਣੀਆਂ ਅੱਖਾਂ ਖੋਲ੍ਹ ਕੇ ਪਰਖ ਕਰਨੀ ਚਾਹੀਦੀ ਹੈ। ਸਵਾਮੀ ਰਾਮਦੇਵ ਜਾਂ ਬਾਪੂ ਆਸ਼ਾ ਰਾਮ ਹੋਵੇ ਇਨ੍ਹਾਂ ਵਿਅਕਤੀਆਂ ਦਾ ਇੱਕੋ ਇੱਕ ਉਦੇਸ਼ ਆਪਣੇ ਵਪਾਰਕ ਹਿੱਤਾਂ ਦਾ ਪ੍ਰਚਾਰ ਤੇ ਪਸਾਰ ਕਰਨਾ ਹੈ। ਗੰਗਾ ਜਲ ਸ਼ੁੱਧ ਹੋਵੇ ਜਾਂ ਅਸ਼ੁੱਧ ਹੋਵੇ ਉਨ੍ਹਾਂ ਨੇ ਤਾਂ ਆਪਣੀਆਂ ਦਵਾਈਆਂ ਤੇ ਗੰਗਾਜਲ ਦੀਆਂ ਸ਼ੀਸ਼ੀਆਂ ਵੇਚਣੀਆਂ ਹੀ ਹਨ। ਲੋਕਾਂ ਦੀ ਸਿਹਤ ਨਾਲ ਉਨ੍ਹਾਂ ਦਾ ਕੋਈ ਲੈਣ ਦੇਣ ਨਹੀਂ।


## तर्कभारती प्रकाशन, बरनाला की हिन्दी व अंग्रेजी में प्रकाशित पुस्तकें

| | | |
|---|---|---|
| 1. | और देव पुरुष हार गये | 25/- |
| 2. | देव और दानव | 40/- |
| 3. | भुतों का शिकार | 40/- |
| 4. | विज्ञान और पराविज्ञान | 40/- |
| 5. | रौशनी | 20/- |
| 6. | प्रमात्मा कब, कहां, और कैसे ? | 20/- |
| 7. | हिप्नोटिजम क्या, क्यों और कैसे ? | 15/- |
| 8. | कण-कण में विज्ञान | 15/- |
| 9. | ज्योतिष झुठ बोलता है ! | 30/- |
| 10. | तर्कशील जादुगर | 20/- |
| 11. | वैज्ञानिक जादुगर | 20/- |
| 12. | रजनीश बेनकाब | 30/- |
| 13. | मैं कौन हूं | 20/- |
| 14. | अतीत के साये में | 40/- |
| 15. | लेकिन ये सच है | 40/- |
| 16. | जीवन संग्राम | 30/- |
| 17. | समय का इतिहास | 20/- |
| 18. | दिमागी विकास कैसे करें | 20/- |
| 19. | **शहीद भगत सिंह की कुछ चुनिंदा रचनाऐं** | 50/- |
| 20. | **धर्म के नाम पर दरिन्दगी** | 30/- |
| 21. | **झुठ की पुजा** | 40/- |
| 22. | **तर्कशील संदेश** | 30/- |
| 23. | **तर्कशील वार्ता** | 40/- |
| 24. | **सिक्ख भाईयों से कुछ बातें** | 40/- |
| 25. | उजाले की ओर | 50/- |
| 26. | Fortune Telling Exposed | 70/- |
| 27. | Live Math Puzzles | 75/- |

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

**■ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ**

ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ/*ਪ੍ਰੋ. ਵੜੈਚ* 50/-
ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/*ਸੱਤਯਮ ਵਰਮਾ* 65/-
ਇਨਕਲਾਬ (ਜੀਵਨੀ ਸ਼ਹੀਦ ਭਗਤ ਸਿੰਘ) 80/-
ਸ਼ਹੀਦ ਭਗਤ ਸਿੰਘ/ਕੰਵਰਜੀਤ 60/-
ਸ਼ਹੀਦਾਂ ਦੇ ਅੰਗ ਸੰਗ/*ਸ਼ਿਵ ਵਰਮਾ* 60/-
ਅਮਰ ਸ਼ਹੀਦਾਂ ਦੀਆਂ ਯਾਦਾਂ/*ਰਾਜਾ ਰਾਮ ਸ਼ਾਸ਼ਤਰੀ* 40/-
ਸ਼ਹੀਦਾਂ ਦੀ ਵਿਰਸਾਤ/*ਭਗਵਾਨ, ਸਦਾਸਿਵ* 50/-
ਮੈਂ ਨਾਸਤਿਕ ਕਿਉਂ ਹਾਂ/*ਭਗਤ ਸਿੰਘ* 5/-
ਭਗਤ ਸਿੰਘ ਦੇ ਚੁਣਵੇਂ ਵਿਚਾਰ/*ਸਾਵਲਾ ਰਾਮ* 10/-
ਭਗਤ ਸਿੰਘ ਦੀ ਵਿਚਾਰਧਾਰਾ/*ਕਮਲੇਸ਼ ਮੋਹਨ* 10/-
ਭਗਤ ਸਿੰਘ ਦੀ ਨਾਸਤਿਕਤਾ/*ਅਮਰਜੀਤ ਸੂਫੀ* 20/-
ਸ਼ਹੀਦ ਚੰਦਰ ਸ਼ੇਖਰ ਅਜ਼ਾਦ /*ਸ਼ਿਵ ਵਰਮਾ* 10/-
ਸ਼ਹੀਦ ਰਾਜਗੁਰੂ /*ਸ਼ਿਵ ਵਰਮਾ* 10/-
ਸ਼ਹੀਦ ਊਧਮ ਸਿੰਘ/*ਸੁਖਦੇਵ ਸਿੱਧੂ* 10/-
ਸ਼ਹੀਦ ਕਰਤਾਰ ਸਿੰਘ ਸਰਾਭਾ/*ਵਿਸ਼ਵਭਾਰਤੀ* 10/-
ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/*ਬਲਵੀਰ ਚੰਦ* 10/-
ਸਾਮਰਾਜੀ ਧੌਂਸ ਨੂੰ ਵੰਗਾਰ/*ਨਵਤੇਜ ਸਿੰਘ* 300/-
ਜੀਵਨ ਤੇ ਰਚਨਾ ਲਾਲਾ ਹਰਦਿਆਲ/*ਡਾ. ਕੋਮਲ* 100/-
ਹੁਤਾਤਮਾ ਰਾਜਗੁਰੂ/ਚਰਨ ਕੌਸ਼ਲ 100/-
ਕੂਕਾ ਲਹਿਰ ਤੋਂ ਭਗਤ ਸਿੰਘ ਤੱਕ/ਜਰਨੈਲ ਅੱਚਰਵਾਲ 120/-

**■ ਇਨਕਲਾਬੀ ਨਾਵਲ**

ਫਾਂਸੀ ਦੇ ਤਖ਼ਤੇ ਤੋਂ/*ਜੂਲੀਅਸ ਫ਼ੀਚਕ* 50/-
ਨੀਲੇ ਪੱਤਰੇ/*ਇਮਾਨੁਅਲ ਕਜ਼ਾਕੇਵਿਚ* 50/-
ਜੰਗਲਨਾਮਾ/*ਸਤਨਾਮ* 60/-
ਪਰਬਤੋਂ ਭਾਰੀ ਮੌਤ (ਨਾਵਲ)/*ਅਨਿਲ ਵਾਰਵੇ* 20/-
ਜਦੋਂ ਖੇਤ ਜਾਗੇ (ਨਾਵਲ)/*ਕ੍ਰਿਸ਼ਨ ਚੰਦਰ* 30/-
ਬਾਲ ਸਿਪਾਹੀ (ਚੀਨੀ ਨਾਵਲ)/*ਸ਼ੀ ਕੁਆਂਗ ਯਾਓ* 30/-
ਚਮਕਦਾ ਲਾਲ ਸਿਤਾਰਾ (ਨਾਵਲ)/*ਲੀ ਸ੍ਰਿਨ-ਤੀਅਨ* 20/-
ਮੱਛੀ ਤੇ ਪਾਣੀ (ਚੀਨੀ ਨਾਵਲ)/*ਚੈਨ ਤੈਂਗ ਕੀ* 20/-
ਜੋ ਹਾਰੇ ਨਹੀਂ (ਨਾਵਲ)/*ਪ੍ਰੋ. ਹਰਭਜਨ ਸਿੰਘ* 250/-
ਮਾਸਟਰ ਸਾਹਿਬ/*ਮਹਾਂਸ਼ਵੇਤਾ ਦੇਵੀ* 30/-

**■ ਇਨਕਲਾਬੀ ਗੀਤ**

ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ/*ਇਕਬਾਲ ਉਦਾਸੀ* 30/-
ਪਾਸ਼ ਦੀ ਚੋਣਵੀਂ ਕਵਿਤਾ/*ਅਵਤਾਰ ਪਾਸ਼* 40/-
ਗੂੰਜ ਬਗਾਵਤ ਦੀ/*ਜਸਦੇਵ ਲਲਤੋਂ* 30/-
ਉੱਠੋ ਨੌਜਵਾਨੋਂ/*ਕ੍ਰਿਸ਼ਨ ਕੌਰਪਾਲ* 30/-
ਖੇਤਾਂ ਦੀ ਬੁੱਕਲ 'ਚੋਂ (ਗੀਤ)/*ਮਿੰਦਰਪਾਲ ਭੱਠਲ* 30/-
ਅੱਜ ਦੇ ਜ਼ਮਾਨੇ ਵਿੱਚ/*ਦਰਸ਼ਨ ਭੋਤਨਾ* 25/-
ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/*ਤਜਿੰਦਰ* 50/-
ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/*ਅਜਮੇਰ ਸਿੱਧੂ* 50/-
ਛੱਲਾਂ ਲਹਿਰ ਦੀਆਂ/*ਜਸਦੇਵ ਸਿੰਘ ਲਲਤੋਂ* 30/-
ਭਰੂਣ ਹੱਤਿਆ ਇਕ ਸਮਾਜਿਕ ਕੋਹੜ/*ਮੱਖਣ ਸਿੰਘ ਜੌਹਲ* 50/-
ਭਗਤ ਸਿੰਘ ਉਦੋਂ ਤੇ ਹੁਣ 50/-

**■ ਇਨਕਲਾਬੀ ਵਾਰਤਕ**

ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ 130/-
ਲਾਲ ਕਿਤਾਬ/*ਕਾਮਰੇਡ ਮਾਓ ਦੇ ਵਿਚਾਰ* 60/-
ਨੌਜਵਾਨ ਭਾਰਤ ਸਭਾ ਦਾ ਇਤਿਹਾਸ 70/-
ਨੌਜਵਾਨਾਂ ਨੂੰ/*ਸਵੈ ਸਾਚੀ* 20/-
ਸਮਾਜ ਨੂੰ ਬਦਲ ਦਿਓ/*ਸਵੈ ਸਾਚੀ* 20/-
ਭਾਰਤ ਦਾ ਮੁਕਤੀ ਸੰਘਰਸ਼/*ਨੌਜਵਾਨ ਦਸਤਾ* 50/-
ਸੂਹੀ ਸਵੇਰ/*ਸਵੈ ਸਾਚੀ* 50/-
ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ 40/-
ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/*ਬਲਵੀਰ ਪ੍ਰਵਾਨਾ* 40/-
ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ/*ਚਮਨ ਲਾਲ* 50/-
ਪੰਜਾਬ ਦੀ ਨਕਸਲਬਾੜੀ ਲਹਿਰ/*ਬਲਵੀਰ ਪਰਵਾਨਾ* 40/-
ਗੁਲਾਮੀ ਤੋਂ ਮੁਕਤੀ/*ਫਰੈਡਰਿਕ ਡਗਲਸ* 20/-
ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ 60/-
ਗੁਲਮੀ ਵਾਲੀ ਜੂਨ ਬੁਰੀ /*ਗੁਰਚਰਨ ਜੈਤੋਂ* 50/-
ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/*ਮੇਰੀ ਟਾਈਲਰ* 80/-
ਵਿਦਰੋਹੀ ਜੰਗਲ/ਰਾਹੁਲ ਪੰਡਿਤਾ 60/-

**■ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ**

ਸਾਹਿਤ ਦਾ ਸਾਗਰ : ਪਾਸ਼/*ਸੋਹਣ ਸਿੰਘ ਸੰਧੂ* 400/-
ਜੋਜ਼ਫ ਸਟਾਲਿਨ (ਜੀਵਨੀ)/ਸਰਜੀਤ ਤਲਵਾਰ 50/-
ਉਕਾਬਣ ਕੂੰਜਾਂ (ਸੰਸਾਰ ਪ੍ਰਸਿੱਧ ਔਰਤਾਂ ਦੀਆਂ ਜੀਵਨੀਆਂ)ਗਿੱਲ 100/-
ਹਾਕਮ ਸਿੰਘ ਸਮਾਉਂ/*ਸੁਖਦਰਸ਼ਨ ਨੱਤ* 150/-
ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/*ਤੇਜਵੰਤ ਮਾਨ* 50/-
ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ/*ਬਲਵੀਰ ਚੰਦ* 20/-
ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/*ਬਲਵੀਰ* 30/-
ਡਾਇਰੀ ਬਾਬਾ ਹਰੀ ਸਿੰਘ ਉਸਮਾਨ/*ਪ੍ਰੋ. ਵੜੈਚ* 50/-
ਗ਼ਦਰੀ ਬਾਬਾ ਜਵਾਲਾ ਸਿੰਘ/*ਬਲਵੀਰ ਪਰਵਾਨਾ* 30/-
ਸੰਘਰਸ਼ਸ਼ੀਲ ਯੋਧਾ ਹਰੀ ਸਿੰਘ ਤਰਕ 50/-
ਗਦਰੀ ਬਾਬਾ ਦੂਲਾ ਸਿੰਘ/*ਜਰਨੈਲ ਅੱਚਰਵਾਲ* 30/-
ਇਨਕਲਾਬੀ ਯੋਧਾ ਮੈਡਮ ਕਾਮਾ/*ਸੂਫ਼ੀ ਅਮਰਜੀਤ* 40/-

**■ ਹੋਰ ਇਨਕਲਾਬੀ ਪੁਸਤਕਾਂ**

ਚੀਨੀ ਸਾਹਿਤ ਦੀ ਅਲੋਚਨਾ ਦੇ ਸਿਧਾਂਤ/ਅਮਰਜੀਤ ਸੂਫ਼ੀ 50/-
ਤਾਮਿਲ ਗੁਰਿਲਿਆਂ ਦੇ ਦੇਸ਼ 'ਚ/*ਹਰਜਿੰਦਰ* 40/-
ਸੰਗਰਾਮੀ ਪਿੰਡ/*ਜਰਨੈਲ ਸਿੰਘ ਅੱਚਰਵਾਲ* 60/-
ਕਿਊਬਾ ਸਫ਼ਰਨਾਮਾ/*ਪ੍ਰੋ. ਗੁਰਮੀਤ ਟਿਵਾਣਾ* 150/-
ਸਾਮਰਾਜੀ ਤਾਕਤਾਂ ਇਰਾਕ ਜੰਗ/*ਬਲਜਿੰਦਰ ਕੋਟਭਾਰਾ* 20/-
ਸਮਕਾਲ ਦੇ ਸਨਮੁੱਖ/*ਬਲਵਿੰਦਰ* 70/-
ਜਿੱਤਾਂਗੇ ਹਨੇਰੇ ਨੂੰ/*ਮਣੀਮਾਲਾ* 50/-
ਜੋਗਿੰਦਰ ਬਾਹਰਲਾ/*ਇੰਦਰਜੀਤ ਨੰਦਨ* 40/-
ਪੰਜਾਬ 'ਚ ਕੌਮੀਅਤ ਤੇ ਜ਼ਰੂਈ ਸਵਾਲ/*ਕਰਮ ਬਰਸਟ* 50/-
ਗਾਥਾ ਕਿਸ਼ਨਗੜ੍ਹ/*ਦੇਸ ਰਾਜ ਛਾਜਲੀ* 30/-
ਪੱਤਣੋਂ ਲੰਘੇ ਪਾਣੀ/ਰਣਧੀਰ ਗਿੱਲ ਪੱਤੀ 40/-

**■ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* 50/-
ਪ੍ਰਮਾਤਮਾ ਦੀ ਉਤਪਤੀ, ਇਸ ਭਰਮ ਦਾ ਭਵਿੱਖ 50/-
ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਸਿਗਮੰਡ ਫਰਾਇਡ* 40/-
ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* 50/-
ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ/*ਸਿਗਮੰਡ* 50/-
ਪੁਰਾਤਨ ਸਮਾਜ/*ਐਲ. ਐਚ. ਮੌਰਗਨ* 100/-






### ■ ਸਧਾਂਤਿਕ ਤਰਕਸ਼ੀਲ ਸਾਹਿਤ

| | |
|---|---|
| ...ਤੇ ਦੇਵ ਪੁਰਸ਼ ਹਾਰ ਗਏ/ਅਬਰਾਹਮ ਟੀ. ਕਾਵੂਰ | 30/- |
| ਦੇਵ, ਦੈਂਤ ਤੇ ਰੂਹਾਂ/ਅਬਰਾਹਮ ਟੀ. ਕਾਵੂਰ | 30/- |
| ਰੌਸ਼ਨੀ/ਮੇਘ ਰਾਜ ਮਿੱਤਰ | 20/- |
| ਤਰਕਬਾਣੀ/ਮੇਘ ਰਾਜ ਮਿੱਤਰ | 20/- |
| ਤਰਕਜੋਤੀ/ਮੇਘ ਰਾਜ ਮਿੱਤਰ | 20/- |
| ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/ਮੇਘ ਰਾਜ ਮਿੱਤਰ | 30/- |
| ਜੋਤਿਸ਼ ਝੂਠ ਬੋਲਦਾ ਹੈ/ਮਨਜੀਤ ਬੋਪਾਰਾਏ | 20/- |
| ਜੋਤਿਸ਼ ਤੇ ਵਿਗਿਆਨ/ਮੇਘ ਰਾਜ ਮਿੱਤਰ | 50/- |
| ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/ਮੇਘ ਰਾਜ ਮਿੱਤਰ | 40/- |
| ਰੱਬ ਕਦੋਂ, ਕਿੱਥੇ ਤੇ ਕਿਵੇਂ?/ਰਾਜਾ ਰਾਮ | 30/- |
| ਕਿਹੜਾ ਗੁਰੂ, ਕਿਹੜੀ ਮੁਕਤੀ?/ਰਾਜਾ ਰਾਮ | 40/- |
| ਪਰ ਇਹ ਸੱਚ ਹੈ/ਰਾਜਾ ਰਾਮ | 70/- |
| ਵਾਸਤੂ ਸ਼ਾਸਤਰ ਕੋਰਾ ਝੂਠ/ਬਹਾਦਰ ਸਿੰਘ ਧੌਲਾ | 40/- |
| ਚਮਤਕਾਰਾਂ ਦੀ ਦੁਨੀਆਂ/ਅਜਮੇਰ ਸਿੱਧੂ | 50/- |
| ਰਜ਼ਨੀਸ਼ ਬੇਨਕਾਬ/ਡਾ. ਕਰਮਜੀਤ ਸਿੰਘ | 30/- |
| ਝਮੇਲਾ ਰੱਬ ਦਾ/ਡਾ. ਹਰੀਸ਼ ਮਲਹੋਤਰਾ | 50/- |
| ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/ਡਾ. ਕੋਵੂਰ | 50/- |
| ਕਰਾਮਾਤਾਂ ਦਾ ਪਰਦਾਫਾਸ਼/ਡਾ.ਅਬਰਾਹਮ ਟੀ ਕੋਵੂਰ | 50/- |
| ਚਿੱਠੀਆਂ ਲਿਖ ਤਰਕਸ਼ੀਲਾਂ ਨੂੰ ਪਾਈਆਂ | 30/- |
| ਸ਼ੰਕਾ ਨਵਿਰਤੀ/ਮੇਘ ਰਾਜ ਮਿੱਤਰ | 50/- |
| ਰੱਬਾਂ ਬਿਨਾਂ ਮੁਕਤੀ/ਸਰਜੀਤ ਤਲਵਾਰ | 20/- |
| ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/ਸਰਜੀਤ ਤਲਵਾਰ | 40/- |
| ਜੋਤਿਸ਼ ਅਤੇ ਤਾਂਤ੍ਰਿਕ/ਡਾ. ਆਰ. ਜੇ ਸਿੰਘ | 30/- |
| ਗੇੜ ਚੁਰਾਸੀ ਦਾ/ਗੁਰਚਰਨ ਨੂਰਪੁਰ | 30/- |
| ਕੀ ਝੂਠ ਕੀ ਸੱਚ/ਗੁਰਚਰਨ ਨੂਰਪੁਰ | 40/- |
| ਨਾਸਟ੍ਰੇਡਮਸ ਬੇਨਕਾਬ/ਜੇਮਜ਼ ਰੇਂਡੀ | 150/- |
| ਧਰਮ ਦੇ ਅੰਗ ਸੰਗ/ਰਣਜੀਤ ਝਨੇਰ | 50/- |
| ਅੰਧਵਿਸ਼ਵਾਸ ਮੁਰਦਾਬਾਦ/ਸਰਜੀਤ ਤਲਵਾਰ | 40/- |

### ■ ਹਿਪਨੋਟੀਜ਼

| | |
|---|---|
| ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/ਸਰਜੀਤ ਤਲਵਾਰ | 10/- |
| ਹਿਪਨੋਟਿਜ਼ਮ ਤੁਹਾਡੇ ਲਈ/ਟੀ. ਐਸ. ਰਾਓ | 25/- |
| ਹਿਪਨੋਟਿਜ਼ਮ ਕਿਵੇਂ ਸਿੱਖੀਏ ?/ਸਰਜੀਤ ਤਲਵਾਰ | 20/- |

### ■ ਜਾਦੂ ਦੀਆਂ ਕਿਤਾਬਾਂ

| | |
|---|---|
| ਜੀਵਨ ਦੀਆਂ ਗਣਿਤਕ ਉਲਝਣਾਂ/ਹੇਮ ਰਾਜ ਗਰਗ | 70/- |
| ਤਰਕਸ਼ੀਲ ਦਿਮਾਗੀ ਕਸਰਤਾਂ /ਮੇਘ ਰਾਜ ਮਿੱਤਰ | 30/- |
| ਦਿਮਾਗੀ ਵਿਕਾਸ ਕਿਵੇਂ ਕਰੀਏ?/ਮੇਘ ਰਾਜ ਮਿੱਤਰ | 20/- |
| ਅੰਕਾਂ ਦਾ ਜਾਦੂ/ਸਰਜੀਤ ਤਲਵਾਰ | 40/- |
| ਵਿਗਿਆਨਕ ਜਾਦੂਗਰ/ਸਰਜੀਤ ਤਲਵਾਰ | 30/- |
| ਤਰਕਸ਼ੀਲ ਜਾਦੂਗਰ/ਸਰਜੀਤ ਤਲਵਾਰ | 30/- |
| ਸਟੇਜ ਦੇ ਜਾਦੂ/ਨਰਿੰਦਰ | 30/- |
| ਨੰਨ੍ਹਾ ਜਾਦੂਗਰ/ਨਰਿੰਦਰ | 20/- |
| ਚਮਤਕਾਰਾਂ ਪਿੱਛੇ ਵਿਗਿਆਨ/ਬੀ. ਪ੍ਰੇਮਾਨੰਦ | 40/- |
| ਰਸਾਇਣਕ ਜਾਦੂਗਰ/ਸਰਜੀਤ ਤਲਵਾਰ | 20/- |
| ਰਸੋਈ ਵਿੱਚ ਵਿਗਿਆਨ/ਸਰਜੀਤ ਤਲਵਾਰ | 30/- |
| ਚਮਤਕਾਰਾਂ ਦੇ ਰਹੱਸ/ਜ਼ੇਮਜ਼ ਰਾਂਡੀ | 150/- |

### ■ ਗਿਆਨ ਵਿਗਿਆਨ ਦੀਆਂ ਪੁਸਤਕਾਂ

| | |
|---|---|
| ਮਾਦੇ ਤੋਂ ਮਨੁੱਖ ਤੱਕ/ਮੇਘ ਰਾਜ ਮਿੱਤਰ | 10/- |
| ਕਣ-ਕਣ ਵਿੱਚ ਵਿਗਿਆਨ/ਮੇਘ ਰਾਜ ਮਿੱਤਰ | 15/- |
| ਸਮੇਂ ਦਾ ਇਤਿਹਾਸ/ਮੇਘ ਰਾਜ ਮਿੱਤਰ | 30/- |
| ਪ੍ਰਸਿੱਧ ਵਿਗਿਆਨਕ ਖੋਜਾਂ/ਡਾ. ਜਤਿੰਦਰਪਾਲ ਸਿੰਘ | 50/- |
| ਵਿਗਿਆਨ ਦੇ ਚਮਤਕਾਰ/ਡਾ. ਜਤਿੰਦਰਪਾਲ ਸਿੰਘ | 70/- |
| ਸਾਡਾ ਦੋਸਤ ਵਿਗਿਆਨ/ਡਾ. ਜਤਿੰਦਰਪਾਲ ਸਿੰਘ | 80/- |
| ਮਨੁੱਖੀ ਸਰੀਰ ਦੇ ਰਹੱਸ/ਡਾ. ਜਤਿੰਦਰਪਾਲ ਸਿੰਘ | 80/- |
| ਮਹਾਨ ਵਿਗਿਆਨੀ/ਡਾ. ਜਤਿੰਦਰਪਾਲ | 70/- |
| ਵਿਗਿਆਨ ਦੀ ਅਦਭੁੱਤ ਦੁਨੀਆ/ਡਾ. ਜਤਿੰਦਰਪਾਲ | 80/- |
| ਵਾਤਾਵਰਣ ਦਾ ਪ੍ਰਦੂਸ਼ਣ/ਡਾ. ਜਤਿੰਦਰਪਾਲ | 80/- |
| ਫੈਲ ਰਹੀ ਮਹਾਂਮਾਰੀ ਏਡਜ਼/ਡਾ. ਜਤਿੰਦਰਪਾਲ | 40/- |
| ਮਨੋਰੰਜਨ ਰਾਹੀਂ ਵਿਗਿਆਨ/ਸਰਜੀਤ ਤਲਵਾਰ | 30/- |
| ਵਿਗਿਆਨ ਹੀ ਵਿਗਿਆਨ/ਸਰਜੀਤ ਤਲਵਾਰ | 20/- |
| ਗਹਿਣਿਆਂ ਦੀ ਕਹਾਣੀ/ਸਰਜੀਤ ਤਲਵਾਰ | 20/- |
| ਜੱਗ ਰਚਨਾ ਦਾ ਸੱਚ/ਅਮਰਜੀਤ ਢਿੱਲੋਂ | 20/- |
| ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/ਬਰਟਰੈਂਡ ਰਸਲ | 40/- |
| ਖੇਡ ਖੇਡ 'ਚ ਵਿਗਿਆਨ/ਬਰਜਿੰਦਰਪਾਲ ਸਿੰਘ | 20/- |
| ਆਓ ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/ਬਲਜਿੰਦਰਪਾਲ | 30/- |
| ਬੋਦੀ ਵਾਲੇ ਤਾਰੇ/ਸਰਜੀਤ ਤਲਵਾਰ | 30/- |
| ਮਨੁੱਖ ਮਹਾਂਬਲੀ ਕਿਵੇਂ ਬਣਿਆ/ਐਮ. ਇਲੀਨ | 100/- |
| ਮਨੁੱਖ ਦੀ ਉਤਪਤੀ/ਚਾਰਲਸ ਡਾਰਵਨ | 100/- |
| ਜੀਵ ਦੀ ਉਤਪਤੀ/ਚਾਰਲਸ ਡਾਰਵਨ | 150/- |
| ਜੀਵਨ ਸੋਝੀ/ਮਹਿੰਦਰ ਸਿੰਘ | 30/- |
| ਜੀਵ ਜੰਤੂਆਂ ਦੀ ਅਦਭੁਤ ਦੁਨੀਆਂ/ਰਣਜੀਤ ਝਨੇਰ | 80/- |
| ਸਾਇੰਸ ਸਿਟੀ/ਮੇਘ ਰਾਜ ਮਿੱਤਰ | 50/- |
| ਵਿਗਿਆਨ ਤੇ ਪਰਾਵਿਗਿਆਨ/ਮੇਘ ਰਾਜ ਮਿੱਤਰ | 40/- |
| ਗਿਆਨ ਸਾਗਰ ਦੀ ਯਾਤਰਾ/ਸੰਪਾ. ਮੇਘ ਰਾਜ ਮਿੱਤਰ | 20/- |
| ਦੁਨੀਆਂ ਦੀਆਂ ਭਾਸ਼ਾਵਾਂ/ਕੁੰਦਨ ਲਾਲ ਭੱਟੀ | 70/- |

### ■ ਦਾਰਸ਼ਨਿਕ ਸਾਹਿਤ

| | |
|---|---|
| ਗੁਰੂ ਨਾਨਕ ਬਾਰੇ ਸੱਚ ਦੀ ਖੋਜ/ਡਾ. ਸ. ਸ. ਦੁਸਾਂਝ | 80/- |
| ਧਰਮ ਕੀ ਹੈ?/ਗਰੀਨ ਇੰਗਰਸੋਲ | 10/- |
| ਇੰਗਰਸੋਲ ਦੇ ਅਨਮੋਲ ਬਚਨ/ਸੰਪਾ. ਅਮਿੱਤ ਮਿੱਤਰ | 40/- |
| ਸਤਯੁੱਗ ਤੋਂ ਕਲਯੁੱਗ ਤੱਕ/ਖੁਸ਼ਵੰਤ ਬਰਗਾੜੀ | 30/- |
| ਪ੍ਰਾਚੀਨ ਭਾਰਤੀ ਸੱਭਿਆਚਾਰ/ਖੁਸ਼ਵੰਤ ਬਰਗਾੜੀ | 30/- |
| ਦਰਸ਼ਨ ਪਰੰਪਰਾ/ਗਿਆਨ ਸਿੰਘ ਬੱਲ | 50/- |
| ਤਰਕਸ਼ੀਲ ਦਰਸ਼ਨ/ਮੱਖਣ ਸਿੰਘ ਜੌਹਲ | 30/- |
| ਸਿੱਖ ਵੀਰਾਂ ਨਾਲ ਕੁਝ ਗੱਲਾਂ/ਮੱਖਣ ਸਿੰਘ ਜੌਹਲ | 80/- |
| ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/ਮੱਖਣ ਸਿੰਘ ਜੌਹਲ | 30/- |

### ■ ਤਰਕਸ਼ੀਲ ਨਾਵਲ/ਕਹਾਣੀਆਂ/ਜੀਵਨੀਆਂ/ਸਫ਼ਰਨਾਮੇ

| | |
|---|---|
| ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/ਮੇਘ ਰਾਜ ਮਿੱਤਰ | 50/- |
| ਮਾਓ ਦੇ ਦੇਸ਼ 'ਚ/ਮੇਘ ਰਾਜ ਮਿੱਤਰ | 20/- |
| ਬੇਗਾਨੀ ਧਰਤੀ ਆਪਣੇ ਲੋਕ/ਮੇਘ ਰਾਜ ਮਿੱਤਰ | 40/- |
| ਕ੍ਰਿਸ਼ਨ ਬਰਗਾੜੀ/ਖੁਸ਼ਵੰਤ ਬਰਗਾੜੀ | 50/- |
| ਫਿਰ ਸੁਲਗੇ ਨਾ ਚੰਗਿਆੜੀ/ਮੱਖਣ ਸਿੰਘ ਜੌਹਲ | 40/- |
| ਤਰਕਸ਼ੀਲ ਸੁਨੇਹੇ/ਮੱਖਣ ਸਿੰਘ ਜੌਹਲ | 60/- |
| ਤਰਕਸ਼ੀਲ ਵਾਰਤਾ/ਮੱਖਣ ਸਿੰਘ ਜੌਹਲ | 40/- |
| ਪਿੰਡ ਦੀ ਸੱਥ/ਰਣਜੀਤ ਝਨੇਰ | 30/- |
| ਤਰਕਵਾਰਤਾ/ਰਣਜੀਤ ਝਨੇਰ | 50/- |
| ਬਾਬਿਆਂ ਦਾ ਬਾਬਾ/ਰਣਜੀਤ ਸਿੰਘ ਪ੍ਰੀਤ | 30/- |
| ਆਤਮਾ ਮੁੜਜਨਮ ਤੇ ਅਦਾਲਤ/ਸੀਮਾ ਸਬਲੋਕ | 40/- |
| ਧੁਖਦੀ ਵਰਨਮਾਲਾ ਦਾ ਸੰਵਾਦ ਮਨੁੱਖ/ਮੀਤ ਖੱਟੜਾ | 20/- |

### ■ ਤਰਕਸ਼ੀਲ ਕਾਵਿ ਸਾਹਿਤ

| | |
|---|---|
| ਤਰਕਸ਼ੀਲ ਬੋਲੀਆ/ਰਾਮ ਸਰੂਪ ਸ਼ਰਮਾ | 25/- |
| ਤਰਕਸ਼ੀਲ ਹੇਕਾਂ/ਮੱਖਣ ਸਿੰਘ ਜੌਹਲ | 60/- |
| ਤਰਕਸ਼ੀਲ ਕਾਵਿ ਵਿਅੰਗ/ਮੱਖਣ ਸਿੰਘ ਜੌਹਲ | 30/- |
| ਤਰਕਸ਼ੀਲ ਕਾਵਿ ਵਿਅੰਗ/ਅਮਰਜੀਤ ਢਿੱਲੋਂ | 30/- |






## ਟੈਕਨੀਕਲ

| | |
|---|---|
| ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਰੀ | 150/- |
| ਪੰਜਾਬ ਵਸੀਕਾ ਨਵੀਸੀ/ਆਰ. ਕੇ ਭਰਦਵਾਜ਼ | 250/- |
| ਕਚਹਿਰੀ ਸ਼ਬਦ ਕੋਸ਼/ਆਰ. ਕੇ ਭਰਦਵਾਜ਼ | 150/- |
| ਜਨਰਲ ਨਾਲਿਜ/*ਹਰਬੰਸ ਸਿੰਘ ਵਾਰਵਲ* | 50/- |
| ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/*ਸੀ.ਪੀ.ਕੰਬੋਜ* | 60/- |
| ਆਓ ਕੰਪਿਓਟਰ ਸਿੱਖੀਏ/*ਕ੍ਰਿਪਾਲ ਸਿੰਘ ਪੰਨੂ* | 50/- |
| ਸੂਚਨਾ ਦਾ ਅਧਿਕਾਰ ਕਾਨੂੰਨ-2005 | 30/- |
| ਭਵਨ ਨਿਰਮਾਣ ਕਿਵੇਂ ਕਰੀਏ?/*ਇੰਜ.ਰਾਜ ਕੁਮਾਰ* | 120/- |
| ਮਸਤਾਨਾ ਮੋਟਰ ਮਿਸਤਰੀ/*ਪ੍ਰੇਮ ਸਿੰਘ ਮਸਤਾਨਾ* | 40/- |
| ਨਿਊਜ਼ੀਲੈਂਡ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* | 40/- |
| ਪੰਜਾਬੀ ਭਾਸ਼ਾ ਦਾ ਅਧਿਆਪਨ/*ਪ੍ਰੋ. ਇਕਬਾਲ ਸਿੰਘ* | 70/- |
| ਟੈਲੀਵਿਜ਼ਨ/*ਸੀ.ਪੀ. ਕੰਬੋਜ* | 20/- |
| ਮੋਬਾਇਲ ਫੋਨ/*ਸੀ.ਪੀ. ਕੰਬੋਜ* | 20/- |
| ਕੰਪਿਊਟਰ/*ਸੀ.ਪੀ. ਕੰਬੋਜ* | 20/- |
| ਰੋਬੋਟ/*ਸੀ.ਪੀ. ਕੰਬੋਜ* | 20/- |
| ਸੰਚਾਰ ਦੇ ਸਾਧਨ/*ਸੀ.ਪੀ. ਕੰਬੋਜ* | 20/- |

## ਸਿਹਤ ਸਬੰਧੀ ਸਾਹਿਤ

| | |
|---|---|
| ਦਿਲ ਦੀ ਵਿਗੜ ਰਹੀ ਸਿਹਤ/*ਡਾ. ਦੀਪਤੀ* | 60/- |
| ਸਿਹਤ ਅਤੇ ਵਹਿਮ ਭਰਮ/*ਡਾ. ਸ਼ਿਆਮ ਸੁੰਦਰ ਦੀਪਤੀ* | 80/- |
| ਮਾਨਸਿਕ ਰੋਗ-ਕਾਰਣ, ਲੱਛਣ ਤੇ ਇਲਾਜ/ਡਾ. ਸੰਦੀਪ | 50/- |
| ਸਾਡੇ ਬੱਚੇ ਸਾਡੇ ਚਿਰਾਗ/*ਡਾ. ਹਰਸ਼ਿੰਦਰ ਕੌਰ* | 60/- |
| ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ | 100/- |
| ਬੱਚਿਆਂ ਬਾਰੇ ਗਿਆਨ, ਵਿਗਿ. ਤੇ ਮਨੋਵਿਗਿਆਨ | 100/- |
| ਬਾਲ ਮਨਾਂ ਵਿੱਚ/ਡਾ. ਹਰਸ਼ਿੰਦਰ ਕੌਰ | 120/- |
| ਸਿਹਤ ਸੰਭਾਲ/*ਡਾ. ਅਜੀਤਪਾਲ ਸਿੰਘ* | 50/- |
| ਤੰਦਰੁਸਤ ਕਿਵੇਂ ਰਹੀਏ/*ਡਾ. ਅਜੀਤਪਾਲ ਸਿੰਘ* | 40/- |
| ਡਾਕਟਰ ਦੀ ਸਲਾਹ/*ਡਾ. ਅਜੀਤਪਾਲ ਸਿੰਘ* | 40/- |
| ਸਿਹਤ ਫੁਲਵਾੜੀ/*ਡਾ. ਅਜੀਤਪਾਲ ਸਿੰਘ* | 50/- |
| ਤੰਦਰੁਸਤੀ ਇਕ ਨਿਆਮਤ ਹੈ/ਡਾ. ਅਜੀਤਪਾਲ | 100/- |
| ਸ਼ੂਗਰ ਰੋਗ/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਬਲੱਡ ਪ੍ਰੈਸ਼ਰ/*ਡਾ. ਸ਼ਿਆਮ ਸੁੰਦਰ ਦੀਪਤੀ* | 15/- |
| ਕੈਂਸਰ/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਏਡਜ਼/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਉਦਾਸੀ ਰੋਗ/*ਡਾ. ਪਰਮਜੀਤ ਸਿੰਘ* | 10/- |
| ਮਿਰਗੀ ਰੋਗ/*ਡਾ. ਪਰਮਜੀਤ ਸਿੰਘ* | 10/- |
| ਅੱਖਾਂ ਦੀ ਸੰਭਾਲ/*ਡਾ. ਬਲਜੀਤ ਸਿੰਘ ਢਿੱਲੋਂ* | 10/- |
| ਸੁਖਾਵੇਂ ਪਿਆਰ ਸਬੰਧ/*ਡਾ. ਰਣਜੀਤ ਸਿੰਘ* | 30/- |
| ਨਸ਼ੇ ਕਿਵੇਂ ਛੱਡੀਏ/*ਰਣਜੀਤ ਝਨੇਰ* | 70/- |
| ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* | 30/- |
| ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* | 20/- |
| ਬਾਲ ਮਨੋਵਿਗਿਆਨ/*ਬਲਵਿੰਦਰ ਬਰਨਾਲਾ* | 30/- |
| ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* | 20/- |
| ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* | 40/- |

## ■ ਬੱਚਿਆਂ ਲਈ ਪੁਸਤਕਾਂ

| | |
|---|---|
| ਰੂਸੀ ਬਾਲ ਕਹਾਣੀ 'ਲਾਖੀ'/*ਅਨੰਤ ਚੇਖਵ* | 20/- |
| ਨਿੱਕੇ ਨਿੱਕੇ ਸੂਰਜ/*ਅਮਰ ਕੋਮਲ* | 10/- |
| ਬਾਲ ਖੇਡ ਵੰਨਗੀ/*ਕੁੰਦਨ ਲਾਲ ਭੱਟੀ* | 70/- |
| ਸੰਗੀ ਸਾਥੀ/*ਸੁਲੱਖਣ ਮੀਤ (ਪ੍ਰੋ:)* | 50/- |
| ਮੇਰੀ ਪੁਸਤਕ ਤੇਰੀ ਪੁਸਤਕ/*ਸੁਲੱਖਣ ਮੀਤ (ਪ੍ਰੋ:)* | 50/- |
| ਫੁੱਲਾਂ ਵਰਗੇ ਬੱਚੇ/ਅਮਰੀਕ ਸਿੰਘ ਤਲਵੰਡੀ | 50/- |
| ਛਹਿਬਰ/ਨਵਰਾਹੀ ਘੁਗਿਆਣਵੀ | 50/- |
| ਆਓ ਕਰੀਏ ਪੜ੍ਹਾਈ/ਕੰਚਨ | 50/- |
| ਅਮਰ ਕਹਾਣੀਆਂ (ਸੌ ਦੰਦ ਕਥਾਵਾਂ)/ਡਾ. ਅਮਰ ਕੋਮਲ | 50/- |
| ਗੁਲੀਵਰ ਦੀਆਂ ਯਾਤਰਾਵਾਂ/*ਜੋਨਾਥਨ ਸਵਿਫਟ* | 15/- |
| ਗਨੇਰੀਆਂ/*ਨਵਰਾਹੀ ਘੁਗਿਆਣਵੀ* | 40/- |
| ਜੈਜ਼ੀਨਾਮਾ/*ਹਰਨੇਕ ਸਿੰਘ ਰਾਣਾ* | 30/- |
| ਘਰ ਦੀ ਰੌਣਕ/*ਅਮਰੀਕ ਤਲਵੰਡੀ* | 100/- |
| ਸਾਡੇ ਗੁਰੂ/*ਅਮਰੀਕ ਸਿੰਘ ਤਲਵੰਡੀ* | 30/- |
| ਨਮੋਲੀਆਂ/*ਨਵਰਾਹੀ ਘੁਗਿਆਣਵੀ* | 30/- |
| ਬੱਚੇ ਮਨ ਦੇ ਸੱਚੇ/*ਅਜਮੇਰ ਸਿੰਘ ਮੋਹੀ* | 50/- |
| ਹੀਰੇ ਪੁੱਤਰ ਮਾਵਾਂ ਦੇ/*ਅਮਰੀਕ ਤਲਵੰਡੀ* | 30/- |
| ਸਾਡਾ ਸਕੂਲ/*ਅਮਰੀਕ ਤਲਵੰਡੀ* | 50/- |
| ਮਾਸੂਮ/*ਨਵਰਾਹੀ ਘੁਗਿਆਣਵੀ* | 40/- |
| ਕਵਿਤਾ ਰਾਹੀਂ ਵਿਗਿਆਨ/*ਪ੍ਰੋ. ਬਲਵਿੰਦਰ ਚਾਹਲ* | 50/- |
| ਸਾਡੇ ਅਧਿਆਪਕ/*ਅਮਰੀਕ ਸਿੰਘ ਤਲਵੰਡੀ* | 30/- |
| ਚੰਗੇ ਬੱਚੇ /*ਗੁਰਮੇਲ ਚਹਿਲ* | 50/- |
| ਗਿਆਨ ਸਾਗਰ ਰਮਾਇਣ / *ਬਲਜਿੰਦਰ ਮਾਨ* | 60/- |
| ਗੁਰੂ ਸਹਿਬਾਨ ਤੇ ਕਥਾ ਕਹਾਣੀਆਂ /*ਬਲਜਿੰਦਰ ਮਾਨ* | 80/- |

## ■ ਨਾਵਲ

| | |
|---|---|
| ਮਾਂ ਤੇ ਧਰਤੀ /ਡਾ. ਨਰਿੰਦਰ ਸਿੰਘ | 100/- |
| ਪ੍ਰਿਜ਼ਮ | 300/- |
| ਬੇ ਵਜ੍ਹਾ/*ਸਿਕੰਦਰ ਝਨੇਰ* | 100/- |
| ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼* | 15/- |
| ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼* | 20/- |
| ਕੋਲਿਆਂ ਦੇ ਦਲਾਲ/*ਕੌਰ ਚੰਦ ਰਾਹੀ* | 20/- |
| ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ* | 50/- |
| ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ* | 40/- |
| ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ* | 20/- |
| ਇੱਕ ਸੀ ਸਰੀਫ਼ਾਂ/*ਸਰਦੂਲ ਸਿੰਘ ਦਰਦ* | 20/- |
| ...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਏਸਰ* | 30/- |
| ਮਰਜੀਵੜਾ/*ਕਰਤਾਰ ਸਿੰਘ ਮਾਨ* | 150/- |
| ਗਲੀ ਨੰ: 4/*ਬਿਕਰਮਜੀਤ ਨੂਰ* | 50/- |
| ਰਾਹੂਕੇਤੂ/*ਬਾਬੂ ਸਿੰਘ ਬਰਾੜ* | 40/- |
| ਪਾਪੀ/*ਬਿਕਰਮਜੀਤ ਨੂਰ* | 20/- |
| ਸਰਕਲ/*ਗੁਰਪ੍ਰੀਤ ਸਿਹਜੀ* | 30/- |
| ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ* | 50/- |
| ਬਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ* | 100/- |
| ਕੌਣ ਜਿੱਤਿਆ/*ਹਰਚੰਦ ਗਿੱਲ ਮਿਆਣੀ* | 30/- |
| ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ* | 40/- |
| ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ* | 100/- |
| ਰੂਪ ਦੇ ਰੰਗ/*ਬਾਬੂ ਸਿੰਘ ਬਰਾੜ* | 40/- |
| ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ* | 40/- |
| ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ* | 100/- |
| ਬਾਪੂ ਦਾ ਵਿਆਹ/*ਸੁਰਜੀਤ ਸਿੰਘ ਸੁਹਿਰਦ* | 50/- |
| ਅਰਥੀਅਨ/ਰਾਜ਼ਨ ਸਿੰਘ ਸਿੱਧੂ | 100/- |
| ਸੂਲੀ ਤੇ ਟੰਗੀ ਰੂਹ (ਨਾਵਲ)/ਸੁਖਮੰਦਰ ਸਿੰਘ ਸਿਤਾਰਾ | 40/- |

## ਸਰਗਰਮੀਆਂ

# ਪਿੰਡ ਭਿੰਡਰ ਕਲਾਂ ਵਿਖੇ ਹਜ਼ਾਰਾਂ ਲੋਕਾਂ ਨੇ ਹੱਥ ਖੜ੍ਹੇ ਕਰਕੇ ਅੰਧਵਿਸ਼ਵਾਸ ਤਿਆਗਣ ਦਾ ਪ੍ਰਣ ਕੀਤਾ

## ਤਰਕਸ਼ੀਲ ਸੁਸਾਇਟੀ ਭਾਰਤ ਵੱਲੋਂ ਪਿੰਡ 'ਚ ਵਿਸ਼ਾਲ ਤਰਕਸ਼ੀਲ ਮੇਲਾ ਕਰਵਾਇਆ ਗਿਆ



ਬੀਰਪਾਲ ਦੀ ਕੁੱਟਮਾਰ ਕਰ ਰਹੀ ਸਾਧਣੀ ਅਤੇ ਉਸਦੇ ਚੇਲੇ

ਬੀਤੇ ਦਿਨੀਂ ਭੂਤਾਂ ਪ੍ਰੇਤਾਂ ਦੇ ਚੱਕਰਾਂ ਵਿੱਚ ਪਖੰਡੀ ਸਾਧਾਂ ਦੀ ਦਰਦਿਗੀ ਦਾ ਸ਼ਿਕਾਰ ਹੋਈ ਅਣਭੋਲ ਬੱਚੀ ਬੀਰਪਾਲ ਕੌਰ ਦੀ ਯਾਦ ਵਿੱਚ ਪਿੰਡ ਭਿੰਡਰ ਕਲਾਂ ਵਿਖੇ ਇੱਕ ਤਰਕਸ਼ੀਲ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਦੁਨੀਆਂ ਭਰ ਵਿੱਚ ਚਰਚਿਤ ਹੋਈ ਇਸ ਘਟਨਾ ਵਿੱਚ ਇੱਕ ਪਖੰਡੀ ਸਾਧਣੀ ਨੇ ਪਿੰਡ ਭਿੰਡਰ ਕਲਾਂ ਵਿਖੇ ਆਪਣੀ ਹੀ ਰਿਸ਼ਤੇਦਾਰ ਕੁੜੀ ਨੂੰ ਚਿਮਟਿਆਂ ਨਾਲ ਕੁੱਟ ਕੇ ਮਾਰ ਦਿੱਤਾ ਸੀ। ਇਸ ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦੇ ਆਗੂ ਮੇਘ ਰਾਜ ਮਿੱਤਰ ਜੀ ਕੋਲ ਮੰਗ ਕੀਤੀ ਕਿ ਉਹ ਪਿੰਡ ਆ ਕੇ ਕੋਈ ਵਿਸ਼ੇਸ਼ ਪ੍ਰੋਗਰਾਮ ਕਰਨ ਤਾਂ ਜੋ ਇਲਾਕੇ ਦੇ ਲੋਕ ਅਜਿਹੇ ਅੰਧਵਿਸ਼ਵਾਸ਼ਾਂ ਦੇ ਜੰਜ਼ਾਲ ਵਿੱਚੋਂ ਬਾਹਰ ਨਿੱਕਲ ਸਕਣ। ਪਿੰਡ ਵਾਲਿਆਂ ਦੀ ਮੰਗ 'ਤੇ ਬੀਰਪਾਲ ਕੌਰ ਨੂੰ ਸਰਧਾਂਜਲੀ ਵਜੋਂ ਇਹ ਪ੍ਰੋਗਰਾਮ ਕਰਵਾਇਆ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਤਰਕਸ਼ੀਲ ਆਗੂ ਹਰਮੇਸ਼ ਜਿੰਦਲ ਵੱਲੋਂ ਅੱਖਾਂ ਉਤੇ ਪੱਟੀ ਬੰਨ੍ਹਕੇ ਇਲਾਕੇ ਮੋਟਰਸਾਈਕਲ ਚਲਾਉਣ ਨਾਲ ਕੀਤੀ ਗਈ। ਇਸ ਤੋਂ ਬਾਅਦ ਹਜ਼ਾਰਾਂ ਲੋਕ ਸਥਾਨਿਕ ਹਾਈ ਸਕੂਲ ਦੇ ਗਰਾਉਂਡ ਵਿੱਚ ਆਉਣੇ ਸ਼ੁਰੂ ਹੋ ਗਏ। ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਆਗੂ ਰਾਜਾ ਰਾਮ ਹੰਢਿਆਇਆ ਵੱਲੋਂ ਇਸ ਮੌਕੇ ਆਪਣੇ ਜਾਦੂ ਦੇ ਟਰਿੱਕਾਂ ਰਾਹੀਂ ਲੋਕਾਂ ਨੂੰ ਅੰਧਵਿਸ਼ਵਾਸਾਂ ਵਿੱਚੋਂ ਨਿਕਲਣ ਦਾ ਸੱਦਾ ਦਿੱਤਾ।

ਤਰਕਸ਼ੀਲ ਆਗੂ ਮੇਘ ਰਾਜ ਮਿੱਤਰ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਬੀਰਪਾਲ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਨਾਲ ਹੀ ਲੋਕਾਂ ਨੂੰ ਇਹ ਪ੍ਰਣ ਕਰਨ ਲਈ ਵੀ ਕਿਹਾ ਕਿ ਮੁੜ ਪਿੰਡ ਭਿੰਡਰ ਕਲਾਂ ਵਿਖੇ ਅਜਿਹੀ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਭੂਤਾਂ-ਪ੍ਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਡਰੱਗਜ਼ ਐਂਡ ਰੈਮਡੀਜ਼ ਐਕਟ 1954 ਦੀ ਧਾਰਾ 2,3,4,5 ਅਨੁਸਾਰ ਪੰਜਾਬ ਵਿੱਚ ਪਖੰਡ ਕਰਦੇ ਅਤੇ ਭੂਤ-ਪ੍ਰੇਤ, ਧਾਗੇ ਤਵੀਤਾਂ ਦੇ ਨਾਂ ਥੱਲੇ ਲੋਕਾਂ ਨੂੰ ਲੁੱਟ ਰਹੇ ਹਜ਼ਾਰਾਂ ਹੀ ਪਖੰਡੀ ਸਾਧਾਂ ਖਿਲਾਫ਼ ਕਾਰਵਾਈ ਕਰਕੇ ਇਨ੍ਹਾਂ ਨੂੰ ਜੇਲ੍ਹੀ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇ ਸਰਕਾਰ ਚਾਹੁੰਦੀ ਹੈ ਕਿ ਅਜਿਹੀ ਕੋਈ ਬੀਰਪਾਲ ਮੁੜ ਕਿਸੇ ਪਖੰਡੀ ਸਾਧ ਦੀ ਦਰਿੰਦਗੀ ਦਾ ਸ਼ਿਕਾਰ ਨਾ ਹੋਵੇ ਤਾਂ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਭੂਤਾਂ-ਪ੍ਰੇਤਾਂ ਦਾ ਖਹਿੜਾ ਛੱਡ ਕੇ ਵਿਗਿਆਨਕ ਸੋਚ ਨੂੰ ਅਪਣਾਉਣ। ਇਸ ਮੌਕੇ ਤਰਕਸ਼ੀਲ ਆਗੂ ਮੇਘ ਰਾਜ ਰੱਲਾ, ਰਾਜ ਕੁਮਾਰ ਮਹਿਤਪੁਰੀ, ਲਖਵਿੰਦਰ ਹਾਲੀ ਅਤੇ ਜਗਪਾਲ ਬਰਾੜ ਨੇ ਵੀ ਆਪਣੇ ਵਿਚਾਰ ਰੱਖੇ। ਕਥਾ-ਵਾਚਕ ਜਗਤਾਰ ਸਿੰਘ ਜਾਚਕ ਨੇ ਪਿੰਡ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਤਰਕਸ਼ੀਲਾਂ ਦਾ ਸਾਥ ਦੇਣ ਅਤੇ ਅੰਧਵਿਸ਼ਵਾਸਾਂ ਦਾ ਤਿਆਗ ਕਰਨ। ਹਜ਼ਾਰਾਂ ਲੋਕਾਂ ਨੇ ਹੱਥ ਖੜ੍ਹੇ ਕਰਕੇ



ਮੇਘ ਰਾਜ ਮਿੱਤਰ ਲੋਕਾਂ ਨੂੰ ਸੰਬੋਧਨ ਕਰਦੇ ਹੋਏ।







1. ਤਰਕਸ਼ੀਲ ਆਗੂ ਹਰਮੇਸ਼ ਜ਼ਿੰਦਲ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੋਟਰ ਸਾਈਕਲ ਚਲਾਉਂਦੇ ਹੋਏ। 2. ਪ੍ਰਸਿੱਧ ਨਾਟਕਕਾਰ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਵਿੱਚ 'ਚੇਤਨਾ ਕਲਾ ਕੇਂਦਰ' ਬਰਨਾਲਾ ਦੇ ਕਲਾਕਾਰ ਨਾਟਕ ਪੇਸ਼ ਕਰਦੇ ਹੋਏ।

ਇਸ ਗੱਲ ਦਾ ਪ੍ਰਣ ਲਿਆ ਕਿ ਮੁੜ ਇਸ ਇਲਾਕੇ ਵਿੱਚ ਕੋਈ ਬੀਰਪਾਲ ਪਖੰਡੀ ਸਾਧਾਂ ਦੀ ਦਰਿੰਦਗੀ ਦਾ ਸ਼ਿਕਾਰ ਨਹੀਂ ਹੋਣ ਦਿੱਤੀ ਜਾਵੇਗੀ।

ਚੇਤਨਾ ਕਲਾ ਕੇਂਦਰ ਬਰਨਾਲਾ ਦੇ ਕਲਾਕਾਰਾਂ ਵੱਲੋਂ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਨਾਟਕ 'ਪ੍ਰੇਤ' ਅਤੇ 'ਮਿੱਟੀ ਰੁਦਨ ਕਰੇ', ਦੋ ਕੋਰੀਓਗ੍ਰਾਫ਼ੀਆਂ 'ਧੀ ਦੀ ਪੁਕਾਰ' ਅਤੇ 'ਸੁੱਤਾ ਜਾਗ ਅੰਨ੍ਹ ਦਾਤਿਆ' ਵੀ ਪੇਸ਼ ਕੀਤੀਆਂ ਗਈਆਂ। ਅੰਤ ਵਿੱਚ ਪਿੰਡ ਦੇ ਲੋਕਾਂ ਵੱਲੋਂ ਤਰਕਸ਼ੀਲ ਆਗੂ ਮੇਘ ਰਾਜ ਮਿੱਤਰ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪਿੰਡ ਭਿੰਡਰ ਕਲਾਂ ਨਿਵਾਸੀ ਹਰਦੀਪ ਸਿੰਘ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ।



ਤਰਕਸ਼ੀਲ ਆਗੂ ਮੇਘ ਰਾਜ ਰੱਲਾ ਲੋਕਾਂ ਨੂੰ ਸੰਬੋਧਨ ਕਰਦੇ ਹੋਏ।

# ਜਾਗੋ ਆਈ ਆ

ਲੋਕਾ ਜਾਗ ਬਈ ਓ ਹੁਣ ਜਾਗੋ ਆਈ ਆ
ਸ਼ਾਬਾ ਬਈ ਹੁਣ ਜਾਗੋ ਆਈ ਆ
ਬਲੇ ਬਈ ਹੁਣ ਜਾਗੋ ਆਈ ਆ
ਤਰਕਸ਼ੀਲਾਂ ਦਾ ਸੁਣ ਲੈ ਹੋਕਾ,
ਬਾਬੇ ਦਾ ਨਾ ਬਣ ਹੱਥ ਠੋਕਾ।
ਬਾਬੇ ਤੋਰਨ ਤੋਰੀ ਫੁਲਕਾ, ਖਾਂਦੇ ਦੁੱਧ ਮਲਾਈ ਆ ਬਈ,
ਹੁਣ ਜਾਗੋ ਆਈ ਆ, ਲੋਕਾ ਜਾਗ ਬਈ.....।

ਰੱਬ ਦੇ ਨਾਂ ਤੇ ਥਾਂ ਥਾਂ ਰਟੀ,
ਨਾਲ ਸ਼ੈਤਾਨੀ ਕਰਦੇ ਖਟੀ, ਮਾੜੇ ਰਬ ਦੀ ਭਰਦੇ ਚੱਟੀ,
ਤਕੜੇ ਜਾਂਦੇ ਖਾਈ ਆ ਬਈ ਹੁਣ ਜਾਗੋ ਆਈ ਆ ਸ਼ਾਬ !
ਨਈ ਹੁਣ ਜਾਗੋ ਆਈ ਆ ਲੋਕਾ ਜਾਗ ਬਈ.....

ਪੰਡਤ ਮੁਲਾਂ ਵਿੱਡੋਂ ਖੋਟੇ, ਵਿਹਲੀਆਂ ਖਾ ਖਾ ਹੋਏ ਮੋਟੇ ਸੱਚ
ਕਹਾ ਤਾਂ ਮਾਰਨ ਸੋਟੇ
ਡਰਾਦੇ ਖੂਬ ਲੁਕਾਈ ਆ ਬਈ ਹੁਣ ਜਾਗੋ ਆਈ ਆ
ਬੰਦਿਆਂ ਜਾਗ ਬਈ.....

ਆਖਣ ਜ਼ੁਲਮ ਦੀ ਰੱਸੀ ਲੰਮੀ, ਸੁਰਗਾਂ ਦੇ ਵਿੱਚ ਜਾਣੇ ਕੰਮੀ
ਦਿੰਦੇ ਤੈਨੂੰ ਸੋਚ ਨਿਕੰਮੀ
ਤੈਨੂੰ ਸਮਝ ਨਾ ਆਈ ਆ ਬਈ ਹੁਣ ਜਾਗੋ ਆਈ ਆ
ਲੋਕਾ ਜਾਗ ਬਈ.....।

ਬੇਟ ਬੰਜਰ ਸਭ ਬਾਬਿਆਂ ਘੇਰੇ ਵੱਡੇ ਵੱਡੇ ਬਣ ਗਏ ਡੇਰੇ ਡਾਕੂ
ਕਹਿੰਦੇ ਹੁਣ ਖੁਲ੍ਹਣੇ ਨੇਰ
ਮਿਟ ਮੁਫ਼ਤ ਢੁਆਈ ਆ ਬਈ ਹੁਣ ਜਾਗੋ ਆਈ ਆ
ਬੰਦਿਆ ਜਾਗ ਬਈ.....

ਟੀ ਬੀ ਦਾ ਜੱਦ ਬਟਨ ਦਬਾਈਏ ਤਿਲਕਧਾਰੀ ਦੇ ਦਰਸ਼ਨ
ਪਾਈਏ 65 ਸੌ ਵਿੱਚ ਸਭ ਕੁਝ ਪਾਈਏ।
ਝੂਠ ਦੀ ਸੇਲ ਲਗਈ ਆ ਬਈ ਹੁਣੇ ਜਾਗੋ ਆਈ ਆ
ਬੰਦਿਆ ਜਾਗ ਬਈ ਹੁਣ ਜਾਗੋ ਆਈ ਆ.....

ਸਭ ਕੁਝ ਕੰਪਨੀਆਂ ਨੂੰ ਦੇਤਾ, ਸੋਨਾ ਕਹਿ ਕੇ ਵੇਚਣ ਰੇਤਾ,
ਪੈਸਾ ਕੱਠਾ ਕਰਦੇ ਨੇਤਾ।
ਅੰਨ੍ਹੀ ਲੁੱਟ ਮਚਾਈ ਆ ਬਈ ਹੁਣ ਜਾਗੋ ਆਈ ਆ
ਬੰਦਿਆ......

ਤਰਕਸ਼ੀਲਾਂ ਦਾ ਬਣ ਜਾ ਚੇਲਾ ਖਰਚ ਨਾ ਹੋਣਾ ਪੈਸਾ ਧੇਲਾ,
ਤੇਰਾ ਹੁਣ ਜਾਗਣ ਦਾ ਵੇਲਾ
ਲਛਮਣ ਗਲ ਸਮਝਾਈ ਆ ਬਈ ਹੁਣ ਜਾਗੋ ਆਈ ਆ।
ਬੰਦਿਆ ਜਾਗ ਬਈ ਆ ਹੁਣ.....

**– ਲਛਮਣ ਦਾਸ ਰਿਟਾਇਰ**
**ਸੰਚਾਈ ਵਿਭਾਗ (ਪੰਜਾਬ)**

ਪ੍ਰਤੀਕਰਮ

# ਇੱਕ ਹੀ ਹੈ ਸਾਹਿਤ ਤੇ ਵਿਗਿਆਨ ਦਾ ਮਕਸਦ

ਪਿਛਲੇ ਅੰਕ ਵਿੱਚ ਧਿਆਨ ਸਿੰਘ ਸ਼ਾਹ ਸਿਕੰਦਰ ਜੀ ਦਾ ਲੇਖ 'ਖਾਨਗਾਹੀਂ ਬਲਦੇ ਦੀਵੇ' ਪੜ੍ਹਨ ਨੂੰ ਮਿਲਿਆ। ਲੇਖਕ ਨੇ ਪੰਜਾਬੀ ਦੇ ਸਿਰਮੌਰ ਕਵੀ ਜਿਨ੍ਹਾਂ ਦੇ ਨਾਂ 'ਤੇ ਮੇਲੇ ਲੱਗਦੇ ਹਨ, ਜਿਨ੍ਹਾਂ ਦੀ ਸ਼ਾਇਰੀ ਤੇ ਵਿਦਵਤਾ ਦੀ ਹਰ ਪੰਜਾਬੀ ਲੇਖਕ/ਕਵੀ ਦਾਦ ਦਿੰਦਾ ਹੈ ਉਨ੍ਹਾਂ ਨੂੰ ਬੜੀ ਹੀ ਆਸਾਨੀ ਨਾਲ ਅੰਧ-ਵਿਸ਼ਵਾਸੀ ਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਸਿੱਧ ਕਰ ਦਿੱਤਾ। ਇਹ ਪੜ੍ਹਕੇ ਬਹੁਤ ਦੁੱਖ ਹੋਇਆ (ਸਾਹਿਤ ਨਾਲ ਜੁੜੇ ਹਰ ਸਖ਼ਸ਼ ਨੂੰ) ਕਿ ਲੇਖਕ ਨੇ ਕਵੀਆਂ ਨੂੰ ਲੋਕਾਂ ਦੇ ਜਜ਼ਬਿਆਂ ਨੂੰ ਭੜਕਾਉਣ ਵਾਲੇ ਕਿਹਾ ਹੈ ਜਦੋਂ ਕਿ ਅਜਿਹਾ ਬਿਲਕੁਲ ਨਹੀਂ ਹੁੰਦਾ। ਸਾਹਿਤ ਕਿਸੇ ਵੀ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਜਿਸ ਤਰ੍ਹਾਂ ਦਾ ਸਮਾਜ ਹੋਵੇਗਾ ਉਸੇ ਤਰ੍ਹਾਂ ਦਾ ਸਾਹਿਤ ਰਚਿਆ ਜਾਵੇਗਾ। ਪ੍ਰੋ. ਮੋਹਨ ਸਿੰਘ ਜੀ ਨੇ ਆਪਣੀ ਕਵਿਤਾ ਰਾਹੀਂ ਆਪਣੇ ਸਮੇਂ ਦੇ ਰੀਤੀ-ਰਿਵਾਜ਼ਾਂ (ਅੰਧ ਵਿਸ਼ਵਾਸ ਵੀ) ਨੂੰ ਪ੍ਰਸਤੁਤ ਕੀਤਾ ਹੈ। ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ ਕਿਸੇ ਅੰਧ-ਵਿਸ਼ਵਾਸ ਦੀ ਪੈਰਵੀ ਨਹੀਂ ਕੀਤੀ ਸਗੋਂ ਇੱਕ ਬਿਰਹਣ ਦੀ ਵੇਦਨਾ ਨੂੰ ਵਿਅਕਤ ਕੀਤਾ ਹੈ। ਪ੍ਰੋ. ਮੋਹਨ ਸਿੰਘ ਜੀ ਖੁਦ ਵਿਗਿਆਨਕ ਸੋਚ ਦੇ ਧਾਰਨੀ ਸਨ। ਜਿਸ ਕਵਿਤਾ ਦਾ ਲੇਖਕ ਨੇ ਹਵਾਲਾ ਦਿੱਤਾ ਹੈ, ਉਸ ਕਵਿਤਾ ਤੋਂ ਹੀ ਪ੍ਰਗਟ ਹੋ ਜਾਂਦਾ ਹੈ ਕਿ ਕਵੀ ਦੀ ਸੋਚ ਕਿਸ ਤਰ੍ਹਾਂ ਦੀ ਸੀ? ਸ਼ਾਇਦ ਸਤਿਕਾਰਯੋਗ ਲੇਖਕ ਸਾਹਿਤ ਤੇ ਕਵਿਤਾ ਨਾਲ ਨਹੀਂ ਜੁੜੇ ਹੋਏ। ਉਨ੍ਹਾਂ ਨੇ ਤਾਂ ਪ੍ਰੋ. ਮੋਹਨ ਸਿੰਘ ਜੀ ਨੂੰ 'ਲੇਲੜੀ ਕੱਢਣ ਵਾਲਾ' ਤੱਕ ਕਹਿ ਦਿੱਤਾ ਹੈ। ਆਪਣੇ ਵੱਲੋਂ ਉਨ੍ਹਾਂ ਨੇ ਤਰਕ ਤੇ ਦਲੀਲ ਦੀ ਵਰਤੋਂ ਕਰਕੇ ਅਜਿਹਾ ਲਿਖਿਆ ਪਰ ਕੋਈ ਵੀ ਤਰਕ ਤੇ ਦਲੀਲ ਅੰਤਿਮ ਨਹੀਂ ਹੁੰਦਾ।

**ਲੇਖਕ ਦੇ ਸ਼ਬਦਾਂ ਵਿੱਚ:** 'ਇਹ ਸ਼ਾਇਰ ਲੋਕ ਵੀ ਅਜੀਬ ਚੀਜ਼ ਹੁੰਦੇ ਨੇ! ਸ਼ਾਇਰ ਲੋਕ ਅਕਸਰ ਜਜ਼ਬਿਆਂ ਦੀ ਜ਼ੁਬਾਨ ਵਿੱਚ ਗੱਲ ਕਰਦੇ ਨੇ ਤੇ ਲੋਕਾਂ ਦੇ ਜਜ਼ਬਿਆਂ ਨੂੰ ਭਖਾਉਂਦੇ, ਭੜਕਾਉਂਦੇ, ਬਹੁਤੀ ਵਾਰ ਉਨ੍ਹਾਂ ਦੇ ਜਜ਼ਬਿਆਂ ਨਾਲ ਖਿਲਵਾੜ ਵੀ ਕਰਦੇ ਹਨ।"

ਲੇਖਕ ਦੇ ਇਨ੍ਹਾਂ ਸ਼ਬਦਾਂ ਤੋਂ ਲੱਗਦਾ ਹੈ ਕਿ ਲੇਖਕ ਕਿਸੇ ਨਿੱਜੀ ਰੰਜਿਸ਼ ਅਧੀਨ ਕਵੀਆਂ ਨੂੰ ਵੰਗਾਰ ਰਹੇ ਹਨ। ਪੰਜਾਬੀ ਦੇ ਮਾਣਯੋਗ ਕਵੀ ਸੰਤ ਰਾਮ ਉਦਾਸੀ, ਪਾਸ਼, ਰਵੀ, ਪਾਤਰ ਵਰਗੇ ਕਈ ਸ਼ਾਇਰ ਸੱਚ ਦਾ ਹੋਕਾ ਦਿੰਦੇ ਰਹੇ ਹਨ ਅਤੇ ਦੇ ਰਹੇ ਹਨ। ਉਨ੍ਹਾਂ ਦੀਆਂ ਰਚਨਾਵਾਂ ਜਜ਼ਬਿਆਂ ਨਾਲ ਖਿਲਵਾੜ ਨਹੀਂ ਕਰਦੀਆਂ ਸਗੋਂ ਇਨਸਾਨ ਦਾ ਮਾਰਗ-ਦਰਸ਼ਨ ਕਰਦੀਆਂ ਹਨ। ਮੇਰੇ ਖਿਆਲ ਅਨੁਸਾਰ ਸਾਹਿਤ ਅਤੇ ਵਿਗਿਆਨਕ ਸੋਚ ਦਾ ਇੱਕ ਹੀ ਮਕਸਦ ਹੁੰਦਾ ਹੈ ਅਤੇ ਉਹ ਹੈ, 'ਸੱਚ ਨੂੰ ਲੱਭਣਾ, ਸੱਚ ਨੂੰ ਦੇਖਣਾ, ਸੱਚ ਨੂੰ ਜਾਨਣਾ ਤੇ ਸੱਚ ਦੀ ਪੈਰਵੀ ਕਰਨੀ।'

**ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ, ਮੇਰਾ ਵਧਦਾ ਜਾਏ ਹਨ੍ਹੇਰ ਕੁੜੇ।**

ਇਨ੍ਹਾਂ ਸਤਰਾਂ ਬਾਰੇ ਲੇਖਕ ਦਾ ਕਹਿਣਾ ਹੈ ਕਿ ਕਵੀ ਨੂੰ ਕਿਉਂ? ਕੀ? ਤੇ ਕਿਵੇਂ? ਦੇ ਸੁਆਲਾਂ ਨੇ ਕਮਜ਼ੋਰ ਕਰ ਦਿੱਤਾ ਹੈ। ਭਾਵੇਂ ਕਿ ਮੈਂ ਜ਼ਿਆਦਾ ਵਿਗਿਆਨ ਨਹੀਂ ਪੜ੍ਹਿਆ ਪਰ ਇੰਨਾ ਕੁ ਜਾਣਦੀ ਹਾਂ ਕਿ ਕਿਉਂ? ਕੀ? ਕਿਵੇਂ? ਦੇ ਸੁਆਲ ਇਨਸਾਨ ਨੂੰ ਕਮਜ਼ੋਰ ਨਹੀਂ ਕਰਦੇ ਸਗੋਂ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਂਦੇ ਹਨ। ਫਿਰ ਪ੍ਰੋ. ਮੋਹਨ ਸਿੰਘ ਜੀ ਕਿਵੇਂ ਕਮਜ਼ੋਰ ਹੋ ਗਏ?

ਮੈਂ ਸਤਿਕਾਰਯੋਗ ਲੇਖਕ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਪ੍ਰੋ. ਮੋਹਨ ਸਿੰਘ ਜੀ ਦੀ ਰੂਹ (ਜਿਵੇਂ ਕਿ ਲੇਖਕ ਸਾਹਿਬ ਕਹਿ ਰਹੇ ਹਨ) ਖ਼ਾਨਗਾਹੀਂ ਦੀਵੇ ਬਲਦੇ ਦੇਖ ਕੇ ਸਰਸ਼ਾਰ ਨਹੀਂ ਹੋ ਰਹੀ ਸਗੋਂ ਵਿਗਿਆਨ ਦਾ ਪਾਸਾਰ ਦੇਖ ਕੇ ਸਰਸ਼ਾਰ ਹੋ ਰਹੀ ਹੋਵੇਗੀ।

ਸਾਹਿਤ ਨਾਲ ਜੁੜੇ ਹੋਏ ਬਹੁਤ ਲੇਖਕ ਤੇ ਕਵੀ ਵਿਗਿਆਨਕ ਸੋਚ ਦੇ ਧਾਰਨੀ ਵੀ ਹਨ। ਮੇਰੇ ਖਿਆਲ ਵਿੱਚ ਵਿਗਿਆਨ ਤੇ ਸਾਹਿਤ ਮਿਲ ਕੇ ਇੱਕ ਅਗਾਂਹਵਧੂ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਮੇਰੀ ਸਤਿਕਾਰਯੋਗ ਲੇਖਕ ਅੱਗੇ ਬੇਨਤੀ ਹੈ ਕਿ ਵਿਗਿਆਨਕ ਸੋਚ ਤੇ ਸਾਹਿਤ ਨੂੰ ਇੱਕ-ਦੂਸਰੇ ਦੇ ਵਿਰੋਧ ਵਿੱਚ ਖੜ੍ਹਾ ਨਾ ਕੀਤਾ ਜਾਵੇ ਸਗੋਂ ਇੱਕ ਦੂਸਰੇ ਦੇ ਸਹਾਇਕ ਬਣਾ ਕੇ ਸਮਾਜ ਦੀ ਨਵ-ਉਸਾਰੀ ਦੀ ਕੋਸ਼ਿਸ਼ ਕੀਤੀ ਜਾਵੇ। ਮੇਰੇ ਬਹੁਤ ਸਾਰੇ ਜਾਣੂੰ ਲੇਖਕ ਤੇ ਕਵੀ 'ਵਿਗਿਆਨ ਜੋਤ' ਦੇ ਪਾਠਕ ਹਨ ਤੇ ਵਿਗਿਆਨਕ ਸੋਚ ਨੂੰ ਦਿਲੋਂ ਮਾਨਤਾ ਦਿੰਦੇ ਹਨ।

ਕਿਸੇ ਵਿਦਵਾਨ ਨੇ ਕਿਹਾ ਹੈ, 'ਕਵੀ ਕਲਪਨਾ ਕਰਦੇ ਹਨ ਅਤੇ ਵਿਗਿਆਨ ਉਸ ਕਲਪਨਾ ਦੇ ਸੱਚ ਨੂੰ ਲੱਭਦਾ ਹੈ।' ਗਲਤੀ ਲਈ ਮੁਆਫ਼ੀ ਚਾਹੁੰਦੀ ਹਾਂ।

'ਜੈ ਸਾਹਿਤ ਜੈ ਵਿਗਿਆਨ'

**– ਸਰਬਜੀਤ ਕੌਰ ਜੱਸ**


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

## ਹੇਠ ਲਿਖੀਆਂ ਪ੍ਰਸਿੱਧ ਇਨਕਲਾਬੀ ਕਿਤਾਬਾਂ ਦਾ ਪੂਰਾ ਸੈੱਟ ਮੰਗਵਾਉਣ 'ਤੇ ਹੁਣ ਵਿਸ਼ੇਸ਼ ਡਿਸਕਾਊਂਟ




ਕੁੱਲ ਕੀਮਤ ਲੱਗਭੱਗ
**1100/-**

ਪੂਰੇ ਸੈੱਟ ਦੀ ਡਿਸਕਾਊਂਟ ਕੀਮਤ
**700/-**

**ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ**

**01679-241744**

ਇੱਕ ਸ਼ਰਧਾਂਜ਼ਲੀ



# ਚੰਦ ਦੇ ਪਾਰ ਪਹੁੰਚੇ ਨੀਲ

ਚੰਦ ਅੱਧਾ ਹੋ ਗਿਆ। ਉਸਦਾ ਪਹਿਲਾਂ ਪੁੱਤਰ ਧਰਤੀ ਛੱਡ ਗਿਆ। ਚੰਦ ਨੂੰ ਸੁਪਨਿਆਂ ਦੀ ਦੁਨੀਆਂ ਤੋਂ ਧਰਤੀ 'ਤੇ ਲਿਆਉਣ ਵਾਲੇ ਨੀਲ ਆਰਮਸਟ੍ਰਾਂਗ ਨਹੀਂ ਰਹੇ ਪਰ ਛੋਟੇ ਕਦਮ ਨਾਲ ਮਾਨਵਤਾ ਨੂੰ ਨਵਾਂ ਰੂਪ ਦੇਣ ਵਾਲੇ ਆਰਮਸਟ੍ਰਾਂਗ ਉਦੋਂ ਤੱਕ ਰਹਿਣਗੇ ਜਦੋਂ ਤੱਕ ਖੁਦ ਚੰਦ ਰਹੇਗਾ। ਆਰਮਸਟ੍ਰਾਂਗ ਦੇ ਪਰਿਵਾਰ ਵਾਲਿਆਂ ਨੇ ਇਹ ਨਹੀਂ ਦੱਸਿਆ ਕਿ ਉਹਨਾਂ ਦੀ ਮੌਤ ਕਿੱਥੇ ਹੋਈ ਪਰ ਇੱਕ ਬਿਆਨ ਜ਼ਰੂਰ ਜਾਰੀ ਕੀਤਾ, "ਸਾਨੂੰ ਇੱਕ ਪਾਸੇ ਇੱਕ ਸਾਨਦਾਰ ਇਨਸਾਨ ਦੇ ਜਾਣ ਦਾ ਦੁੱਖ ਹੈ ਪਰ ਦੂਜੇ ਪਾਸੇ ਸਾਨੂੰ ਉਹਨਾਂ ਦੀ ਬੇਹਤਰੀਨ ਜ਼ਿੰਦਗੀ ਦਾ ਵੀ ਮਾਨ ਹੈ ਜੋ ਜਵਾਨ ਪੀੜ੍ਹੀ ਦੇ ਲਈ ਆਦਰਸ ਸਾਬਤ ਹੋ ਸਕਦੀ ਹੈ।" ਜਜ਼ਬਾਤੀ ਹੁੰਦੇ ਹੋਏ ਇਸ ਬਿਆਨ ਵਿੱਚ ਕਿਹਾ ਗਿਆ ਹੈ, "ਜੋ ਲੋਕ ਸਾਡੇ ਤੋਂ ਪੁੱਛਦੇ ਹਨ ਕਿ ਅਸੀਂ ਨੀਲ ਦੇ ਸਨਮਾਨ ਦੇ ਲਈ ਕੀ ਕਰ ਸਕਦੇ ਹਾਂ, ਤਾਂ ਅਸੀਂ ਕਹਿੰਦੇ ਹਾਂ ਕਿ ਅਸੀਂ ਉਹਨਾਂ ਨੂੰ ਕਹਿੰਦੇ ਹਾਂ ਉਨ੍ਹਾਂ ਦੀਆਂ ਉਪਲਭਧੀਆਂ ਦਾ ਸਨਮਾਨ ਕਰੋ, ਉਹਨਾਂ ਦੀ ਨਿਮਰਤਾ ਨੂੰ ਯਾਦ ਕਰੋ ਅਤੇ ਅਗਲੀ ਵਾਰ ਜਦ ਵੀ ਟਹਿਲਦੇ ਹੋਏ ਸਾਫ਼ ਆਸਮਾਨ ਵਿੱਚ ਚੰਦ ਦਿਖਾਈ ਦੇਵੇ ਤਾਂ ਨੀਲ ਆਰਮਸਟ੍ਰਾਂਗ ਨੂੰ ਯਾਦ ਕਰੋ।" ਨੀਲ ਆਰਮਸਟ੍ਰਾਂਗ ਦਾ ਨਾਂ ਲੈਣ ਸਮੇਂ ਕੋਈ ਚਿਹਰਾ ਸਾਹਮਣੇ ਨਹੀਂ ਆਉਂਦਾ। ਚੰਦ ਦੀ ਤਰ੍ਹਾਂ ਰਹੱਸਮਈ ਰੂਪ ਬਣਦਾ ਹੈ ਜਿਸਦਾ ਚਿਹਰਾ ਪੂਰੀ ਤਰ੍ਹਾਂ ਹੇਲਮੇਟ ਨਾਲ ਢੱਕਿਆ ਹੁੰਦਾ ਹੈ ਤੇ ਜੋ ਸਫੈਦ ਪੋਸ਼ਾਕ ਵਿੱਚ ਲਿਪਟਿਆ ਹੈ ਜੋ ਹੌਲੀ-ਹੌਲੀ ਸ਼ਾਂਤੀ ਦੇ ਸਾਗਰ ਵਿੱਚ ਟਹਿਲ ਰਿਹਾ ਹੈ। ਚੰਦ ਨੂੰ ਚੁੰਮਣ ਦੇ ਬਾਅਦ ਵੀ ਆਰਮਸਟ੍ਰਾਂਗ ਖ਼ਬਰਾਂ ਤੋਂ ਦੂਰ ਰਹੇ। ਚੁੱਪਚਾਪ ਅਮਰੀਕਾ ਵਿੱਚ ਆਪਣਾ ਕੰਮ ਕਰਦੇ ਰਹੇ। ਪੁਲਾੜ ਵਿਗਿਆਨ ਨੂੰ ਅੱਗੇ ਵਧਾਉਣ ਦੇ ਰਸਤੇ ਦਿਖਾਉਂਦੇ ਰਹੇ। ਆਰਮਸਟ੍ਰਾਂਗ ਨੇ ਜਿਹੜਾ ਮਿਸ਼ਨ ਪੂਰਾ ਕੀਤਾ, ਉਸਨੇ ਉਹਨਾਂ ਨੂੰ ਅਮਰ ਬਣਾ ਦਿੱਤਾ। ਅਮਰੀਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਸ਼ਰਧਾਂਜਲੀ ਦਿੱਤੀ, "ਨੀਲ ਅਮਰੀਕਾ ਦੇ ਸਭ ਵੱਡੇ ਨਾਇਕਾਂ ਵਿੱਚੋਂ ਇੱਕ ਨਾਇਕ ਸਨ। ਸਿਰਫ਼ ਆਪਣੇ ਸਮੇਂ ਦੇ ਨਹੀਂ, ਬਲਕਿ ਹਰ ਸਮੇਂ ਦੇ ਸਭ ਵੱਡੇ ਨਾਇਕਾਂ ਵਿੱਚੋਂ ਹਨ। ਜਦ ਉਹ ਅਤੇ ਉਹਨਾਂ ਦੇ ਸਾਥੀ 1969 ਵਿੱਚ ਅਪੋਲੋ ਤੋਂ ਬਾਹਰ ਨਿਕਲੇ, ਤਾਂ ਉਹਨਾਂ ਨੇ ਪੂਰੇ ਰਾਸ਼ਟਰ ਦੀਆਂ ਭਾਵਨਾਵਾਂ ਨੂੰ ਸਨਮਾਨਿਤ ਕੀਤਾ।" ਨਾਸਾ ਦੇ ਪ੍ਰਸ਼ਾਸਕ ਚਾਲਰਸ ਬੋਲਡਨ ਦਾ ਕਹਿਣਾ ਹੈ, "ਜਦ ਤੱਕ ਦੁਨੀਆਂ ਵਿੱਚ ਇਤਿਹਾਸ ਦੀਆਂ ਕਿਤਾਬਾਂ ਰਹਿਣਗੀਆਂ, ਨੀਲ ਆਰਮਸਟ੍ਰਾਂਗ ਨੂੰ ਉਹਨਾਂ ਕਿਤਾਬਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਰਹੇਗਾ।"

**ਕਿਵੇਂ ਪੂਰਾ ਹੋਇਆ ਮਿਸ਼ਨ** : ਭਾਵੇਂ ਚੰਦ 'ਤੇ ਪੈਰ ਰੱਖਣਾ ਸ਼ੀਤ ਯੁੱਧ ਦਾ ਨਤੀਜਾ ਸੀ ਪਰ ਸ਼ਾਇਦ ਚੰਦ ਦੀ ਸ਼ੀਤਲਤਾ ਨੇ ਇਸ ਨੂੰ ਮਾਨਵਤਾ ਦਾ ਪੜਾਅ ਬਣਾ ਦਿੱਤਾ। ਦੂਸਰੇ ਵਿਸ਼ਵ ਯੁੱਧ ਦੇ ਬਾਅਦ ਜਦ ਸੋਵੀਅਤ ਸੰਘ ਪੁਲਾੜ ਵਿੱਚ ਜਾਣ ਦੀ ਤਿਆਰੀ ਕਰਨ ਲੱਗੇ ਤਾਂ ਅਮਰੀਕਾ ਆਸਮਾਨ ਦੀਆਂ ਉੱਚਾਈਆਂ ਵਿੱਚ ਉਸ ਤੋਂ ਪਿਛੜ ਗਿਆ। ਰਾਸ਼ਟਰਪਤੀ ਜਾਨ ਕੈਨੇਡੀ ਨੇ 1961 ਵਿੱਚ ਤਹਿ ਕੀਤਾ ਕਿ ਅਮਰੀਕਨ ਵਿਗਿਆਨੀ ਚੰਦ 'ਤੇ ਪਹੁੰਚਣਗੇ। ਲੱਗਿਆ ਜਿਵੇਂ ਕੋਈ ਸੁਪਨੇ ਦਿਖਾਉਂਦਾ ਹੋਵੇ ਪਰ ਨਾਸਾ ਦੀ ਟੀਮ ਇਸ ਸੁਪਨੇ ਨੂੰ ਪੂਰਾ ਕਰਨ ਦੇ ਲਈ ਕਮਰ ਕਸ ਚੁੱਕੀ ਸੀ।

**ਧਕ ਧਕ ਕਰਦੇ ਦਿਲ** : ਅਪੋਲੋ 11 ਜਦ ਚੰਦ ਦੀ ਯਾਤਰਾ 'ਤੇ ਨਿਕਲੇ ਤਾਂ ਸਿਰਫ਼ ਕਮਾਂਡਰ ਨੀਲ ਆਰਮਸਟ੍ਰਾਂਗ ਦਾ ਸੀਨਾ ਹੀ ਧਕ ਧਕ ਨਹੀਂ ਕਰ ਰਿਹਾ ਸੀ, ਜਦਕਿ ਧਰਤੀ ਦੇ ਲੱਗਭਗ ਤਿੰਨ ਅਰਬ ਲੋਕ ਵੀ ਚਿੰਤਾ ਵਿੱਚ ਡੁੱਬੇ ਹੋਏ ਸੀ। ਅਰਦਾਸਾਂ ਕੀਤੀਆਂ ਜਾ ਰਹੀਆਂ ਸਨ ਮੰਦਰਾਂ ਦੇ ਟੱਲ ਬਜਾਏ

ਜਾ ਰਹੇ ਸਨ। ਮਾਤਾ-ਪਿਤਾ ਆਪਣੇ ਬੱਚਿਆਂ ਦੇ ਨਾਲ ਟੀ. ਵੀ. ਦੇਖਣ ਵਿੱਚ ਜੁੜ ਗਏ। ਲੰਬੇ ਸਫ਼ਰ 'ਤੇ ਗਏ ਲੋਕਾਂ ਨੇ ਗੱਡੀਆਂ ਰੋਕ ਕੇ ਸੜਕ ਕਿਨਾਰੇ ਢਾਬਿਆਂ ਦਾ ਸਹਾਰਾ ਲਿਆ। ਉਸ ਸਮੇਂ ਦੁਨੀਆਂ ਦੇ ਵੱਡੇ ਹਿੱਸਿਆਂ ਵਿੱਚ ਟੀ. ਵੀ. ਨਹੀਂ ਹੁੰਦਾ ਸੀ, ਲੋਕਾਂ ਨੇ ਰੇਡੀਓ 'ਤੇ ਕੰਨ ਲਗਾ ਲਏ ਸਨ।


ਚੰਦ 'ਤੇ ਛੱਡੀ ਪੈੜ ਦਾ ਨਿਸ਼ਾਨ

ਇਹ ਕੋਈ ਅਮਰੀਕਾ ਦਾ ਮਿਸ਼ਨ ਨਹੀਂ ਸੀ, ਪੂਰੀ ਮਨੁੱਖ ਜਾਤੀ ਦੀ ਸਭ ਤੋਂ ਲੰਬੀ ਛਾਲ ਸੀ। 20 ਜੁਲਾਈ 1969 ਨੂੰ ਜਦ ਆਰਮਸਟ੍ਰਾਂਗ ਨੇ ਚੰਦ 'ਤੇ ਪੈਰ ਰੱਖਿਆ ਤਾਂ ਦਿਲ ਮਿੰਟ ਵਿੱਚ 150 ਵਾਰ ਧੜਕ ਰਿਹਾ ਸੀ। ਪਹਿਲੀ ਵਾਰ ਤਾਂ ਲੱਗਿਆ ਕਿ ਜਿਵੇਂ ਦਲਦਲ ਦੇ ਨੇੜੇ ਉਤਰ ਰਹੇ ਹੋਣ। ਪੁਲਾੜੀ ਸੂਟ ਵਿੱਚ ਵਲੇਟਿਆ ਪੈਰ ਚੰਦ ਦੀ ਧਰਤੀ 'ਤੇ ਖੁਭਦਾ ਗਿਆ। ਆਰਮਸਟ੍ਰਾਂਗ ਨੇ ਕਲੇਜਾ ਮਜ਼ਬੂਤ ਕੀਤਾ, ਪੈਰ ਨੂੰ ਧਰਤੀ ਤੋਂ ਬਿਨਾਂ ਕਿਸੇ ਬਾਹਰਲੀ ਜਮੀਨ 'ਤੇ ਉਤਰ ਜਾਣ ਦਿੱਤਾ। ਅਮਰੀਕਾ ਦਾ ਝੰਡਾ ਪੂਰੀ ਦੁਨੀਆਂ ਦੀ ਨਿਸ਼ਾਨੀ ਬਣਾਕੇ ਲਹਿਰਾਇਆ ਗਿਆ ਤੇ ਉਹਨਾਂ ਨਾਲ ਗਏ ਹੋਏ ਐਲਡ੍ਰਨ ਵੀ ਧਰਤੀ 'ਤੇ ਉੱਤਰੇ। ਦੋਵੇਂ ਲੱਗਭਗ ਤਿੰਨ ਘੰਟੇ ਤੱਕ ਚੰਦ 'ਤੇ ਘੁੰਮਦੇ ਰਹੇ। ਆਰਮਸਟ੍ਰਾਂਗ ਨੇ ਉਸ ਸਮੇਂ ਇੱਕ ਗੱਲ ਕਹੀ ਸੀ ਜਿਹੜੀ ਅੱਜ ਵੀ ਯਾਦ ਆਉਂਦੀ ਹੈ, "ਮਨੁੱਖ ਦਾ ਇਹ ਛੋਟਾ ਜਿਹਾ ਕਦਮ ਪੂਰੀ ਮਨੁੱਖਤਾ ਲਈ ਇੱਕ ਵੱਡੀ ਛਾਲ ਸਾਬਤ ਹੋਵੇਗਾ।" ਐਲਡ੍ਰੇਨ ਨੇ ਉਸ ਦਿਨ ਨੂੰ ਯਾਦ ਕਰਦੇ ਹੋਏ ਕਿਹਾ, "ਅਸੀਂ ਦੋਵੇਂ ਧਰਤੀ ਤੋਂ ਬਹੁਤ ਦੂਰ ਸੀ ਪਰ ਅਸੀਂ ਖੁਦ ਨੂੰ ਇਕੱਲੇ ਮਹਿਸੂਸ ਨਹੀਂ ਕਰ ਰਹੇ ਸੀ ਕਿਉਂਕਿ ਦੇਖਿਆ ਜਾਵੇ ਤਾਂ ਪੂਰੀ ਦੁਨੀਆਂ ਉਸ ਸਫ਼ਰ ਵਿੱਚ ਸਾਡੇ ਨਾਲ ਸੀ। ਮੈਨੂੰ ਪਤਾ ਹੈ ਕਿ ਅੱਜ ਵੀ ਜਦ ਅਸੀਂ ਆਰਮਸਟ੍ਰਾਂਗ ਨੂੰ ਯਾਦ ਕਰ ਰਹੇ ਹਾਂ ਤਾਂ ਲੱਖਾਂ ਲੋਕ ਮੇਰੇ ਨਾਲ ਹਨ।"

**ਕਾਲਿਨਸ ਦਾ ਤਿਆਗ** : ਤੀਸਰੇ ਸਾਥੀ ਮਾਇਕਲ ਕਾਲਿਨਸ ਨੂੰ ਦੁਨੀਆਂ ਭਾਵੇਂ ਹੀ ਬਦਨਸੀਬ ਸਮਝੇ ਕਿ ਨਾਲ ਜਾਕੇ ਵੀ ਉਹ ਚੰਦ 'ਤੇ ਨਹੀਂ ਉਤਰੇ ਪਰ ਉਹਨਾਂ ਦਾ ਕੰਮ ਉਸ ਤੋਂ ਵੀ ਕਿਤੇ ਵੱਡਾ ਸੀ। ਉਹ ਪੁਲਾੜ ਯੰਤਰ ਦੀ ਦੇਖਭਾਲ ਕਰਦੇ ਰਹੇ ਅਤੇ ਉਹਨਾਂ ਦੋਵਾਂ ਦੇ ਵਾਪਸ ਪਰਤਣ ਦਾ ਵੀ ਇੰਤਜ਼ਾਰ ਕਰਦੇ ਰਹੇ। ਅੱਜ ਕਾਲਿਨਸ ਨੂੰ ਵੀ ਆਰਮਸਟ੍ਰਾਂਗ ਦੀ ਘਾਟ ਮਹਿਸੂਸ ਹੋ ਰਹੀ ਹੈ, "ਅਸੀਂ ਪੁਲਾੜ ਦੇ ਕੰਮ ਕਰਨ ਵਾਲੇ ਇੱਕ ਵੱਡੇ ਨਾਇਕ ਦੀ ਘਾਟ ਮਹਿਸੂਸ ਕਰ ਰਹੇ ਹਾਂ।

ਉਹ ਇੱਕ ਚੰਗੇ ਕਮਾਂਡਰ ਸੀ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਉਦੋਂ ਤੱਕ ਯਾਦ ਕੀਤਾ ਜਾਵੇਗਾ ਜਦੋਂ ਤੱਕ ਮਨੁੱਖ ਮੰਗਲ 'ਤੇ ਪੈਰ ਨਹੀਂ ਰੱਖ ਲੈਂਦਾ।" ਆਰਮਸਟ੍ਰਾਂਗ ਜਦ ਛੇ ਸਾਲ ਦੇ ਸਨ ਤਾਂ ਪਹਿਲੀ ਵਾਰ ਰਾਕਟ ਵਿੱਚ ਬੈਠੇ ਸਨ ਉਦੋਂ ਤੋਂ ਹੀ ਉਹਨਾਂ ਨੂੰ ਆਪਣਾ ਭਵਿੱਖ ਦਿਸ ਗਿਆ ਸੀ। ਸੋਲਾਂ ਸਾਲ ਦੀ ਉਮਰ ਵਿੱਚ ਜਦੋਂ ਉਹਨਾਂ ਦੇ ਕੋਲ ਡਰਾਈਵਿੰਗ ਲਾਇਸੈਂਸ ਵੀ ਨਹੀਂ ਸੀ ਉਦੋਂ ਉਹਨਾਂ ਨੇ ਰਾਕਟ ਉਡਾਉਣ ਦਾ ਲਾਇਸੈਂਸ ਹਾਸਲ ਕਰ ਲਿਆ ਸੀ। 20 ਤੋਂ ਘੱਟ ਉਮਰ ਵਿੱਚ ਐਰੋਨਾਟਿਕਲ ਇੰਜਨੀਅਰਿੰਗ ਵਿੱਚ ਦਾਖਲਾ ਲੈ ਲਿਆ ਪਰ ਇਸ ਤੋਂ ਬਾਅਦ ਉਹਨਾਂ ਨੂੰ ਕੋਰਿਯਾਈ ਯੁੱਧ ਵਿੱਚ ਸ਼ਾਮਿਲ ਹੋਣਾ ਪਿਆ ਲੜਾਈ ਖ਼ਤਮ ਹੋਈ ਤਾਂ ਪੜ੍ਹਾਈ ਪੂਰੀ ਕੀਤੀ। 1962 ਵਿੱਚ ਨਾਸਾ ਵਿੱਚ ਸ਼ਾਮਿਲ ਹੋ ਗਏ ਅਤੇ ਸੱਤ ਸਾਲਾਂ ਦੇ ਅੰਦਰ ਚੰਦ 'ਤੇ ਪਹੁੰਚ ਗਏ। ਰੇਡਿਓ 'ਤੇ ਜਦ ਚੰਦ 'ਤੇ ਜਿੱਤ ਪ੍ਰਾਪਤ ਕਰਨ ਦੀਆਂ ਖ਼ਬਰਾਂ ਪ੍ਰਸਾਰਿਤ ਹੋ ਰਹੀਆਂ ਸਨ ਤਾਂ ਕੁੱਝ ਦੀਵਾਨੇ ਘਰਾਂ ਤੋਂ ਬਾਹਰ ਨਿਕਲ ਕੇ ਚੰਦ ਨੂੰ ਦੇਖਣ ਲੱਗੇ ਕਿ ਕੀ ਪਤਾ ਕੁੱਝ ਦਿਸ ਜਾਵੇ।

**ਪੁਲਾੜ ਦੇ ਲਈ** : ਚੰਦ ਦਾ ਮਿਸ਼ਨ ਪੂਰਾ ਕਰਨ ਤੋਂ ਬਾਅਦ ਵੀ ਆਰਮਸਟ੍ਰਾਂਗ ਪੁਲਾੜ ਯੋਜਨਾਵਾਂ ਵਿੱਚ ਜੁੜੇ ਰਹੇ ਪਰ ਉਹਨਾਂ ਨੂੰ ਜ਼ਿਆਦਾ ਖ਼ਬਰਾਂ ਵਿੱਚ ਆਉਣਾ ਪਸੰਦ ਨਹੀਂ ਸੀ। ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਨੂੰ ਜਿਹੜਾ ਕੰਮ ਦਿੱਤਾ ਗਿਆ ਸੀ ਉਹ ਕੰਮ ਪੂਰਾ ਹੋ ਗਿਆ। ਇਸ ਤੋਂ ਬਾਅਦ ਉਹਨਾਂ ਨੇ ਨਾਸਾ ਦੇ ਮਿਸ਼ਨਾਂ ਵਿੱਚ ਆਪਣਾ ਯੋਗਦਾਨ ਦਿੱਤਾ। ਇੰਜਨੀਅਰਿੰਗ ਪੜ੍ਹਨ ਵਾਲਿਆਂ ਦੀ ਸਹਾਇਤਾ ਕੀਤੀ ਅਤੇ ਲੇਬਨਾਨ ਵਿੱਚ ਸੈਂਕੜੇ ਏਕੜ ਖੇਤੀ ਦੀ ਜ਼ਮੀਨ ਖ਼ਰੀਦੀ। 82 ਸਾਲ ਦੀ ਉਮਰ ਵਿੱਚ ਭਲੇ ਹੀ ਆਰਮਸਟ੍ਰਾਂਗ ਚਲੇ ਗਏ ਹੋਣ ਪਰ ਧਰਤੀ ਤੋਂ ਬਾਹਰ ਭਾਵੇਂ ਉਹ ਮੰਗਲ ਹੀ ਕਿਉਂ ਨਾ ਹੋਵੇ, ਜਦੋਂ ਵੀ ਮਨੁੱਖ ਦੇ ਪੈਰ ਪੈਣਗੇ ਸਭ ਤੋਂ ਪਹਿਲਾਂ ਆਰਮਸਟ੍ਰਾਂਗ ਦਾ ਨਾਮ ਹੀ ਦਿਮਾਗ ਵਿੱਚ ਆਵੇਗਾ। ਜਦੋਂ ਵੀ ਆਰਮਸਟ੍ਰਾਂਗ ਨੂੰ ਪੁੱਛਿਆ ਗਿਆ ਕਿ ਉਹ ਚੰਦ ਦੇ ਬਾਰੇ ਵਿੱਚ ਕੀ ਸੋਚਦੇ ਹਨ ਤਾਂ ਉਹਨਾਂ ਨੇ ਬੜੀ ਸਾਦਗੀ ਨਾਲ ਜਵਾਬ ਦਿੱਤਾ ਕਿ, "ਇਹ ਇੱਕ ਸ਼ਾਨਦਾਰ ਥਾਂ ਹੈ, ਮੈਂ ਸਲਾਹ ਦੇਵੇਗਾਂ ਕਿ ਤੁਸੀਂ ਉੱਥੇ ਜ਼ਰੂਰ ਜਾਉ।"

**-ਸ਼ਿੰਦਰਪਾਲ ਕੌਰ ਸੋਹੀ**





# ਪ੍ਰਸਿੱਧ ਕੁਟੇਸ਼ਨਾਂ

ਸੰਸਾਰ ਪ੍ਰਸਿੱਧ ਮਹਾਨ ਲੋਕਾਂ ਦੇ ਵਿਚਾਰ ਹੁਣ ਇੱਕੋ ਹੀ ਕਿਤਾਬ ਵਿੱਚ

ਘਰ ਬੈਠੇ ਪੁਸਤਕ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਸਿਹਤ ਦੇ ਝਰੋਖੇ 'ਚੋਂ.....

– ਡਾ. ਵਿਸ਼ਾਲ ਭਾਰਤੀ
(ਐਮ. ਡੀ. ਫ਼ਿਜਿਸ਼ਅਨ)



## ਬੱਚੇ ਨੇ ਬਣਾਈ ਕੈਂਸਰ ਨੂੰ ਜਾਂਚਣ ਦੀ ਸਸਤੀ ਪ੍ਰਣਾਲੀ

ਜੈਕ ਨੂੰ ਕਯਾਕ ਅਤੇ ਟੀਵੀ ਸ਼ੋਅ ਦੇਖਣਾ ਕਾਫ਼ੀ ਪਸੰਦ ਹੈ ਅਤੇ ਖਾਲੀ ਸਮੇਂ ਵਿੱਚ ਉਸ ਨੂੰ ਦੁਨੀਆਂ ਦੀ ਸਭ ਤੋਂ ਪ੍ਰਤੀਸ਼ਿਠ ਕੈਂਸਰ ਲੈਬੋਰੇਟ੍ਰੀ ਵਿੱਚ ਸ਼ੋਧ ਕਰਨਾ ਵੀ ਪਸੰਦ ਹੈ।

ਜੈਨ ਨੇ ਕੈਂਸਰ ਦੀ ਜਾਂਚ ਲਈ ਇੱਕ ਪ੍ਰਣਾਲੀ ਵਿਕਸਿਤ ਕੀਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਪੈਨਕ੍ਰਿਯਾਸ ਦੇ ਕੈਂਸਰ ਦੀ ਜਾਂਚ ਕਰਨ ਵਾਲੀ ਜੋ ਟੈਸਟ ਪ੍ਰਣਾਲੀ ਨੂੰ ਤਿਆਰ ਕੀਤਾ ਹੈ ਉਹ ਹੁਣ ਤੱਕ ਦੀਆਂ ਸਭ ਜਾਂਚ ਪ੍ਰਣਾਲੀਆਂ ਤੋਂ 168 ਗੁਣਾ ਤੇਜ਼ ਅਤੇ ਕਰੀਬ 1000 ਗੁਣਾ ਸਸਤਾ ਅਤੇ 400 ਗੁਣਾ ਜ਼ਿਆਦਾ ਅਸਰਦਾਰ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਇਸ ਟੈਸਟ ਦੀ ਘੱਟ ਕੀਮਤ ਨਾਲ ਹਸਪਤਾਲਾਂ ਵਿੱਚ ਇਸਦੀ ਉਪਲੱਬਧਤਾ ਤਾਂ ਵਧੇਗੀ ਹੀ, ਗਰੀਬ ਅਤੇ ਘੱਟ ਆਮਦਨੀ ਵਾਲੇ ਮਰੀਜ਼ ਵੀ ਇਸਦਾ ਇਸਤੇਮਾਲ ਕਰ ਸਕਣਗੇ।

**ਗੂਗਲ ਦੀ ਮਦਦ ਨਾਲ:** ਜੈਕ ਦੇ ਅਨੁਸਾਰ ਇਸ ਸੋਧ ਵਿੱਚ ਗੂਗਲ ਤੋਂ ਵੀ ਕਾਫ਼ੀ ਮਦਦ ਮਿਲੀ ਹੈ।

ਜੈਕ ਨੇ ਮਈ ਮਹੀਨੇ ਵਿੱਚ ਹੋਏ ਇੰਟੇਲ ਇੰਟਰਨੈਸ਼ਨਲ ਸਾਇੰਸ ਅਤੇ ਇੰਜੀਅਰਿੰਗ ਫੇਅਰ ਵਿੱਚ 75 ਹਜ਼ਾਰ ਡਾਲਰ ਦੀ ਰਾਸ਼ੀ ਜਿੱਤੀ ਸੀ।

ਜੈਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਰਿਸਰਚ ਦੇ ਦੌਰਾਨ ਗੂਗਲ ਦੇ ਸਰਚ ਇੰਜਣ ਅਤੇ ਆਨਲਾਈਨ ਸਾਈਟ 'ਤੇ ਉਪਲੱਭਧ ਮੁਫ਼ਤ ਵਿਗਿਆਨਕ ਮੈਗਜ਼ੀਨਾਂ ਤੋਂ ਕਾਫ਼ੀ ਮਦਦ ਮਿਲੀ।

ਅੰਦ੍ਰਾਕਾ ਨੇ ਇਨ੍ਹਾਂ ਵਿਗਿਆਨਕ ਮੈਗਜ਼ੀਨਾਂ ਦਾ ਇਸਤੇਮਾਲ ਕਰਕੇ ਇਸ ਟੈਸਟ ਪ੍ਰਣਾਲੀ ਨੂੰ ਵਿਕਸਿਤ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸਦਾ ਆਈਡੀਆ ਆਪਣੀ ਬਾਇਓਲੌਜੀ ਦੀ ਕਲਾਸ ਦੇ ਦੌਰਾਨ ਬਸ ਬੈਠੇ-ਬੈਠੇ ਆ ਗਿਆ।

ਬਾਅਦ ਵਿੱਚ ਜਦੋਂ ਉਨ੍ਹਾਂ ਨੇ ਆਪਣੀ ਬਾਇਓਲੌਜੀ ਟੀਚਰ ਨੂੰ ਇਸਦੇ ਬਾਰੇ ਵਿੱਚ ਦੱਸਿਆ ਤਾਂ ਉਹ ਵੀ ਕਾਫ਼ੀ ਖ਼ੁਸ਼ ਹੋਏ ਅਤੇ ਜੈਕ ਨੂੰ ਇਸ 'ਤੇ ਕੰਮ ਕਰਨ ਦੇ ਲਈ ਉਤਸ਼ਾਹਿਤ ਕੀਤਾ।

**ਆਖਿਰ ਕਿਉਂ ?**

ਜੈਕ ਅੰਦ੍ਰਾਕਾ ਤੋਂ ਅਕਸਰ ਲੋਕ ਪੁੱਛਦੇ ਹਨ ਕਿ ਆਖਿਰ ਖੇਡਣ-ਕੁੱਦਣ ਦੀ ਉਮਰ ਵਿੱਚ ਉਹ ਕੈਂਸਰ ਵਰਗੀ ਬਿਮਾਰੀ ਦੇ ਇਲਾਜ ਨੂੰ ਲੈ ਕੇ ਐਨੇ ਸੀਰੀਅਸ ਕਿਉਂ ਹਨ? ਇਸ 'ਤੇ ਉਹ ਕਹਿੰਦੇ ਹਨ, "ਕੈਂਸਰ ਦੀ ਵਜ੍ਹਾ ਅਤੇ ਉਸਦੇ ਸਫਲ ਇਲਾਜ ਨੂੰ ਲੈ ਕੇ ਮੈਂ ਇਸ ਲਈ ਸੀਰੀਅਸ ਹਾਂ ਕਿਉਂਕਿ ਮੇਰੇ ਪਰਿਵਾਰ ਵਿੱਚ ਕਈ ਲੋਕ ਪੈਨਿਕ੍ਰਯਾਟਿਕ ਅਤੇ ਸਮਾਨ ਕੈਂਸਰ ਤੋਂ ਪੀੜਤ ਰਹਿ ਚੁੱਕੇ ਹਨ ਅਤੇ ਮੈਂ ਉਨ੍ਹਾਂ ਦੇ ਇਲਾਜ ਦੇ ਦੌਰਾਨ ਆਈਆਂ ਮੁਸ਼ਕਲਾਂ ਨੂੰ ਨਜ਼ਦੀਕ ਤੋਂ ਦੇਖਿਆ ਹੈ।"

ਉਨ੍ਹਾਂ ਦੇ ਸੋਧ ਨੂੰ ਐਨੀ ਆਸਾਨੀ ਨਾਲ ਸਵੀਕਾਰ ਵੀ ਨਹੀਂ ਕੀਤਾ ਗਿਆ ਸੀ।

ਜੈਕ ਨੇ ਆਪਣੇ ਸੋਧ ਪੱਤਰ ਨੂੰ ਘੱਟ ਤੋਂ ਘੱਟ 200 ਪ੍ਰੋਫੈਸਰਾਂ ਨੂੰ ਭੇਜਿਆ ਸੀ ਜਿਨ੍ਹਾਂ ਵਿੱਚੋਂ 199 ਥਾਵਾਂ ਤੋਂ ਉਨ੍ਹਾਂ ਨੂੰ ਨਿਰਾਸ਼ਾ ਮਿਲੀ ਅਤੇ ਇੱਕ ਜਗ੍ਹਾ ਇਸ ਨੂੰ ਸਵੀਕਾਰ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਆਪਣਾ ਰਿਸਰਚ ਪੂਰਾ ਕੀਤਾ।

ਜੈਕ ਅੰਦ੍ਰਾਕਾ ਨੂੰ ਲੱਗਦਾ ਹੈ ਕਿ ਉਨ੍ਹਾਂ ਵਰਗੇ ਵਿਦਿਆਰਥੀਆਂ ਦੇ ਲਈ ਜੋ ਡਾਕਟਰੀ ਦੀ ਪੜ੍ਹਾਈ ਨਹੀਂ ਕਰ ਰਹੇ ਹਨ ਤੇ ਜਿਨ੍ਹਾਂ ਨੂੰ ਜੀਵ-ਵਿਗਿਆਨ ਦੇ ਖੇਤਰ ਵਿੱਚ ਕਾਫ਼ੀ ਰੁਚੀ ਹੈ ਉਨ੍ਹਾਂ ਦੇ ਲਈ ਇੰਟਰਨੈੱਟ ਇੱਕ ਵਰਦਾਨ ਦੇ ਸਮਾਨ ਹੈ, ਜਿਸਦੀ ਮਦਦ ਨਾਲ ਉਹ ਆਪਣੇ ਰਿਸਰਚ ਕਰਨ ਵਿੱਚ ਕਾਫ਼ੀ ਸਫਲ ਹੋਏ ਹਨ।

ਨਿਊਟਨ ਦੇ ਇੱਕ ਲੋਕਪ੍ਰਿਯ ਕਥਨ ਨੂੰ ਯਾਦ ਕਰਦੇ ਹੋਏ ਜੈਕ ਕਹਿੰਦੇ ਹਨ, "ਮੈਂ ਦੂਸਰਿਆਂ ਦੇ ਮਹਾਨ ਕੰਮਾਂ ਨੂੰ ਦੇਖਕੇ ਉਸ ਨੂੰ ਹੋਰ ਵਧੀਆ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ।"

## ਐਚ. ਆਈ. ਵੀ. ਜਾਂਚ ਹੁਣ ਘਰ ਵਿੱਚ ਵੀ

ਐਚ. ਆਈ. ਵੀ. ਦੀ ਜਾਂਚ ਹੁਣ ਘਰ ਬੈਠੇ ਹੀ ਕਰ ਸਕਦੇ ਹੋ ਪਰ ਅਜਿਹਾ ਹੁਣ ਤੱਕ ਸਿਰਫ਼ ਅਮਰੀਕਾ ਵਿੱਚ ਰਹਿੰਦੇ ਲੋਕ ਹੀ ਕਰ ਸਕਦੇ ਹਨ। ਜਲਦੀ ਹੀ ਦੁਨੀਆਂ ਵਿੱਚ ਅਨੇਕਾਂ ਲੋਕ ਇਸਦਾ ਲਾਭ ਉਠਾਅ ਸਕਦੇ ਹਨ।

ਅਮਰੀਕਾ ਦੇ ਐਫ. ਡੀ. ਏ. ਨੇ ਇਸ ਦੇ ਲਈ ਪਹਿਲੀ ਵਾਰ ਵਿਕਸਤ ਕੀਤੀ ਗਈ ਇੱਕ ਕਿੱਟ ਨੂੰ ਮੰਨਜੂਰੀ ਦਿੱਤੀ ਹੈ। ਇਹ ਦਵਾਈਆਂ ਵਾਲੀ ਕਿਸੇ ਵੀ ਦੁਕਾਨ ਤੇ ਡਾਕਟਰ ਦੀ ਪਰਚੀ ਤੋਂ ਵਗੈਰ ਮਿਲ ਸਕਦੀ ਹੈ। ਇਸ ਦਾ ਨਾਂ ਔਰਾਕਿਵਕ ਇਨ ਹੋਮ ਐਚ. ਆਈ. ਵੀ. ਟੈਸਟ ਕਿੱਟ ਰੱਖਿਆ ਗਿਆ ਹੈ। ਇਸ ਨਾਲ ਐਚ. ਆਈ. ਵੀ. ਟਾਇਪ-1 ਅਤੇ ਟਾਇਪ-2 ਦਾ ਟੈਸਟ ਘਰ ਵਿੱਚ ਹੀ ਕੀਤਾ ਜਾ ਸਕਦਾ ਹੈ। ਇਹ 20 ਤੋਂ 40 ਮਿੰਟਾਂ ਦੇ ਵਿੱਚ-ਵਿੱਚ ਟੈਸਟ ਦਾ ਨਤੀਜਾ ਦੱਸ ਦਿੰਦੀ ਹੈ। ਇਹ ਟੈਸਟ ਕਿਟ ਭਾਰਤ ਦੇ ਉਹਨਾਂ ਦੇਸ਼ਾਂ ਲਈ ਜ਼ਿਆਦਾ ਲਾਭਦਾਇਕ ਹੋ ਸਕਦੀ ਹੈ ਜਿੱਥੇ ਸਰੀਰਕ ਸਹੂਲਤਾਂ ਉਪਲੱਬਧ ਨਹੀਂ ਹੋ ਸਕਦੀਆਂ।

## * ਸਪ੍ਰੇਅ ਨਾਲ ਹੋਵੇਗਾ ਜ਼ਖ਼ਮੀ ਦਿਲ ਦਾ ਇਲਾਜ



ਦਿਲ ਦੇ ਇਲਾਜ ਦਾ ਹੁਣ ਨਵਾਂ ਤਰੀਕਾ ਲੱਭਿਆ ਗਿਆ ਹੈ, ਜਿਸ ਵਿੱਚ ਸਪ੍ਰੇਅ ਮਸ਼ੀਨ ਦੇ ਜ਼ਰੀਏ ਦਿਲ ਦੀਆਂ ਤੰਦਰੁਸਤ ਕੋਸ਼ਿਕਾਵਾਂ ਨੂੰ ਉਨ੍ਹਾਂ ਕੋਸ਼ਿਕਾਵਾਂ ਤੱਕ ਪਹੁੰਚਾਇਆ ਜਾਵੇਗਾ ਜੋ ਦੌਰੇ ਦੇ ਦੌਰਾਨ ਨਸ਼ਟ ਹੋ ਗਈਆਂ ਹੋਣ। ਇਸ ਸਪ੍ਰੇਅ ਦੇ ਜ਼ਰੀਏ ਦੌਰੇ ਵਾਲੇ ਹਿੱਸੇ 'ਤੇ ਕੋਸ਼ਿਕਾਵਾਂ ਦੀ ਇੱਕ ਪਰਤ ਬਣ ਜਾਵੇਗੀ ਅਤੇ ਸੋਧਕਰਤਾਵਾਂ ਦਾ ਅਨੁਮਾਨ ਹੈ ਕਿ ਇਹ ਵਿਧੀ ਦਿਲ ਦੇ ਪ੍ਰਭਾਵਿਤ ਹਿੱਸੇ ਦੀ ਮੁਰੰਮਤ ਕਰਨ ਵਿੱਚ ਮਦਦਗਾਰ ਸਾਬਿਤ ਹੋਵੇਗੀ। ਜੇਕਰ ਇਹ ਸਫ਼ਲ ਹੋ ਜਾਂਦਾ ਹੈ ਤਾਂ ਨਿਸ਼ਚਿਤ ਹੀ ਵੱਡੀ ਉਪਲੱਬਧੀ ਹੋਵੇਗੀ ਕਿਉਂਕਿ ਹੁਣ ਦੌਰੇ ਤੋਂ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਵਿੱਚ ਕਾਫ਼ੀ ਹੱਦ ਤੱਕ ਸਫਲਤਾ ਮਿਲ ਸਕਦੀ ਹੈ। ਦਰਅਸਲ, ਜਦੋਂ ਦਿਲ ਦੀ ਕੋਈ ਕੋਸ਼ਿਕਾ ਨਸ਼ਟ ਹੁੰਦੀ ਹੈ ਤਾਂ ਇਸਦੀ ਜਗ੍ਹਾ ਇੱਕ ਕਠੋਰ ਨਿਸ਼ਾਨ ਬਣ ਜਾਂਦਾ ਹੈ ਅਤੇ ਇਹ ਅਜਿਹਾ ਲੱਗਣ ਲੱਗਦਾ ਹੈ ਜਿਵੇਂ ਪੈਰ 'ਤੇ ਸੱਟ ਲੱਗਣ ਦੇ ਬਾਅਦ ਨਿਸ਼ਾਨ ਪੈ ਜਾਂਦਾ ਹੈ। ਇਸ ਨਾਲ ਖ਼ੂਨ ਨੂੰ ਪੰਪ ਕਰਨ ਵਿੱਚ ਦਿਲ ਨੂੰ ਕਾਫ਼ੀ ਸੰਘਰਸ਼ ਕਰਨਾ ਪੈਂਦਾ ਹੈ।

**ਸੋਧ** : ਬ੍ਰਿਟਿਸ਼ ਹਾਰਟ ਫਾਉਂਡੇਸ਼ਨ ਦੇ ਸੋਧਕਰਤਾ ਇਸਦਾ ਨਿਦਾਨ ਲੱਭਣ ਵਿੱਚ ਲੱਗੇ ਹੋਏ ਹਨ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਦਿਲ ਦੀਆਂ ਕੋਸ਼ਿਕਾਵਾਂ ਦੀ ਪਤਲੀ ਪੱਟੀ ਨੂੰ ਇਸ ਜਗ੍ਹਾ ਲਗਾ ਸਕਣ ਤਾਂਕਿ ਇਹ ਉਨ੍ਹਾਂ ਕੋਸ਼ਿਕਾਵਾਂ ਵਿੱਚ ਜਾਕੇ ਮਿਲ ਜਾਣ। ਲੰਦਨ ਦੀ ਇੱਕ ਪ੍ਰਯੋਗਸ਼ਾਲਾ ਵਿੱਚ ਇੱਕ ਮੈਕੇਨਿਕਲ ਇੰਜਨੀਅਰ ਡਾਕਟਰ ਸੁਆਨ ਜਯਸਿੰਘੇ ਨੇ ਬਾਇਓ-ਇਲੈਕਟ੍ਰਿਕ ਸਪ੍ਰੇਅ ਦੀ ਪ੍ਰਣਾਲੀ ਨੂੰ ਵਿਕਸਿਤ ਕੀਤਾ ਹੈ। ਇਸ ਵਿੱਚ ਸਭ ਤੋਂ ਪਹਿਲਾ ਇੱਕ ਸਿਰੀਂਜ ਵਿੱਚ ਦਿਲ ਦੀਆਂ ਕੋਸ਼ਿਕਾਵਾਂ ਨੂੰ ਭਰਿਆ ਜਾਂਦਾ ਹੈ। ਉਸਦੇ ਬਾਅਦ ਇਹ ਸਿਰੀਂਜ ਵਿੱਚ ਭਰੀਆਂ ਕੋਸ਼ਿਕਾਵਾਂ ਇੱਕ ਸੂਈ ਦੇ ਜ਼ਰੀਏ ਦਿਲ ਤੱਕ ਤੇਜ਼ੀ ਨਾਲ ਪਹੁੰਚਾਈਆਂ ਜਾਂਦੀਆਂ ਹਨ।

ਸੂਈ ਦੇ ਜ਼ਰੀਏ ਪਹੁੰਚਣ ਵਾਲੇ ਦਸ ਹਜ਼ਾਰ ਵੋਲਟ ਦੀ ਬਿਜਲੀ ਤੋਂ ਚੁੰਬਕੀ ਖੇਤਰ ਪੈਦਾ ਹੁੰਦਾ ਹੈ ਜੋ ਕਿ ਕੋਸ਼ਿਕਾਵਾਂ ਨੂੰ ਨਿਯੰਤਰਣ ਵਿੱਚ ਰੱਖਦਾ ਹੈ। ਉਨ੍ਹਾਂ ਨੇ ਦੱਸਿਆ, "ਖ਼ੂਬਸੂਰਤ ਚੀਜ਼ ਇਹ ਹੈ ਇਸ ਵਿੱਚ ਅਸੀਂ ਕਈ ਹੋਰ ਤਰ੍ਹਾਂ ਦੀਆਂ ਕੋਸ਼ਿਕਾਵਾਂ ਨੂੰ ਵੀ ਸ਼ਾਮਿਲ ਕਰ ਸਕਦੇ ਹਾਂ।" ਇਸ ਪੂਰੀ ਪ੍ਰਕ੍ਰਿਆ ਨੂੰ ਸੂਖਮਦਰਸ਼ੀ ਉਪਕਰਨਾਂ ਦੇ ਜ਼ਰੀਏ ਦੇਖਿਆ ਜਾ ਸਕਦਾ ਹੈ। ਇਸਦਾ ਅਗਲਾ ਕਦਮ ਇਹ ਦੇਖਣਾ ਹੈ ਕਿ ਪਹੁੰਚਾਈਆਂ ਗਈਆਂ ਕੋਸ਼ਿਕਾਵਾਂ ਦੌਰੇ ਗ੍ਰਸਿਤ ਕੋਸ਼ਿਕਾਵਾਂ ਨੂੰ ਠੀਕ ਕਰਨ ਵਿੱਚ ਸਮਰੱਥ ਹਨ ਜਾਂ ਨਹੀਂ। ਸੋਧਕਰਤਾ ਡਾਕਟਰ ਕਹਿੰਦੇ ਹਨ ਕਿ, "ਉਮੀਦ ਕੀਤੀ ਜਾਂਦੀ ਹੈ ਕਿ ਇਸ ਤਕਨੀਕ ਦੇ ਜ਼ਰੀਏ ਅਸੀਂ ਪੂਰੇ ਪ੍ਰਭਾਵਿਤ ਦਿਲ ਨੂੰ ਠੀਕ ਕਰ ਸਕਾਂਗੇ ਤਾਂਕਿ ਮਰੀਜ਼ ਨੂੰ ਕਿਸੇ ਹੋਰ ਵਿਅਕਤੀ ਦੇ ਦਿਲ ਦਾ ਇੰਤਜ਼ਾਰ ਨਾ ਕਰਨਾ ਪਵੇ।" ਉਨ੍ਹਾਂ ਦਾ ਕਹਿਣਾ ਹੈ ਇਸ ਤਕਨੀਕ ਦੇ ਜ਼ਰੀਏ ਸਿਰਫ਼ ਇੰਗਲੈਂਡ ਵਿਚ ਹੀ ਦਿਲ ਦੇ ਦੌਰੇ ਤੋਂ ਪੀੜਤ ਸਾਢੇ ਸੱਤ ਲੱਖ ਤੋਂ ਜ਼ਿਆਦਾ ਲੋਕਾਂ ਨੂੰ ਰਾਹਤ ਮਿਲ ਸਕਦੀ ਹੈ।

## * ਤਣਾਅ ਅਤੇ ਘਬਰਾਹਟ ਹੈ ਜਾਨਲੇਵਾ

ਸੋਧਕਰਤਾਵਾਂ ਦਾ ਕਹਿਣਾ ਹੈ ਕਿ ਘਬਰਾਹਟ ਅਤੇ ਤਨਾਅ ਵਰਗੀ ਹਲਕੀ ਮਾਨਸਿਕ ਬਿਮਾਰੀ ਵਾਲੇ ਲੋਕਾਂ ਦੀ ਜਲਦੀ ਮੌਤ ਹੋ ਸਕਦੀ ਹੈ। ਸੋਧਕਰਤਾਵਾਂ ਨੇ ਇੰਗਲੈਂਡ ਵਿੱਚ ਦਿਲ ਦੀ ਬਿਮਾਰੀ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦੀ ਵਜ੍ਹਾ ਕਾਰਨ ਸਮੇਂ ਤੋਂ ਪਹਿਲਾ ਹੋਣ ਵਾਲੀਆਂ 68000 ਮੌਤਾਂ ਦੀ ਜਾਂਚ ਕੀਤੀ। ਸੋਧ ਵਿੱਚ ਸਾਹਮਣੇ ਆਇਆ ਕਿ ਜੇਕਰ ਸ਼ਰਾਬ ਪੀਣ ਵਰਗੇ ਕਾਰਨਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਘਬਰਾਹਟ ਵਰਗੀਆਂ ਬਿਮਾਰੀਆਂ ਤੋਂ 16 ਪ੍ਰਤੀਸ਼ਤ ਤੱਕ ਮੌਤ ਦਾ ਖਤਰਾ ਵੱਧ ਸਕਦਾ ਹੈ। ਯੂਨੀਵਰਸਿਟੀ ਕਾਲਜ ਲੰਦਨ ਅਤੇ ਐਡਿਨਬਰਾ ਯੂਨੀਵਰਸਿਟੀ ਦੀ ਟੀਮ ਦੇ ਮੁਤਾਬਿਕ ਤਨਾਅ ਅਤੇ ਘਬਰਾਹਟ ਦੀ ਵੱਧਦੀ ਸਮੱਸਿਆ ਇਸ ਖ਼ਤਰੇ ਨੂੰ



67% ਤੱਕ ਵਧਾ ਸਕਦੀ ਹੈ। ਗੰਭੀਰ ਮਾਨਸਿਕ ਬਿਮਾਰੀਆਂ ਤੋਂ ਲੋਕਾਂ ਵਿੱਚ ਖਤਰੇ ਦੇ ਪ੍ਰਮਾਣ ਪਹਿਲਾ ਤੋਂ ਹੀ ਮੌਜੂਦ ਹਨ। ਪਰ ਸੋਧਕਰਤਾਵਾਂ ਨੇ ਕਿਹਾ ਕਿ ਹਲਕੇ ਤਨਾਅ ਦੇ ਮਾਮਲਿਆਂ ਦੇ ਬਾਰੇ ਵਿੱਚ ਇਹ ਚਿੰਤਾ ਪੈਦਾ ਕਰਦਾ ਹੈ। ਹਰ ਚਾਰ ਵਿਅਕਤੀਆਂ ਵਿੱਚੋਂ ਇੱਕ ਇਸ ਤੋਂ ਪ੍ਰਭਾਵਿਤ ਮੰਨਿਆ ਜਾਂਦਾ ਹੈ। ਵੈਲਕਮ ਟ੍ਰਸਟ ਦੁਆਰਾ ਪ੍ਰਯੋਜਿਤ ਕੀਤੇ ਗਏ ਇਸ ਸੋਧ ਨੂੰ ਬ੍ਰਿਟੇਨ ਦੇ ਮੈਡੀਕਲ ਜਰਨਲ ਵਿੱਚ ਛਾਪਿਆ ਗਿਆ ਹੈ। ਇਸ ਵਿੱਚ 10 ਸਾਲ ਦੇ ਅੰਕੜਿਆਂ 'ਤੇ ਨਜ਼ਰ ਪਾਈ ਗਈ ਹੈ।

**ਸਭ ਤੋਂ ਵੱਡੀ ਖੋਜ** : ਵਿਗਿਆਨਕਾਂ ਦੇ ਅਨੁਸਾਰ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਸੋਧ ਹੈ ਜਿਸ ਵਿੱਚ ਤਨਾਅ ਅਤੇ ਮੌਤ ਦੇ ਸੰਬੰਧ ਨੂੰ ਦਿਖਾਇਆ ਗਿਆ ਹੈ। ਇਸਦੇ ਮੁੱਖ ਲੇਖਕ ਡਾਕਟਰ ਟਾਮ ਰਸਸ ਨੇ ਕਿਹਾ, "ਇਹ ਤੱਥ ਕਿ ਘੱਟ ਤਨਾਅ ਵਿੱਚ ਵੀ ਮੌਤ ਦਰ ਵੱਧ ਰਹੀ ਹੈ ਇਸਦੇ ਆਧਾਰ 'ਤੇ ਇਹ ਜਾਨਣ ਦੇ ਲਈ ਵੀ ਸੋਧ ਹੋਣੀ ਚਾਹੀਦੀ ਹੈ ਕਿ ਕੀ ਇਨ੍ਹਾਂ ਮਾਮੂਲੀ ਬਿਮਾਰੀਆਂ ਦੇ ਇਲਾਜ ਨਾਲ ਮੌਤ ਦਾ ਖਤਰਾ ਘੱਟ ਹੋ ਸਕਦਾ ਹੈ।"

## * ਕੀ ਵਰਤ ਹਨ ਲੰਬੀ ਉਮਰ ਅਤੇ ਚੰਗੀ ਸਿਹਤ ਦਾ ਨੁਸਖ਼ਾ?

ਵਿਗਿਆਨਕਾਂ ਦਾ ਕਹਿਣਾ ਹੈ ਕਿ ਜੇਕਰ ਨਿਯੰਤਰਿਤ ਤਰੀਕੇ ਨਾਲ ਕੁੱਝ ਸਮੇਂ ਦਾ ਵਰਤ ਰੱਖਿਆ ਜਾਵੇ ਤਾਂ ਇਸ ਨਾਲ ਨਾ ਸਿਰਫ਼ ਵੱਧਦੇ ਵਜਨ ਨੂੰ ਘਟਾਉਣਾ ਬਲਕਿ ਸੁਰੱਖਿਅਤ ਸਿਹਤ ਸੰਬੰਧੀ ਵੀ ਫਾਇਦੇ ਹੋ ਸਕਦੇ ਹਨ। ਕੁਝ ਲੋਕਾਂ ਦਾ ਅਜਿਹਾ ਮੰਨਣਾ ਹੈ ਕਿ ਵਰਤ ਰੱਖਣਾ ਅਕਸਰ ਕਸ਼ਟਦਾਇਕ ਹੁੰਦਾ ਹੈ ਅਤੇ ਇਸਦਾ ਲੰਬੇ ਸਮੇਂ ਵਿੱਚ ਕੋਈ ਫਾਇਦਾ ਨਹੀਂ ਹੁੰਦਾ ਹੈ।

ਇਸ ਲਈ ਜਦੋਂ ਮੈਨੂੰ ਭੁੱਖਾ ਰਹਿ ਕੇ ਇੱਕ ਡਾਕਯੂਮੈਂਟ੍ਰੀ ਬਣਾਉਣ ਦੇ ਲਈ ਕਿਹਾ ਗਿਆ ਤਾਂ ਮੈਂ ਕਦੇ ਵੀ ਉਸ



ਨੂੰ ਬਣਾਉਣ ਲਈ ਉਤਸ਼ਾਹਿਤ ਨਹੀਂ ਸੀ ਹੋਇਆ। ਪਰ 'ਹਾਰਾਇਜਨ' (ਬੀਬੀਸੀ ਟੀਵੀ ਦਾ ਇੱਕ ਪ੍ਰੋਗਰਾਮ) ਦੇ ਸੰਪਾਦਕ ਨੇ ਮੈਨੂੰ ਭਰੋਸਾ ਦਿਵਾਇਆ ਕਿ ਇਹ ਇੱਕ ਨਵਾਂ ਵਿਗਿਆਨ ਹੈ ਅਤੇ ਇਸ ਤੋਂ ਸ਼ਾਇਦ ਮੈਨੂੰ ਆਪਣੇ ਸਰੀਰ ਵਿੱਚ ਫਾਇਦੇਮੰਦ ਬਦਲਾਅ ਦੇਖਣ ਨੂੰ ਮਿਲਣਗੇ। ਮੇਰੇ ਵਿੱਚ ਐਨੀ ਆਤਮਸ਼ਕਤੀ ਨਹੀਂ ਸੀ ਕਿ ਮੈਂ ਲੰਮੇਂ ਸਮੇਂ ਤੱਕ ਬਿਨ੍ਹਾਂ ਖਾਂਦੇ-ਪੀਤੇ ਰਹਿ ਸਕਾਂ, ਪਰ ਮੇਰੇ ਵਿੱਚ ਇਸ ਗੱਲ ਦਾ ਕਾਰਨ ਖੋਜਣ ਦੀ ਬੇਹੱਦ ਦਿਲਚਸਪੀ ਸੀ ਕਿ ਆਖਿਰ ਘੱਟ ਖਾਣ ਨਾਲ ਕਿਉਂ ਜੀਵਨ ਦੀ ਪ੍ਰਕ੍ਰਿਆ ਵੱਧ ਜਾਂਦੀ ਹੈ। ਅਸੀਂ 1930 ਤੋਂ ਹੀ ਉਸ ਪ੍ਰਯੋਗ ਦੇ ਬਾਰੇ ਵਿੱਚ ਜਾਣਦੇ ਹੈ ਜਿਸ ਵਿੱਚ ਪਾਇਆ ਗਿਆ ਸੀ ਕਿ ਘੱਟ ਕੈਲੋਰੀ 'ਤੇ ਪਲ ਰਹੇ ਚੂਹੇ ਉਨ੍ਹਾਂ ਚੂਹਿਆਂ ਦੀ ਤੁਲਨਾ ਵਿੱਚ ਜ਼ਿਆਦਾ ਦਿਨ ਤੱਕ ਜਿਉਂਦੇ ਰਹੇ ਜਿਨ੍ਹਾਂ ਨੂੰ ਪੌਸ਼ਟਿਕਤਾ ਨਾਲ ਭਰਪੂਰ ਭੋਜਨ ਦਿੱਤਾ ਗਿਆ ਸੀ।

**ਹਾਰਮੋਨ ਆਈਜੀਐਫ-1 :** ਜੀਵਨ ਗਤੀ ਵਧਾਏ ਜਾਣ ਦਾ ਵਿਸ਼ਵ ਰਿਕਾਰਡ ਇੱਕ ਨਵੀਂ ਪ੍ਰਜਾਤੀ ਦੇ ਚੂਹੇ ਦਾ ਹੈ ਜਿਸਦੀ ਉਮਰ 40 ਫੀਸਦੀ ਤੱਕ ਵੱਧ ਸਕਦੀ ਹੈ। ਇਸ ਹਿਸਾਬ ਨਾਲ ਮਨੁੱਖ ਇੱਕ ਸੌ ਬੀਹ ਸਾਲ ਦੀ ਉਮਰ ਪਾ ਸਕਦਾ ਹੈ। ਸਰੀਰ ਵਿੱਚ ਜਿੰਨੇ ਜ਼ਿਆਦਾ ਆਈਜੀਐਫ-1 ਹਾਰਮੋਨ ਹੋਣਗੇ ਉਨ੍ਹਾਂ ਦਾ ਅਸਰ ਉਮਰ 'ਤੇ ਉਨਾਂ ਹੀ ਜ਼ਿਆਦਾ ਹੋਵੇਗਾ। ਇਹ ਹਾਰਮੋਨ ਉਸ ਸਮੇਂ ਦੇ ਲਈ ਤਾਂ ਬਹੁਤ ਚੰਗਾ ਹੈ ਜਦੋਂ ਕੋਈ ਬੱਚਾ ਵੱਧ ਰਿਹਾ ਹੁੰਦਾ ਹੈ, ਪਰ ਉਸਦੇ ਬਾਅਦ ਦੀ ਉਮਰ ਦੇ ਲਈ ਇਹ ਹਾਰਮੋਨ ਚੰਗਾ ਨਹੀਂ ਹੈ। ਪਰ ਇਸ ਹਾਰਮੋਨ ਆਈਜੀਐਫ-1 ਦੇ ਸਤਰ ਨੂੰ ਵਰਤ ਰੱਖਕੇ ਘਟਾਇਆ ਜਾ ਸਕਦਾ ਹੈ। ਇਸ ਦੀ ਵਜ੍ਹਾ ਸ਼ਾਇਦ ਇਹ ਹੋ ਸਕਦੀ ਹੈ ਕਿ ਜਦੋਂ ਭੋਜਨ ਖਾਣਾ ਬੰਦ ਕਰ ਦਿੱਤਾ ਜਾਂਦਾ ਹੈ ਤਾਂ ਇਹ ਹਾਰਮੋਨ ਸਰੀਰ ਦੇ ਵਿਕਾਸ ਦੀ ਜਗ੍ਹਾ ਉਸ ਸਰੀਰ ਵਿੱਚ ਆ ਰਹੀ ਕਮੀ ਨੂੰ ਦਰੁਸਤ ਕਰਨ ਲੱਗਦਾ ਹੈ।

**ਅਜੇ ਪ੍ਰਮਾਣਿਕ ਨਹੀਂ :** ਦੱਖਣੀ ਕੈਲੀਫੋਰਨੀਆ ਵਿਸ਼ਵ ਵਿਦਿਆਲਿਆ ਦੇ ਪ੍ਰੋ. ਵਾਲਟਰ ਲੌਂਗ ਕਹਿੰਦੇ ਹਨ ਕਿ ਜਿਵੇਂ ਹੀ ਸਰੀਰ ਵਿੱਚ ਆਈਜੀਐਫ-1 ਹਾਰਮੋਨ ਦਾ ਸਤਰ ਘੱਟ ਹੁੰਦਾ ਹੈ ਤਾਂ ਇਸਦਾ ਅਸਰ ਸਰੀਰ 'ਤੇ ਹੁੰਦਾ ਹੈ ਅਤੇ ਮੁਰੰਮਤ ਕਰਨ ਵਾਲੇ ਕਈ ਜੀਨ ਸਰੀਰ ਵਿੱਚ ਪੈਦਾ ਹੋ ਜਾਂਦੇ ਹਨ।

ਕਿਹਾ ਜਾਂਦਾ ਹੈ ਕਿ ਸਰੀਰ ਵਿੱਚ ਆਈਜੀਐਫ-1 ਦੀ ਬਹੁਤ ਘੱਟ ਮਾਤਰਾ ਨਾਲ ਇਨਸਾਨ ਬੌਣਾ ਰਹਿ ਜਾਂਦਾ ਹੈ ਪਰ ਉਹ ਵੱਧਦੀ ਉਮਰ ਤੋਂ ਜੁੜੇ ਦੋ ਪ੍ਰਮੁੱਖ ਰੋਗਾਂ ਕੈਂਸਰ ਅਤੇ ਮਧੂਮੇਹ ਤੋਂ ਸੁਰੱਖਿਅਤ ਰਹਿੰਦੇ ਹਨ। ਇੱਕ ਵਿਅਕਤੀ ਨੂੰ ਘੱਟ ਤੋਂ ਘੱਟ ਦਿਨ ਵਿੱਚ ਦੋ ਹਜ਼ਾਰ ਕੈਲੋਰੀ ਦੀ ਜ਼ਰੂਰਤ ਹੁੰਦੀ ਹੈ। ਅਜਿਹੇ ਵਿੱਚ ਜੇਕਰ ਤੁਸੀਂ ਵਰਤ ਰੱਖਦੇ ਹੋ ਤਾਂ ਅਜਿਹਾ ਡਾਕਟਰਾਂ ਦੇ ਨਿਰੀਖਣ ਵਿੱਚ ਹੀ ਕਰੋ ਕਿਉਂਕਿ ਗਰਭਵਤੀ ਔਰਤਾਂ ਅਤੇ ਮਧੂਮੇਹ ਦੇ ਮਰੀਜ਼ਾਂ ਦੇ ਲਈ ਇਹ ਖਤਰਨਾਕ ਵੀ ਹੋ ਸਕਦਾ ਹੈ। ਕੁਲ-ਮਿਲਾ ਕੇ ਸੰਤੁਲਨ ਸਭ ਤੋਂ ਚੰਗਾ ਰਸਤਾ ਹੈ ਚਾਹੇ ਭੋਜਨ ਵਿੱਚ ਹੋ ਜਾਂ ਫਿਰ ਵਰਤ ਵਿੱਚ।

## * ਔਰਗਨਿਕ ਭੋਜਨ ਸਿਹਤ ਦੀ ਗਰੰਟੀ ਨਹੀਂ

ਔਰਗਨਿਕ ਜਾਂ ਜੈਵਿਕ ਖਾਦ ਪਦਾਰਥ ਖਾਣ ਨਾਲ ਸਿਹਤ 'ਤੇ ਅਸਰ ਨਹੀਂ ਪੈਂਦਾ ਹੈ। ਪਰ ਇਸ ਨਾਲ ਤੁਹਾਡੇ ਭੋਜਨ ਵਿੱਚ ਕੀਟਨਾਸ਼ਕਾਂ ਦੀ ਮਾਤਰਾ ਜ਼ਰੂਰ ਘੱਟ ਹੋ ਜਾਂਦੀ ਹੈ। ਅਮਰੀਕਾ ਦੇ ਸਟੈਨਫੋਰਡ ਵਿਸ਼ਵਵਿਦਿਆਲਿਆ ਦੇ ਸੋਧਕਰਤਾ ਔਰਗਨਿਕ ਅਤੇ ਨਾਨ-ਔਰਗਨਿਕ ਖਾਦ ਪਦਾਰਥਾਂ ਦੇ ਤੱਤ ਅਤੇ ਉਨ੍ਹਾਂ ਨਾਲ ਜੁੜੇ ਸਭ ਤਰ੍ਹਾਂ ਦੇ ਫਾਇਦਿਆਂ ਜਾਂ ਲਾਭਾਂ 'ਤੇ 200 ਤੋਂ ਜ਼ਿਆਦਾ ਅਧਿਐਨਾਂ ਦੀ ਜਾਂਚ ਦੇ ਬਾਅਦ ਇਸ ਨਤੀਜੇ 'ਤੇ ਪਹੁੰਚੇ। ਵਿਗਿਆਨੀਆਂ ਨੇ ਪਾਇਆ ਕਿ ਕੁਲ ਮਿਲਾਕੇ, ਜੈਵਿਕ ਅਤੇ ਅਜੈਵਿਕ ਖਾਦ ਪਦਾਰਥਾਂ ਦੀ ਪੌਸ਼ਟਿਕਤਾ ਵਿੱਚ ਕੁਝ ਖਾਸ ਫ਼ਰਕ ਨਹੀਂ ਹੈ, ਹਾਲਾਂਕਿ ਔਰਗਨਿਕ ਖਾਦ ਪਦਾਰਥਾਂ ਵਿੱਚ ਕੀਟਨਾਸ਼ਕ ਹੋਣ ਦੀ ਸੰਭਾਵਨਾ 30 ਪ੍ਰਤੀਸ਼ਤ ਤੱਕ ਘੱਟ ਸੀ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਨਤੀਜੇ ਅਧੂਰੇ ਹਨ ਅਤੇ ਉਨ੍ਹਾਂ ਨੇ ਇਸ ਵਿਸ਼ੇ ਵਿੱਚ ਹੋਰ ਅਧਿਐਨ ਕਰਨ ਦੀ ਗੱਲ ਕਹੀ ਹੈ।

**ਸਮਾਨ ਪੋਸ਼ਣ :** ਇੱਕ ਸੋਧ ਵਿੱਚ ਔਰਗਨਿਕ ਖਾਦ




ਪਦਾਰਥ ਖਾਣ ਵਾਲੇ ਲੋਕਾਂ ਦੀ ਤੁਲਣਾ ਨਾਨ-ਔਰਗਨਿਕ ਖਾਦ ਪਦਾਰਥ ਖਾਣ ਵਾਲੇ ਲੋਕਾਂ ਨਾਲ ਕੀਤੀ ਗਈ ਸੀ। ਨਾਲ ਹੀ ਇਸ ਵਿੱਚ 223 ਅਜਿਹੇ ਅਧਿਐਨ ਵੀ ਸ਼ਾਮਿਲ ਸੀ ਜਿਨ੍ਹਾਂ ਵਿੱਚ ਇਨ੍ਹਾਂ ਦੋਨਾਂ ਵਰਗਾਂ ਦੇ ਫਲ, ਸਬਜ਼ੀਆਂ, ਦੁੱਧ, ਅੰਡੇ ਵਰਗੇ ਖਾਦ ਪਦਾਰਥਾਂ ਵਿੱਚ ਪੌਸ਼ਕ ਤੱਤਾਂ, ਬੈਕਟੀਰੀਆ, ਫੰਗਸ ਅਤੇ ਕੀਟਨਾਸ਼ਕਾਂ ਦੀ ਵੀ ਤੁਲਨਾ ਕੀਤੀ ਗਈ ਸੀ।

ਇਨਸਾਨਾਂ ਤੇ ਜ਼ਿਆਦਾਤਰ ਦੋ ਸਾਲ ਤੱਕ ਅਧਿਐਨ

ਕੀਤੇ ਗਏ ਜਿਨ੍ਹਾਂ ਤੋਂ ਲੰਮੇਂ ਸਮੇਂ ਦੇ ਲਈ ਨਤੀਜੇ ਕੱਢਣੇ ਨਾਮੁਮਕਿਨ ਸੀ। ਜਾਂਚ ਵਿੱਚ ਦੋਨਾਂ ਵਰਗਾਂ ਦੇ ਫਲ ਅਤੇ ਸਬਜ਼ੀਆਂ ਵਿੱਚ ਵਿਟਾਮਿਨ ਅਤੇ ਦੁੱਧ ਵਿੱਚ ਪ੍ਰੋਟੀਨ ਅਤੇ ਵਸਾ ਦੀ ਸਮਾਨ ਮਾਤਰਾ ਪਾਈ ਗਈ। ਹਾਲਾਂਕਿ ਕੁੱਝ ਅਧਿਐਨਾਂ ਦੇ ਮੁਤਾਬਿਕ ਔਰਗਨਿਕ ਦੁੱਧ ਵਿੱਚ ਓਮੇਗਾ-3 ਦੀ ਜ਼ਿਆਦਾ ਮਾਤਰਾ ਹੁੰਦੀ ਹੈ। ਔਰਗਨਿਕ ਖਾਦ ਪਦਾਰਥਾਂ ਵਿੱਚ ਨਾਈਟ੍ਰੋਨ ਦੀ ਜ਼ਿਆਦਾ ਮਾਤਰਾ ਪਾਈ ਗਈ।

**ਔਰਗਨਿਕ ਹੀ ਕਿਉਂ? :** ਪ੍ਰੋ. ਡੈਂਗੁਰ ਦਾ ਕਹਿਣਾ ਹੈ, "ਉਪਭੋਗਤਾ ਕਈ ਕਾਰਨਾਂ ਨਾਲ ਔਰਗਨਿਕ ਖਾਦ ਪਦਾਰਥ ਚੁਣਦੇ ਹਨ ਪਰ ਇਹ ਤਾਜ਼ਾ ਅਧਿਐਨ ਸਾਬਿਤ ਕਰਦਾ ਹੈ ਕਿ ਮੌਜੂਦਾ ਸਮੇਂ ਵਿੱਚ ਔਰਗਨਿਕ ਅਤੇ ਪਰੰਪਰਿਕ ਖਾਦ ਪਦਾਰਥਾਂ ਦੇ ਪੋਸ਼ਣ ਅਤੇ ਤੰਦਰੁਸਤੀ ਦੇ ਲਾਭਾਂ ਵਿੱਚ ਕੋਈ ਖਾਸ ਫਰਕ ਨਹੀਂ ਹੈ। ਉਮੀਦ ਕਰਦੇ ਹਾਂ ਕਿ ਇਹ ਨਤੀਜੇ ਉਪਭੋਕਤਾਵਾਂ ਦੇ ਲਈ ਉਪਯੋਗੀ ਸਾਬਿਤ ਹੋਣਗੇ।" ਇਸ ਮੌਜੂਦਾ ਅਧਿਐਨ ਦੀ ਸੋਧਕਰਤਾ ਡਾ. ਕ੍ਰਿਸਟਲ ਸਿਮਥ-ਸਪੈਂਗਲਰ ਦਾ ਕਹਿਣਾ ਸੀ ਕਿ ਔਰਗਨਿਕ ਖਾਦ ਪਦਾਰਥ ਚੁਨਣ ਦੇ ਪਿੱਛੇ ਜਾਨਵਰਾਂ ਦੇ ਹਿਤਾਂ ਤਹਿਤ ਕਈ ਕਾਰਨ ਹੋ ਸਕਦੇ ਹਨ।

ਉਨ੍ਹਾਂ ਦਾ ਕਹਿਣਾ ਸੀ, "ਕੁੱਝ ਲੋਕ ਮੰਨਦੇ ਹਨ ਕਿ ਔਰਗਨਿਕ ਭੋਜਨ ਜ਼ਿਆਦਾ ਸ਼ੁੱਧ ਅਤੇ ਪੋਸ਼ਕ ਹੁੰਦਾ ਹੈ। ਸਾਨੂੰ ਹੈਰਾਨੀ ਹੋਈ ਕਿ ਸਾਨੂੰ ਆਪਣੇ ਅਧਿਐਨ ਵਿੱਚੋਂ ਅਜਿਹਾ ਕੁਝ ਨਹੀਂ ਮਿਲਿਆ। ਜੇਕਰ ਤੁਸੀਂ ਇੱਕ ਕੰਮਕਾਰੀ ਇਨਸਾਨ ਹੋ ਅਤੇ ਆਪਣੀ ਸਿਹਤ ਨੂੰ ਧਿਆਨ ਵਿੱਚ ਰੱਖਕੇ ਭੋਜਨ ਦੇ ਬਾਰੇ ਫੈਸਲੇ ਕਰਦੇ ਹੋ, ਤਾਂ ਔਰਗਨਿਕ ਅਤੇ ਪਰੰਪਰਿਕ ਪਦਾਰਥਾਂ ਵਿੱਚ ਕੁੱਝ ਖਾਸ ਫਰਕ ਨਹੀਂ ਹੈ।" ਪਰ ਸਾਯਲ ਐਸੋਸੀਏਸ਼ਨ ਦੇ ਮੁਤਾਬਿਕ ਇਸ ਅਧਿਐਨ ਵਿੱਚ ਕਮੀਆਂ ਹਨ।

## ਹਵਾ ਨਾਲ ਜਗਮਗ ਹੋਵੇਗੀ ਦੁਨੀਆਂ

ਊਰਜਾ ਸੰਕਟ ਨਾਲ ਜੂਝ ਰਹੀ ਦੁਨੀਆਂ ਨੂੰ ਜਗਮਗ ਕਰਨ ਦੇ ਲਈ ਹਵਾ ਹੀ ਕਾਫੀ ਹੈ। ਕੋਲਾ ਅਤੇ ਕੁਦਰਤੀ ਗੈਸ ਦੀ ਤਰ੍ਹਾਂ ਜ਼ਰੂਰਤ ਨਹੀਂ ਹੈ। ਵਿਗਿਆਨੀਆਂ ਦਾ ਦਾਅਵਾ ਹੈ ਕਿ ਹਵਾ ਨਾਲ ਹੀ ਪੂਰੀ ਦੁਨੀਆਂ ਨੂੰ ਰੌਸ਼ਨ ਕੀਤਾ ਜਾ ਸਕਦਾ ਹੈ ਪ੍ਰੰਤੂ ਇਸਦੇ ਲਈ ਭਰਪੂਰ ਨਿਵੇਸ਼ ਕੀਤਾ ਜਾਵੇ। ਅਮਰੀਕਾ ਦੀ ਨੈਸ਼ਨਲ ਅਕੈਡਮੀ ਆਫ਼ ਸਾਇੰਸ ਦਾ ਕਹਿਣਾ ਹੈ ਕਿ ਹਵਾ ਚੱਕੀ ਨਾਲ ਕਈ ਸੌ ਟੇਟ੍ਰਾਵਾਂਟ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ ਜੋ ਕਿ ਪੂਰੀ ਦੁਨੀਆਂ ਨੂੰ ਰੌਸ਼ਨ ਕਰਨ ਦੇ ਲਈ ਕਾਫੀ ਹੈ। ਰਿਪੋਰਟ ਤਿਆਰ ਕਰਨ ਵਾਲੇ ਮਾਰਕ ਜੇਕੋਬਸਨ ਦਾ ਕਹਿਣਾ ਹੈ ਕਿ ਇਸਦੇ ਲਈ ਸਮੁੰਦਰ ਦੇ ਕਿਨਾਰੇ ਇਕ ਅਰਬ 50 ਕਰੋੜ ਹਵਾ ਚੱਕੀਆਂ ਲਗਾਉਣੀਆਂ ਹੋਣਗੀਆਂ। ਇਸ ਨਾਲ ਲੋੜ ਤੋਂ ਜ਼ਿਆਦਾ ਬਿਜਲੀ ਪੈਦਾ ਹੋਵੇਗੀ।

ਹੁਣ ਤੱਕ ਹਵਾ ਊਰਜਾ ਦੇ ਖੇਤਰ ਵਿੱਚ ਕਾਫੀ ਖੋਜ ਕੀਤੀ ਗਈ ਹੈ ਪਰ ਫਿਰ ਵੀ ਇਹ ਬਹੁਤ ਘੱਟ ਹੈ। ਦੁਨੀਆਂ ਨੂੰ ਚਲਾਉਣ ਦੇ ਲਈ ਜਿੰਨੀਂ ਊਰਜਾ ਚਾਹੀਦੀ ਹੈ ਉਸ ਦਾ ਇਹ ਸੌਵਾਂ ਹਿੱਸਾ ਹੀ ਹੈ। ਇਸ ਸਮੇਂ ਦੁਨੀਆਂ ਵਿੱਚ ਹਵਾ ਊਰਜਾ ਤੋਂ 250 ਗੀਗਾਵਾਟ ਬਿਜਲੀ ਪੈਦਾ ਹੋ ਰਹੀ ਹੈ।

ਜੇਕੋਬਸਨ ਦਾ ਮੰਨਣਾ ਹੈ ਕਿ 2030 ਤੱਕ ਦੁਨਿਆਂ ਨੂੰ ਊਰਜਾ ਦੀ ਲੋੜ ਪਵੇਗੀ। ਉਹਨਾਂ ਦਾ ਕਹਿਣਾ ਹੈ ਕਿ, "ਇਸ ਸਮੇਂ ਪੂਰੀ ਦੁਨੀਆਂ ਵਿੱਚ ਹਰ ਸਾਲ 7-8 ਕਰੋੜ ਕਾਰਾਂ ਬਣਾਈਆਂ ਜਾਂਦੀਆਂ ਹਨ। ਸਾਨੂੰ ਕੇਵਲ 40 ਲੱਖ ਟਰਬਾਇਨ ਦੀ ਲੋੜ ਹੈ ਉਹ ਵੀ ਹਰ 30 ਸਾਲ ਦੇ ਬਾਅਦ ਇੱਕ ਵਾਰ।

ਜਦਕਿ ਦੂਸਰੇ ਵਿਗਿਆਨੀ ਇਸ ਦਾਅਵੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੇ ਹਨ। ਅਮਰੀਕਾ ਦੇ ਅਰਗੋਨ ਨੈਸ਼ਨਲ ਲੈਬੋਰੇਟਰੀ ਵਿੱਚ ਊਰਜਾ 'ਤੇ ਸੋਧ ਕਰਨ ਵਾਲੇ ਆਡੇਨ ਬੋਟਰਡ ਦਾ ਕਹਿਣਾ ਹੈ, "ਜੇਕਰ ਅਜਿਹਾ ਹੀ ਕਰਨਾ ਹੋਵੇ ਤਾਂ ਕੀਤਾ ਜਾ ਸਕਦਾ ਹੈ ਪਰ ਸਵਾਲ ਇਹ ਹੈ ਕਿ ਤੁਸੀਂ ਸਮਾਜ ਦੀਆਂ ਦੂਜੀਆਂ ਲੋੜਾਂ 'ਤੇ ਖਰਚ ਕਰਨਾ ਚਾਹੁੰਦੇ ਹੋ ਜਾਂ ਫਿਰ ਊਰਜਾ ਪੈਦਾ ਕਰਨ ਵਾਲੇ ਸਾਧਨਾਂ 'ਤੇ।"

ਪੈਸੇ ਦੇ ਖ਼ਰਚ ਤੋਂ ਇਲਾਵਾ ਇਸ ਵਿੱਚ ਦੂਜੀ ਸਮੱਸਿਆ ਹਵਾ ਦੀ ਗਤੀ ਦੀ ਹੈ। ਬੋਟਰਡ ਦਾ ਕਹਿਣਾ ਹੈ ਕਿ ਹਵਾ ਦੀ ਬਦਲਦੀ ਗਤੀ ਹੀ ਸਮੱਸਿਆ ਨੂੰ ਪੈਦਾ ਕਰਦੀ ਹੈ ਅਤੇ ਇਸ ਨੂੰ ਘੱਟ ਕਰਕੇ ਨਹੀਂ ਮਾਪਿਆ ਜਾ ਸਕਦਾ। ਉਹਨਾਂ ਦਾ ਕਹਿਣਾ ਹੈ ਕਿ "ਜੇਕਰ ਕੋਈ ਅਜਿਹੀ ਵਿਧੀ ਹੈ ਜਿਸ ਨਾਲ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ ਤਾਂ ਠੀਕ ਹੈ ਪਰ ਇਹ ਜ਼ਿਆਦਾ ਮਹਿੰਗਾ ਪਵੇਗਾ। ਜਿੱਥੇ ਬਿਜਲੀ ਪੈਦਾ ਹੋ ਰਹੀ ਹੈ ਅਤੇ ਜਿੱਥੇ ਬਿਜਲੀ ਪਹੁੰਚਾਉਣੀ ਹੈ ਉਨਾਂ ਦੋਵਾਂ ਥਾਂਵਾਂ ਦੇ ਵਿੱਚ ਲਾਇਨ ਵਿਛਾਉਣ ਵਿੱਚ ਹੀ ਬਹੁਤ ਜ਼ਿਆਦਾ ਖ਼ਰਚ ਆ ਜਾਵੇਗਾ।"


ਗਿਆਨ ਦਾ ਖ਼ਜ਼ਾਨਾ

ਵਿਗਿਆਨ ਜੋਤ




✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/-
✪ ਉਮਰ ਭਰ (15 ਸਾਲ ਲਈ) 1000/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ : ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101

Email : tarksheel@yahoo.com Web site : www.tarksheel.com

# ਵਿਗਿਆਨਕ ਖ਼ਬਰਾਂ

## * ਗਲਾਸ ਦਾ ਆਕਾਰ, ਤਹਿ ਕਰਦੀ ਹੈ ਪੀਣ ਦੀ ਰਫ਼ਤਾਰ

'ਯੂਨੀਵਰਸਿਟੀ ਆਫ਼ ਬ੍ਰਿਸਟਲ' ਦੇ ਵਿਗਿਆਨੀਆਂ ਦਾ ਇਹ ਅਧਿਐਨ ਕਹਿੰਦਾ ਹੈ ਕਿ ਗਲਾਸ ਦੀ ਬਾਹਰੀ ਸਤਹਿ ਜੇਕਰ ਸਿੱਧੀ ਨਾ ਹੋ ਕੇ ਘੁਮਾਵਦਾਰ ਹੋਵੇ ਤਾਂ ਪੀਣ ਵਾਲੇ ਦੀ ਰਫ਼ਤਾਰ ਵੱਧ ਜਾਂਦੀ ਹੈ। ਇਸ ਅਧਿਐਨ ਵਿੱਚ 159 ਲੋਕਾਂ ਨੇ ਹਿੱਸਾ ਲਿਆ ਅਤੇ ਉਨ੍ਹਾਂ ਨੂੰ ਠੰਡਾ ਸਰਬਤ ਜਾਂ ਬੀਅਰ ਪੀਂਦੇ ਹੋਏ ਫਿਲਮਾਇਆ ਗਿਆ। ਸਭ ਗਲਾਸਾਂ ਵਿੱਚ ਬਰਾਬਰ ਮਾਤਰਾ ਵਿੱਚ ਠੰਡੀ ਬੀਅਰ ਸੀ। ਪਰ ਗਲਾਸਾਂ ਦਾ ਆਕਾਰ ਅਲੱਗ-ਅਲੱਗ ਸੀ। ਕੁਝ ਗਲਾਸ ਸਿੱਧੇ ਸੀ ਜਦੋਂਕਿ ਕੁੱਝ ਗੋਲਾਕਾਰ ਦੇ ਸੀ। ਠੰਡਾ ਸਰਬਤ ਪੀਣ ਵਾਲਿਆਂ ਦੀ ਰਫ਼ਤਾਰ ਪਰ ਗਲਾਸ ਦੇ ਆਕਾਰ ਨਾਲ ਕੋਈ ਫਰਕ ਨਹੀਂ ਦੇਖਿਆ ਗਿਆ ਪਰ ਬੀਅਰ ਪੀਣ ਵਾਲਿਆਂ ਵਿੱਚ ਅੰਤਰ ਸਾਫ਼ ਸੀ। ਜੋ ਲੋਕ ਗੋਲਾਕਾਰ ਸਤਹਿ ਵਾਲੇ ਗਲਾਸਾਂ ਵਿੱਚ ਬੀਅਰ ਪੀ ਰਹੇ ਸੀ, ਉਨ੍ਹਾਂ ਨੇ ਸਿੱਧੀ ਸਤਹਿ ਵਾਲੇ ਗਲਾਸਾਂ ਵਿੱਚ ਬੀਅਰ ਪੀਣ ਵਾਲਿਆਂ ਨਾਲੋਂ ਪਹਿਲਾ ਆਪਣਾ ਗਲਾਸ ਖਾਲੀ ਕਰ ਦਿੱਤਾ।

**ਅੰਦਾਜ਼ਾ ਮੁਸ਼ਕਿਲ** : ਘੁਮਾਵਦਾਰ ਗਲਾਸ ਵਾਲਿਆਂ ਨੇ ਜਿੱਥੇ ਸੱਤ ਮਿੰਟ ਵਿੱਚ ਆਪਣਾ ਡ੍ਰਿੰਕ ਖਤਮ ਕੀਤਾ, ਉਥੇ ਸਿੱਧੇ ਗਲਾਸਾਂ ਵਿੱਚ ਪੀਣ ਵਾਲਿਆਂ ਨੂੰ 11 ਮਿੰਟ ਲੱਗ ਗਏ। ਅਧਿਐਨ ਦੀ ਰਿਪੋਰਟ ਕਹਿੰਦੀ ਹੈ, "ਜੇਕਰ ਅਲਕੋਹਲ ਵਾਲੇ ਪੇਯ ਘੁਮਾਵਦਾਰ ਗਲਾਸਾਂ ਦੀ ਬਜਾਏ ਸਿੱਧੇ ਗਲਾਸਾਂ ਵਿੱਚ ਪੇਸ਼ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੀਣ ਦੀ ਰਫ਼ਤਾਰ ਲਗਭਗ 60 ਪ੍ਰਤੀਸ਼ਤ ਧੀਮੀ ਹੋ ਜਾਂਦੀ ਹੈ।" ਵਿਗਿਆਨੀਆਂ ਦਾ ਮੰਨਣਾ ਹੈ ਕਿ ਘੁਮਾਵਦਾਰ ਗਲਾਸਾਂ ਵਿੱਚ ਪੀਣ ਦੀ ਰਫ਼ਤਾਰ ਧੀਮੀ ਨਹੀਂ ਪੈਂਦੀ ਕਿਉਂਕਿ ਗਲਾਂ ਦੇ ਆਕਾਰ ਦੀ ਵਜ੍ਹਾ ਨਾਲ ਪੀਣ ਵਾਲੇ ਦੇ ਲਈ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਗਲਾਸ ਵਿੱਚ ਅਜੇ ਕਿੰਨੀ ਬੀਅਰ ਬਚੀ ਹੈ। ਅਧਿਐਨ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਕਈ ਤਰ੍ਹਾਂ ਦੀਆਂ ਤਸਵੀਰਾਂ ਦਿਖਾਈਆਂ ਗਈਆਂ ਜਿਨ੍ਹਾਂ ਵਿੱਚ ਬੀਅਰ ਦੇ ਅੱਧੇ ਭਰੇ ਗਲਾਸ ਸੀ ਅਤੇ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਗਲਾਸ ਅੱਧੇ ਤੋਂ ਘੱਟ ਭਰੇ ਹਨ ਜਾਂ ਜ਼ਿਆਦਾ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਤਸਵੀਰਾਂ ਵਿੱਚ ਬੀਅਰ ਘੁਮਾਵਦਾਰ ਗਲਾਸਾਂ ਵਿੱਚ ਸੀ, ਉਨ੍ਹਾਂ ਦੇ ਬਾਰੇ ਵਿੱਚ ਜ਼ਿਆਦਾਤਰ ਲੋਕਾਂ ਦੇ ਜਵਾਬ ਗਲਤ ਪਾਏ ਗਏ।

**'ਆਦਤਾਂ ਵਿੱਚ ਬਦਲਾਅ ਸੰਭਵ'** : ਵਿਗਿਆਨੀਆਂ ਦੀ ਇਸ ਟੀਮ ਦੀ ਨਿਗਰਾਨੀ ਕਰਨ ਵਾਲੀ ਡਾ. ਅੰਗੇਲਾ ਅਡਵੁਡ ਦਾ ਕਹਿਣਾ ਹੈ, "ਉਹ ਇਹ ਨਹੀਂ ਦੇਖ ਪਾ ਰਹੇ ਸੀ ਕਿ ਉਹ ਕਿੰਨੀ ਜਲਦੀ ਪੀ ਰਹੇ ਹਨ, ਅਜਿਹੇ ਵਿੱਚ ਉਹ ਖ਼ੁਦ ਨੂੰ ਧੀਮਾ ਨਹੀਂ ਕਰ ਸਕਦੇ ਸੀ।" ਇਹ ਅਧਿਐਨ ਪ੍ਰਯੋਗਸ਼ਾਲਾ ਵਿੱਚ ਕੀਤਾ ਗਿਆ ਅਤੇ ਇਸ ਵਿੱਚ ਸਿਰਫ਼ ਇੱਕ ਡ੍ਰਿੰਕ ਦਿੱਤੀ ਗਈ। ਅਜਿਹੇ ਵਿੱਚ ਇਹ ਤਹਿ ਹੀ ਹੈ ਕਿ ਪ੍ਰਯੋਗਸ਼ਾਲਾ ਤੋਂ ਬਾਹਰ ਦੇ ਹਾਲਾਤ ਵਿੱਚ ਜਦੋਂ ਇੱਕ ਨਾਲ ਦੇ ਕਈ ਤਰ੍ਹਾਂ ਦੇ ਡ੍ਰਿੰਕ ਹੁੰਦੇ ਹਨ ਤਾਂ ਪੀਣ ਦੀ ਰਫ਼ਤਾਰ ਤੇ ਆਕਾਰ ਦਾ ਕੀ ਅਸਰ ਹੋ ਸਕਦਾ ਹੈ। ਪਰ ਡਾ. ਅਡਵੁਡ ਕਹਿੰਦੀ ਹੈ ਕਿ ਪਬ ਵਿੱਚ ਗਲਾਸਾਂ ਦੇ ਆਕਾਰ ਵਿੱਚ ਬਦਲਾਅ ਕਰਕੇ ਲੋਕਾਂ ਦੇ ਪੀਣ ਦੀਆਂ ਆਦਤਾਂ ਵਿੱਚ ਬਦਲਾਅ ਕੀਤੇ ਜਾ ਸਕਦੇ ਹਨ।

## * ਕੰਪਿਊਟਰ-ਮੋਬਾਇਲ ਹੈਕਿੰਗ ਤੋਂ ਮਿਲ ਸਕਦਾ ਹੈ ਛੁਟਕਾਰਾ

ਵਿਗਿਆਨੀਆਂ ਦੀ ਇੱਕ ਟੀਮ ਨੇ ਇੱਕ ਅਜਿਹੇ ਸਿਲਿਕਾਨ ਚਿਪ ਦਾ ਵਿਕਾਸ ਕੀਤਾ ਹੈ ਜਿਸ ਨਾਲ ਦਸ ਸਾਲ ਦੇ ਅੰਦਰ ਵੱਡੇ ਪੈਮਾਨੇ 'ਤੇ ਕਵਾਂਟਮ ਕੰਪਿਊਟਰ ਬਣ ਸਕਣਗੇ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਨਾਲ ਮੋਬਾਇਲ ਫੋਨ ਅਤੇ ਨਿਜੀ ਕੰਪਿਊਟਰਾਂ ਵਿੱਚ ਉਪਲੱਬਧ ਸਮੱਗਰੀਆਂ ਨੂੰ ਹੈਕ ਨਹੀਂ ਕੀਤਾ ਜਾ ਸਕੇਗਾ। ਸਕਾਟਲੈਂਡ ਦੇ ਐਬਰਡੀਨ ਸ਼ਹਿਰ ਵਿੱਚ ਇੱਕ ਵੱਡੇ ਵਿਗਿਆਨ ਸਮਾਰੋਹ ਸ਼ੁਰੂ ਹੋਣ ਤੋਂ ਪਹਿਲਾਂ ਇਹ ਘੋਸ਼ਣਾ ਕੀਤੀ ਗਈ। ਕਵਾਂਟਮ ਕੰਪਿਊਟਰ ਨੂੰ ਬਣਾਉਣ ਦੀ ਪ੍ਰਕ੍ਰਿਆ ਅਜੇ ਅਰੰਭਿਕ ਦੌਰ ਵਿੱਚ ਹੈ ਪਰ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਬੇਹੱਦ ਪੇਚੀਦਾ (ਮੁਸ਼ਕਲ) ਸਮੱਸਿਆਵਾਂ ਦਾ ਵੀ ਹੱਲ ਕੱਢਿਆ ਜਾ ਸਕੇਗਾ ਅਤੇ ਉਹ ਵੀ ਮੌਜੂਦਾ ਕੰਪਿਊਟਰਾਂ ਤੋਂ ਕਿਤੇ ਜ਼ਿਆਦਾ ਤੇਜ਼ ਗਤੀ ਨਾਲ।

**ਸੋਧ** : ਚਿਪ ਬਣਾਉਣ ਵਾਲੀ ਟੀਮ ਵਿੱਚ ਬ੍ਰਿਟੇਨ ਦੇ ਸ਼ਹਿਰ ਬ੍ਰਿਸਟਲ ਦੇ ਇਲਾਵਾ ਹੈਰਿਅਟ-ਵਾਟ ਯੂਨੀਵਰਸਿਟੀ ਦੇ ਵਿਗਿਆਨੀ ਵੀ ਸ਼ਾਮਿਲ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਨੇ ਜੋ ਸਿਲਿਕਾਨ ਚਿਪ ਬਣਾਈ ਹੈ, ਉਸ ਨਾਲ ਕਵਾਂਟਮ ਚਿਪ ਦਾ ਵੱਡੇ ਪੈਮਾਨੇ 'ਤੇ ਉਤਪਾਦਨ ਦਾ ਰਿਸ਼ਤਾ ਖੁੱਲ੍ਹੇਗਾ। ਪ੍ਰਕ੍ਰਿਆ ਨੂੰ ਸਮਝਾਉਂਦੇ ਹੋਏ ਵਿਗਿਆਨੀਆਂ ਦਾ ਕਹਿਣਾ ਹੈ ਸੀ ਕਿ ਇਲੈਕਟ੍ਰੋਨਾਂ ਦੇ ਬਜਾਏ, ਇਹ ਪ੍ਰਕਾਸ਼ ਦੇ ਇੱਕ ਇੱਕ ਕਣ ਵਿੱਚ ਬਦਲਾਅ ਕਰਦੇ ਹਨ। ਨਿਕਟ ਭਵਿੱਖ ਦੀ ਗੱਲ ਕਰੀਏ ਇਸ ਪ੍ਰਕ੍ਰਿਆ ਜਾਂ ਚਿਪ ਨਾਲ ਮੋਬਾਇਲ ਫ਼ੋਨ ਦੀ ਹੈਕਿੰਗ ਜਾਂ ਕੋਡ ਤੋੜਨਾ ਨਾਮੁਮਕਿਨ ਹੋ ਜਾਵੇਗਾ।






# ਮਾਨਸਿਕ ਸਮਰੱਥਾ ਕਾਮਯਾਬੀ ਵਿੱਚ ਰੋੜਾ ਨਹੀਂ



ਡਾਉਂਸ ਸਿੰਡ੍ਰੋਮ ਨਾਲ ਗ੍ਰਸਿਤ ਹੋਣ ਦੇ ਬਾਵਜੂਦ ਵੀ ਪਾਬਲੋ ਪਿਨੇਦਾ ਨੇ ਇੱਕ ਕਾਮਯਾਬ ਜ਼ਿੰਦਗੀ ਹਾਸਿਲ ਕੀਤੀ ਹੈ। ਨਾਲ ਹੀ ਉਨ੍ਹਾਂ ਨੇ 'ਜੋ ਤੰਬੀਐਨ' (ਮੈਂ ਵੀ) ਫ਼ਿਲਮ ਵਿੱਚ ਅਹਿਮ ਕਿਰਦਾਰ ਵੀ ਨਿਭਾਇਆ ਹੈ। ਇਹ ਫ਼ਿਲਮ ਦੱਸਦੀ ਹੈ ਕਿ ਕਿਵੇਂ ਡਾਉਂਸ ਸਿੰਡ੍ਰੋਮ ਨਾਲ ਗ੍ਰਸਿਤ ਇੱਕ ਸਮਾਜਿਕ ਕੰਮ ਕਰਨ ਵਾਲਾ ਆਪਣੇ ਨਾਲ ਕੰਮ ਕਰਨ ਵਾਲੀ ਇੱਕ ਔਰਤ ਦੇ ਪਿਆਰ ਵਿੱਚ ਪੈ ਜਾਂਦਾ ਹੈ। ਡਾਉਂਸ ਸਿੰਡ੍ਰੋਮ ਗੁਣਸੂਤਰ ਦੋਸ਼ ਦੇ ਕਾਰਨ ਪੈਦਾ ਹੋਣ ਵਾਲੀ ਵਿਕ੍ਰਤੀ ਨੂੰ ਕਹਿੰਦੇ ਹਨ ਜਿਸ ਦੇ ਕਾਰਣ ਵਿਅਕਤੀ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਧੀਮਾ ਹੋ ਜਾਂਦਾ ਹੈ। ਡਾਉਂਸ ਸਿੰਡ੍ਰੋਮ ਨਾਲ ਗ੍ਰਸਿਤ ਲੋਕਾਂ ਦਾ ਬੌਧਿਕ ਸਤਰ ਆਮ ਲੋਕਾਂ ਦੇ ਮੁਕਾਬਲੇ ਅੱਧਾ ਹੁੰਦਾ ਹੈ। ਉਨ੍ਹਾਂ ਦਾ ਚਿਹਰਾ ਅਤੇ ਕਈ ਦੂਸਰੇ ਅੰਗ ਵੀ ਸਮਾਨ ਨਹੀਂ ਦਿਸਦੇ। ਇਸ ਸਿੰਡ੍ਰੋਮ ਨਾਲ ਗ੍ਰਸਿਤ ਜ਼ਿਆਦਾਤਰ ਲੋਕ ਮਾਨਸਿਕ ਰੂਪ ਤੋਂ ਕਮਜ਼ੋਰ ਹੁੰਦੇ ਹਨ। ਪਰ ਪਾਬਲੋ ਨੇ ਆਪਣੀ ਲਗਨ ਅਤੇ ਮੇਹਨਤ ਨਾਲ ਸਭ ਪ੍ਰਕਿਰਿਆਵਾਂ ਨੂੰ ਪਾਰ ਕੀਤਾ ਹੈ। ਜਲਦ ਹੀ ਉਹ ਦੂਸਰੀ ਡਿਗਰੀ ਵੀ ਹਾਸਿਲ ਕਰ ਲੈਣਗੇ। ਪਾਬਲੋ ਸਿਨੇਮਾ ਦੇ ਪਰਦੇ 'ਤੇ ਆਪਣਾ ਕੈਰੀਅਰ ਬਣਾਉਣ ਵਿੱਚ ਤਾਂ ਜੁਟੇ ਹੀ ਹਨ, ਨਾਲ ਹੀ ਉਨ੍ਹਾਂ ਦਾ ਅਗਲਾ ਮਿਸ਼ਨ ਡ੍ਰਾਇਵਿੰਗ ਟੈਸਟ ਪਾਸ ਕਰਨਾ ਹੈ।



**ਚੁਣੌਤੀਆਂ** : ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਮੈਂ ਲਾਇਸੈਂਸ ਹਾਸਿਲ ਕਰਨਾ ਚਾਹੁੰਦਾ ਹਾਂ ਕਿਉਂਕਿ ਮੈਂ ਕਦੇ ਡਾਉਂਸ ਸਿੰਡ੍ਰੋਮ ਤੋਂ ਗ੍ਰਸਿਤ ਵਿਅਕਤੀ ਨੂੰ ਗੱਡੀ ਚਲਾਉਂਦੇ ਨਹੀਂ ਦੇਖਿਆ। ਇਹ ਸੱਚਮੁੱਚ ਇੱਕ ਚੁਣੌਤੀ ਹੈ ਅਤੇ ਆਤਮ-ਨਿਰਭਰਤਾ ਦੀ ਦਿਸ਼ਾ ਵਿੱਚ ਹੋਰ ਇੱਕ ਕਦਮ ਹੈ।" ਪਾਬਲੋ ਇਸ ਗੱਲ ਦੀ ਮਿਸਾਲ ਹੈ ਕਿ ਇਸ ਸਿੰਡ੍ਰੋਮ ਨਾਲ ਗ੍ਰਸਿਤ ਵਿਅਕਤੀ ਕਿਸ ਤਰ੍ਹਾਂ ਸਿੱਖਿਆ ਅਤੇ ਪੇਸ਼ੇਵਰ ਦੁਨੀਆ ਵਿੱਚ ਕਾਮਯਾਬੀ ਹਾਸਲ ਕਰ ਸਕਦਾ ਹੈ। ਇਸ ਨਾਲ ਪਹਿਲੇ ਡਾਉਂਸ ਸਿੰਡ੍ਰੋਮ ਨਾਲ ਗ੍ਰਸਿਤ ਅਮਰੀਕਾ ਦੀ ਕੈਰਨ ਗਾਫਨੇ ਨੇ ਟੀਚਿੰਗ ਡਿਪਲੋਮਾ ਹਾਸਿਲ ਕੀਤਾ ਸੀ ਅਤੇ ਉਹ ਇਸ ਸਿੰਡ੍ਰੋਮ ਨਾਲ ਪੀੜਤ ਪਹਿਲੀ ਔਰਤ ਸੀ ਜਿਸ ਨੇ 14 ਕਿਲੋਮੀਟਰ ਲੰਬੀ ਝੀਲ ਨੂੰ ਤੈਰ ਕੇ ਪਾਰ ਕੀਤਾ। ਉਥੇ ਹੀ ਜਾਪਾਨ ਦੀ ਅਯਾ ਇਵਾਮੋਤੋ ਨੇ ਅੰਗਰੇਜ਼ੀ ਸਾਹਿਤ ਵਿੱਚ ਡਿਗਰੀ ਹਾਸਿਲ ਕੀਤੀ। ਪਾਬਲਾ ਆਪਣੇ ਮਾਤਾ ਪਿਤਾ ਦਾ ਸ਼ੁਕਰੀਆ ਅਦਾ ਕਰਦੇ ਹਨ ਜਿਨ੍ਹਾਂ ਨੇ ਉਨ੍ਹਾਂ ਦਾ ਪਾਲਣ-ਪੋਸ਼ਣ ਬਾਕੀ ਭੈਣ ਭਾਈਆਂ ਦੀ ਤਰ੍ਹਾਂ ਕੀਤਾ। ਉਹ ਦੱਸਦੇ ਹਨ, "ਸਮਾਨ ਬੱਚਿਆਂ ਦੇ ਸਕੂਲ ਵਿੱਚ ਮੇਰਾ ਦਾਖਲਾ ਕਰਾਉਣ ਦੇ ਲਈ ਮੇਰੀ ਮਾਂ ਨੂੰ ਬਹੁਤ ਸੰਘਰਸ਼ ਕਰਨਾ ਪਿਆ। ਜਿੱਥੋਂ ਤੱਕ ਉਸ ਸਕੂਲ ਵਿੱਚ ਅਧਿਆਪਕਾਂ ਦੇ ਵਿੱਚ ਮੇਰੇ ਦਾਖਲੇ ਨੂੰ ਲੈ ਕੇ ਮਤਭੇਦ ਹੋਇਆ। ਮੇਰਾ ਦਾਖਲਾ ਤਾਂ ਹੋ ਗਿਆ, ਪਰ ਮੁਸ਼ਕਿਲ ਉਦੋਂ ਆਈ ਜਦੋਂ ਮੇਰੇ ਦਾਖਲੇ ਦੇ ਖਿਲਾਫ਼ ਮਤ ਦੇਣ ਵਾਲੇ ਅਧਿਆਪਕ ਕਲਾਸ ਵਿੱਚ ਪੜ੍ਹਾਉਣ ਆਉਂਦੇ ਸੀ। ਹਾਲਾਂਕਿ ਬਾਅਦ ਵਿੱਚ ਮੈਂ ਉਨ੍ਹਾਂ ਦਾ ਵੀ ਦਿਲ ਜਿੱਤ ਲਿਆ।" ਵੈਸੇ ਪਾਬਲੋ ਦੇ ਮਾਤਾ ਪਿਤਾ ਨੇ ਕਦੇ ਇਹ ਨਹੀਂ ਸੋਚਿਆ ਸੀ ਕਿ ਉਨ੍ਹਾਂ ਦਾ ਇਹ ਬੱਚਾ ਯੂਨੀਵਰਸਿਟੀ ਤੱਕ ਪਹੁੰਚੇਗਾ ਪਰ ਹਮੇਸ਼ਾ ਉਨ੍ਹਾਂ ਦੀ ਇਹੀ ਕੋਸ਼ਿਸ਼ ਰਹੀ ਕਿ ਉਹ ਸਭ ਲੋਕਾਂ ਦੇ ਸੰਪਰਕ ਵਿੱਚ ਰਹੇ। ਬ੍ਰਿਟੇਨ ਦੇ ਡਾਉਂਸ ਸਿੰਡ੍ਰੋਮ ਸੰਘ ਨੇ ਪਾਬਲੋ ਦੇ ਮਾਮਲੇ ਵਿੱਚ ਅਸਮਾਨ (ਨਾ ਬਰਾਬਰ) ਅਤੇ ਅਪਵਾਦ ਦੱਸਿਆ। ਪਾਬਲੋ ਇਸ ਗੱਲ 'ਤੇ ਕਾਫ਼ੀ ਨਾਰਾਜ਼ਗੀ ਜਤਾਉਂਦੇ ਹਨ। ਉਹ ਕਹਿੰਦੇ ਹਨ, "ਇਹ ਲੋਕ ਅਜਿਹਾ ਹੋਰ ਸੋਧ ਕਰਨ ਤੋਂ ਬਚਣ ਦੇ ਲਈ ਕਹਿ ਰਹੇ ਹਨ। ਉਹ ਇਸ ਤਰ੍ਹਾਂ ਦੇ ਲੋਕਾਂ ਦੀ ਮਦਦ ਕਰਨ ਦੀ ਕੋਸ਼ਿਸ਼ ਨਹੀਂ ਕਰਨਾ ਚਾਹੁੰਦੇ।" ਪਾਬਲੋ ਦਾ ਕਹਿਣਾ ਹੈ ਕਿ ਆਖਿਰਕਾਰ ਡਾਉਂਸ ਸਿੰਡ੍ਰੋਮ ਤੋਂ ਪੀੜਤ ਬੱਚਿਆਂ ਦੇ ਮਾਤਾ ਪਿਤਾ ਨੂੰ ਹੀ ਉਨ੍ਹਾਂ ਦੀ ਜ਼ਿੰਦਗੀ ਆਸਾਨ ਬਣਾਉਣੀ ਹੋਵੇਗੀ, ਉਨ੍ਹਾਂ ਨੂੰ ਪੜ੍ਹਾਉਣਾ ਹੋਵੇਗਾ, ਉਤਸ਼ਾਹਿਤ ਕਰਨਾ ਹੋਵੇਗਾ, ਇਸ ਦੇ ਬਾਅਦ ਉਹ ਚਾਹੇ ਜੋ ਕਰਨ। ਆਪਣੀ ਮਿਸਾਲ ਦਿੰਦੇ ਹੋਏ ਪਾਬਲੋ ਕਹਿੰਦੇ ਹਨ, "ਮੈਂ ਆਪਣਾ ਕੈਰੀਅਰ ਬਣਾਇਆ, ਇੱਕ ਫ਼ਿਲਮ ਵੀ ਬਣਾਈ। ਅਹਿਮ ਗੱਲ ਇਹ ਮਹਿਸੂਸ ਕਰਨਾ ਹੈ ਕਿ ਤੁਸੀਂ ਕੁਝ ਕਰ ਸਕਦੇ ਹੋ।" ਬੇਸ਼ੱਕ ਪਾਬਲੋ ਨੂੰ ਯੂਰੋਪ ਦਾ ਅਜਿਹਾ ਪਹਿਲਾ ਵਿਅਕਤੀ ਹੋਣ 'ਤੇ ਗਰਵ ਹੈ ਜਿਸਨੇ ਡਾਉਂਸ ਸਿੰਡ੍ਰੋਮ ਨਾਲ ਗ੍ਰਸਿਤ ਹੋਣ ਦੇ ਬਾਵਜੂਦ ਯੂਨੀਵਰਸਿਟੀ ਡਿਗਰੀ ਹਾਸਿਲ ਕੀਤੀ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਸਮਾਜ ਵਿੱਚ ਆਪਣੀ ਜਗ੍ਹਾ ਬਣਾਉਣ ਦੇ ਲਈ ਲੜਨਾ ਪੈਂਦਾ ਹੈ। ਉਹ ਦੱਸਦੇ ਹਨ, "ਮੈਂ ਖੁਦ ਨੂੰ 'ਸਮਾਨ' ਦੁਨੀਆ ਵਿੱਚ ਸੁੱਟ ਦਿੱਤਾ ਹੈ ਜਦੋਂਕਿ ਇਸ ਸਿੰਡ੍ਰੋਮ ਨਾਲ ਗ੍ਰਸਿਤ ਦੂਸਰੇ ਲੋਕਾਂ ਨੇ ਆਪਣੇ ਸੰਘ ਅਤੇ ਸੁਸਾਇਟੀ ਬਣਾ ਰੱਖੀ ਹੈ ਅਤੇ ਆਪਣੀ ਛੋਟੀ ਜਹੀ ਦੁਨੀਆਂ ਵਿੱਚ ਰਹਿੰਦੇ ਹਨ।" ਪਾਬਲੋ ਅੱਗੇ ਦੱਸਦੇ ਹਨ, "ਮੈਂ ਇਹ ਨਹੀਂ ਕਹੂੰਗਾ ਕਿ ਖੁਦ ਨੂੰ ਅਲੱਗ-ਥਲੱਗ ਮਹਿਸੂਸ ਕਰਦਾ ਹਾਂ, ਪਰ ਹਾਂ ਐਨਾ ਜ਼ਰੂਰ ਹੈ ਕਿ ਡਾਉਂਸ ਸਿੰਡ੍ਰੋਮ ਦੀ ਪਹਿਚਾਣ ਦੇ ਨਾਲ ਸਮਾਨ ਸਮਾਜ ਵਿੱਚ ਜੂਝਣਾ ਪੈਂਦਾ ਹੈ।"

**ਭੇਦਭਾਵ** : ਉਹ ਦੱਸਦੇ ਹਨ ਕਿ ਕਿਸ ਤਰ੍ਹਾਂ ਕਈ ਵਾਰ ਉਨ੍ਹਾਂ ਨੂੰ ਭੇਦਭਾਵ ਝੱਲਣਾ ਪੈਂਦਾ ਹੈ। ਉਨ੍ਹਾਂ ਦੇ ਮੁਤਾਬਿਕ, "ਜੇਕਰ ਮੈਂ ਬਾਰ ਵਿੱਚ ਪੀਣ ਜਾਂਦਾ ਹਾਂ (ਪਰ ਹੁਣ ਘੱਟ ਹੀ ਜਾਣਾ ਹੁੰਦਾ ਹੈ) ਤਾਂ ਲੋਕ ਪੁੱਛਣ ਲੱਗ ਜਾਂਦੇ ਹਨ ਕਿ ਇਹ ਲੜਕਾ ਇਕੱਲਾ ਆਇਆ ਹੈ ਜਾਂ ਕਿਸੇ ਦੇ ਨਾਲ ਹੈ। ਇਸ ਦੇ ਇਲਾਵਾ ਸੜਕ 'ਤੇ ਲੋਕ ਦੇਖਦੇ ਹਨ ਤਾਂ ਮੇਰੀ ਬਾਂਹ ਫੜ ਕੇ ਸੜਕ ਪਾਰ ਕਰਾਉਣ ਲੱਗ ਜਾਂਦੇ ਹਨ ਜਾਂ ਫਿਰ ਜਦ ਵੋਟ ਦੇਣ ਜਾਂਦਾ ਹਾਂ ਤਾਂ ਲੋਕ ਪੁੱਛਦੇ ਹਨ ਕਿ ਕੀ ਇਹ ਬੱਚਾ ਵੋਟ ਪਾਏਗਾ।" ਅਜੇ ਪਾਬਲੋ ਆਪਣੀ ਮਾਂ ਦੇ ਨਾਲ ਰਹਿੰਦੇ ਹਨ। ਉਨ੍ਹਾ ਦੇ ਬਾਕੀ ਭੈਣ ਭਾਈਆਂ ਦਾ ਵਿਆਹ ਹੋ ਗਿਆ ਜੋ ਅਲੱਗ ਰਹਿੰਦੇ ਹਨ। ਪਾਬਲੋ ਅਕੇਡੋ ਫਾਉਂਡੇਸ਼ਨ ਦੇ ਨਾਲ ਮਿਲ ਕੇ ਕੋਸ਼ਿਸ਼ ਕਰ ਰਹੇ ਹਨ ਕਿ ਲੋਕ ਵਿਕਲਾਂਗਤਾ ਨੂੰ ਇੱਕ ਅਵਸਰ ਦੇ ਤੌਰ 'ਤੇ ਦੇਖਣ। ਉਹ ਦੱਸਦੇ ਹਨ, "ਮੈਂ ਨੌਕਰੀ ਦੇਣ ਵਾਲੀਆਂ ਕੰਪਨੀਆਂ ਨੂੰ ਅਕਸਰ ਕਹਿੰਦਾ ਹਾਂ ਕਿ ਪੀੜਤ ਲੋਕ ਵੀ ਬਹੁਤ ਕੁੱਝ ਕਰ ਸਕਦੇ ਹਨ ਸਾਡੇ ਅੰਦਰ ਬਹੁਤ ਪ੍ਰਤਿਭਾ ਹੈ ਜਿਸਦਾ ਉਪਯੋਗ ਕੀਤਾ ਜਾਣਾ ਚਾਹੀਦਾ ਹੈ।" ਉਹ ਦੱਸਦੇ ਹਨ, "ਸਾਨੂੰ ਇਸ ਗੱਲ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿ ਕਿਸੇ ਤੋਂ ਭਿੰਨ ਹੋਣਾ ਇੱਕ ਵਿਸ਼ੇਸ਼ਤਾ ਹੈ, ਨਾ ਕਿ ਸਮੱਸਿਆ, ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਨੂੰ ਬਦਲਣਾ ਹੋਵੇਗਾ।" ਪਰ ਪਾਬਲੋ ਦਾ ਕਹਿਣਾ ਹੈ ਕਿ ਵਿਆਪਕ ਬਦਲਾਅ ਦੇ ਲਈ ਸਿਸਟਮ ਨੂੰ ਬਦਲਣ ਦੀ ਜ਼ਰੂਰਤ ਹੈ। ਉਨ੍ਹਾਂ ਦੇ ਮੁਤਾਬਿਕ ਸਭ ਤੋਂ ਪਹਿਲਾ ਸਿੱਖਿਆ ਪ੍ਰਣਾਲੀ ਕੁਝ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਦੇ ਲਈ ਸਭ ਨੂੰ ਜਗ੍ਹਾ ਹੋਵੇ।



## * ਹਾਂਗ ਕਾਂਗ ਦੇ ਬੁੱਢੇ ਹੋਏ ਜਵਾਨ

ਬੁੱਢਾ ਹੋਵੇਗਾ ਤੇਰਾ ਪਿਓ, ਇਹ ਇੱਕ ਫ਼ਿਲਮ ਦਾ ਨਾਂ ਹੈ ਜਿਸ ਵਿੱਚ ਅਮਿਤਾਭ ਬਚਨ ਨੇ ਉਸ ਬੁੱਢੇ ਦਾ ਕਿਰਦਾਰ ਨਿਭਾਇਆ ਹੈ, ਜੋ ਆਪਣੇ ਸਟਾਇਲ ਅਤੇ ਜਿੰਦਾਦਿਲੀ ਦੇ ਜਵਾਨਾਂ ਨੂੰ ਵੀ ਮਾਤ ਪਾ ਦਿੰਦਾ ਹੈ। ਹਾਂਗ ਕਾਂਗ ਦੇ ਬੁੱਢਿਆਂ ਦਾ ਵੀ ਏਹੀ ਹਾਲ ਹੈ। ਹੁਣ ਉਹ ਬੁੱਢੇ ਤਾਂ ਹੁੰਦੇ ਹਨ ਪਰ ਰਿਟਾਇਰ ਨਹੀਂ। ਪਹਿਲਾ ਕਿਹਾ ਜਾਂਦਾ ਸੀ ਕਿ ਜਾਪਾਨ ਦੇ ਲੋਕਾਂ ਦੀ ਉਮਰ ਸਭ ਤੋਂ ਜ਼ਿਆਦਾ ਹੁੰਦੀ ਹੈ। ਪਰ ਹੁਣ ਹਾਂਗ ਕਾਂਗ ਦੇ ਲੋਕਾਂ ਦਾ ਨਾਮ ਉਪਰ ਆ ਗਿਆ ਹੈ। ਧੂੰਧ ਅਤੇ ਸੰਕਰੇ ਅਪਾਰਟਮੈਂਟ ਵਾਲੇ ਹਾਂਗ ਕਾਂਗ ਦੀ ਪਹਿਚਾਣ ਸਿਹਤਮੰਦ ਜੀਵਨਸ਼ੈਲੀ ਵਾਲੇ ਸ਼ਹਿਰਾਂ ਦੇ ਰੂਪ ਵਿੱਚ ਨਹੀਂ ਹੁੰਦੀ। ਪਰ ਏਥੋਂ ਦੇ ਲੋਕਾਂ ਦੀ ਉਮਰ ਕਾਫ਼ੀ ਲੰਬੀ ਹੁੰਦੀ ਹੈ। ਹਾਲ ਹੀ ਵਿੱਚ ਸਾਹਮਣੇ ਆਏ ਅੰਕੜੇ ਦੱਸਦੇ ਹਨ ਕਿ ਹਾਂਗ ਕਾਂਗ ਦੇ ਲੋਕਾਂ ਦੀ ਔਸਤ ਉਮਰ ਪਹਿਲਾ ਦੇ ਮੁਕਾਬਲੇ ਵਧੀ ਹੈ। ਸਾਲ 2010 ਵਿੱਚ ਇੱਥੇ ਔਸਤ ਉਮਰ 86 ਸਾਲ ਸੀ, ਜੋ 2011 ਵਿੱਚ ਵੱਧਕੇ 86.7 ਸਾਲ ਤੱਕ ਪਹੁੰਚ ਗਈ। ਇਸਦੇ ਉਲਟ ਜਾਪਾਨ ਦੀਆਂ ਔਰਤਾਂ ਦੀ ਉਮਰ ਵਿੱਚ 2011 ਦੀ ਸੁਨਾਮੀ ਦੇ ਬਾਅਦ ਗਿਰਾਵਟ ਦਰਜ ਕੀਤੀ ਗਈ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਹਾਂਗ ਕਾਂਗ ਦੇ ਲੋਕਾਂ ਦੀ ਜੀਵਨ ਉਮਰ ਵੱਧਣ ਦੇ ਕਈ ਕਾਰਨ ਜ਼ਿੰਮੇਵਾਰ ਹਨ। ਆਧੁਨਿਕ ਸਿਹਤ ਸੇਵਾਵਾਂ ਦਾ ਵਿਸਥਾਰ, ਪਾਰੰਪਰਿਕ ਭੋਜਨ ਅਤੇ ਖੇਡ ਕੁੱਦ ਇਸਦੇ ਲਈ ਜ਼ਿੰਮੇਵਾਰ ਹਨ। ਛੇ ਬੱਚਿਆਂ ਦੀ ਦਾਦੀ ਮਾਂ ਮਾਕ ਯਿਨ ਕਹਿੰਦੀ ਹੈ, "ਮੈਂ ਘੁੰਮਣਾ ਪਸੰਦ ਕਰਦੀ ਹਾਂ। ਮੈਨੂੰ ਨਵੀਆਂ ਥਾਵਾਂ ਦੇਖਣਾ ਬਹੁਤ ਪਸੰਦ ਹੈ। ਮੈਂ ਆਪਣੇ ਦੋਸਤਾਂ ਨਾਲ ਰੋਜ਼ ਚਾਹ 'ਤੇ ਮਿਲਦੀ ਹਾਂ। ਮੇਰੀ ਜ਼ਿਆਦਾਤਰ ਦੋਸਤ 60 ਸਾਲ ਦੀਆਂ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਮੈਂ ਉਨ੍ਹਾਂ ਦੀ ਹੀ ਉਮਰ ਦੀ ਹਾਂ ਜਦੋਂ ਸੱਚਾਈ ਇਹ ਹੈ ਕਿ ਮੈਂ ਉਨ੍ਹਾਂ ਤੋਂ ਜ਼ਿਆਦਾ ਵੱਡੀ ਹਾਂ।" ਉੱਬਲੀਆਂ ਹੋਈਆਂ ਸਬਜ਼ੀਆਂ, ਚੌਲ ਅਤੇ ਫਲ ਮਾਕ ਦੇ ਪਸੰਦੀਦਾ ਭੋਜਨ ਹਨ। ਵੈਸੇ ਵੀ ਚੀਨੀ ਭੋਜਨ ਉਬਲੀਆਂ ਹੋਈਆਂ ਮੱਛੀਆਂ ਅਤੇ ਸਬਜ਼ੀਆਂ ਦੇ ਲਈ ਪ੍ਰਸਿੱਧ ਹੈ। ਹਾਂਗ ਕਾਂਗ ਦੇ ਜ਼ਿਆਦਾਤਰ ਲੋਕ ਮਾਕ ਦੀ ਹੀ ਤਰ੍ਹਾਂ ਜੀਵਨ ਬਤੀਤ ਕਰਦੇ ਹਨ। ਮਾਕ ਦੁਪਹਿਰ ਦੇ ਬਾਅਦ ਦੀ ਚਾਹ ਤੋਂ ਪਹਿਲਾ ਸਵੇਰੇ ਆਪਣੇ ਦੋਸਤਾਂ ਦੇ ਨਾਲ ਮਿਲਕੇ ਇੱਕ ਪੁਰਾਣੀ ਚੀਨੀ ਖੇਡ ਖੇਡਦੀ ਹੈ। ਜਿਸ ਨਾਲ ਉਨ੍ਹਾਂ ਦੇ ਸਰੀਰ ਦਾ ਸੰਤੁਲਨ ਅਤੇ ਸਰੀਰ ਦੀਆਂ ਧਮਨੀਆਂ ਸਿਹਤਮੰਦ ਰਹਿੰਦੀਆਂ ਹਨ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਹਾਂਗ ਕਾਂਗ ਦੇ ਲੋਕਾਂ ਦੀ ਜੀਵਨ ਉਮਰ ਵੱਧਣ ਦਾ ਦੂਸਰਾ ਕਾਰਣ ਕੰਮ ਵਿੱਚ ਰੁਝੇ ਰਹਿਣਾ ਹੈ। ਹਾਂਗ ਕਾਂਗ ਦੇ ਲੋਕ 70 ਅਤੇ 80 ਸਾਲ ਦੇ ਹੋਣ ਦੇ ਬਾਅਦ ਵੀ ਨੌਜਵਾਨਾਂ ਦੇ ਨਾਲ ਕੰਮ ਕਰਦੇ ਦੇਖੇ ਜਾ ਸਕਦੇ ਹਨ। ਇਸ ਨਾਲ ਉਨ੍ਹਾਂ ਨੂੰ ਖਾਲੀਪਨ ਦਾ ਅਹਿਸਾਸ ਨਹੀਂ ਹੁੰਦਾ। ਹਾਂਗ ਕਾਂਗ ਵਿੱਚ ਵੱਧਦੀ ਉਮਰ ਦਾ ਅਧਿਐਨ ਕਰਨ ਵਾਲੇ ਕਹਿੰਦੇ ਹਨ, "ਸਾਡੇ ਸ਼ਹਿਰ ਵਿੱਚ ਕਈ ਲੋਕ ਕੰਮ ਕਰਦੇ ਰਹਿੰਦੇ ਹਨ। ਉਸ ਨਾਲ ਉਨ੍ਹਾਂ ਦਾ ਮਾਨਸਿਕ ਵਿਕਾਸ ਠੀਕ ਹੁੰਦਾ ਰਹਿੰਦਾ ਹੈ ਅਤੇ ਉਹ ਖੁਦ ਨੂੰ ਸਮਾਜ ਨਾਲੋਂ ਅਲੱਗ ਮਹਿਸੂਸ ਨਹੀਂ ਕਰਦੇ। ਜ਼ਿਆਦਾਤਰ ਬੁੱਢੇ ਇਸ ਲਈ ਤਨਾਅ ਮਹਿਸੂਸ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਕੋਲ ਕੰਮ ਨਹੀਂ ਹੁੰਦਾ।" 67 ਸਾਲ ਦੇ ਹੋ ਚੁੱਕੇ ਲੀ ਵੂ ਹਿੰਗ ਵੈਸੇ ਤਾਂ ਮੱਛੀ ਫੜਨ ਦਾ ਕੰਮ ਕਰਦੇ ਹਨ ਪਰ ਕਹਿੰਦੇ ਹਨ, "ਮੈਂ ਘਰ ਵਿੱਚ ਬਿਨ੍ਹਾਂ ਕੰਮ ਦੇ ਨਹੀਂ ਬੈਠ ਸਕਦਾ। ਮੇਰੀ ਪ੍ਰੇਰਣਾ ਏਸ਼ੀਆ ਦੇ ਸਭ ਤੋਂ ਵੱਡੇ ਵਪਾਰੀ ਲੀ ਕਾ ਸ਼ਿੰਗ ਹੈ। ਜੇਕਰ 84 ਸਾਲ ਦੀ ਉਮਰ ਵਿੱਚ ਮੈਂ ਇਹ ਕੰਮ ਕਰ ਸਕਦਾ ਹਾਂ ਤਾਂ ਫਿਰ ਮੈਂ ਕਿਉਂ ਰਿਟਾਇਰਮੈਂਟ ਲਵਾਂ।"

## * ਜੈਨੇਟਿਕ ਮੈਪਿੰਗ ਤੋਂ ਪਤਾ ਲਗਾਓ ਮਰਜ (ਰੋਗ) ਦਾ ਰਾਜ

ਸਾਫ਼ਟਵੇਅਰ ਪ੍ਰੋਫੈਸ਼ਨਲ ਦੀਪਾ (ਪਰਿਵਰਤਿਤ ਨਾਮ) ਕੈਰੀਅਰ ਦੀ ਜਦੋਜਹਿਦ ਅਤੇ ਆਪਣੇ ਛੋਟੇ ਬੱਚੇ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਦੇ ਵਿੱਚ ਆਪਣੀ ਸਿਹਤ 'ਤੇ ਬਹੁਤ ਘੱਟ ਧਿਆਨ ਦੇ ਪਾਉਂਦੀ ਸੀ। ਇੱਕ ਦਿਨ ਦਫ਼ਤਰ ਵਿੱਚ ਇੱਕ ਸਹਿਯੋਗੀ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਦੇ ਬਾਅਦ ਦੀਪਾ ਦੀਆਂ ਅੱਖਾਂ ਖੁੱਲ੍ਹ ਗਈਆਂ। ਉਸ ਨੇ ਤੈਅ ਕੀਤਾ ਕਿ ਉਹ ਇਸ ਗੱਲ ਦਾ ਪਤਾ ਲਗਾਏਗੀ ਕਿ ਉਸ ਦੇ ਨਾਲ ਅਜਿਹਾ ਹਾਦਸਾ ਹੋਣ ਵਿੱਚ ਕਿੰਨੇ ਚਾਂਸੇਜ ਹਨ। ਦੀਪਾ ਦਾ ਕਹਿਣਾ ਹੈ ਕਿ, "ਮੈਂ ਹਰ ਦਿਨ ਕੰਪਿਊਟਰ 'ਤੇ 8-10 ਘੰਟੇ ਕੰਮ ਕਰਦੀ ਹਾਂ। ਮੈਨੂੰ ਅਹਿਸਾਸ ਹੋਇਆ ਕਿ ਸਿਹਤ ਦੀ ਦੇਖਭਾਲ ਬਹੁਤ ਜ਼ਰੂਰੀ ਹੈ।" ਸਟਾਰਟ ਅਪ ਕੰਪਨੀ ਐਕਸਕੋਡ ਸਲਾਇਵ ਦਾ ਟੈਸਟ ਕਰਕੇ ਇਹ ਪਤਾ ਲਗਾਉਂਦੀ ਹੈ ਕਿ ਕਿਸੇ ਵਿਅਕਤੀ ਨੂੰ ਅੱਗੇ ਕਿਹੜੀ ਬਿਮਾਰੀ ਹੋਣ ਦਾ ਖਤਰਾ ਹੈ। ਦੀਪਾ ਦੇ ਸਲਾਇਵ ਟੈਸਟ ਦੇ ਬਾਅਦ ਉਨ੍ਹਾਂ ਨੂੰ ਕਸਟਮਾਇਜਡ ਕਸਰਤ ਦੱਸਿਆ ਗਿਆ ਅਤੇ ਉਨ੍ਹਾਂ ਨੂੰ ਜੈਨੇਟਿਕ ਟਾਇਪ ਦੇ ਅਨੁਕੂਲ ਭੋਜਨ ਖਾਣ ਨੂੰ ਕਿਹਾ ਗਿਆ। ਠੀਕ ਇਸੀ ਤਰ੍ਹਾਂ ਦਾ ਇੱਕ ਕਸਟਮਾਇਜਡ ਸਾਲਯੂਸ਼ਨ 34 ਸਾਲ ਦੇ ਮਾਰਕੇਟਿੰਗ ਕੰਸਲਟੈਂਟ ਆਰਯਨ ਨੂੰ ਵੀ ਦੱਸਿਆ ਗਿਆ। ਆਰਯਨ ਵੀ ਕੰਮ ਦੇ ਬੋਝ, ਲਗਾਤਾਰ ਟ੍ਰੈਵਲ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਸੁਰੱਖਿਆ ਚਾਹੁੰਦੇ ਸੀ। ਆਰਯਨ ਨੂੰ ਇਸਦੀ ਜ਼ਰੂਰਤ ਉਸ ਸਮੇਂ ਮਹਿਸੂਸ ਹੋਈ ਜਦੋਂ ਉਨ੍ਹਾਂ ਦੇ ਪਿਤਾ ਨੂੰ ਸਟ੍ਰੋਕ ਲੱਗਾ। ਆਰਯਨ ਨੇ ਆਪਣੀ ਨਾ ਸਿਹਤਮੰਦ ਲਾਈਫ ਸਟਾਇਲ 'ਤੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਦੀਪਾ ਅਤੇ ਆਰਯਨ ਦੋਨੋਂ ਉਸ ਛੋਟੇ ਪਰ ਲਗਾਤਾਰ ਵੱਧਦੇ ਭਾਰਤੀਆ ਗਰੁੱਪ ਦਾ ਹਿੱਸਾ ਹਨ ਜੋ ਜੇਨੈਟਿਕ ਮੈਕਅਪ ਮੈਪਿੰਗ ਕਰਵਾ ਰਿਹਾ ਹੈ। ਇੱਕ ਸਾਧਾਰਣ ਟੈਸਟ ਨਾਲ ਇਸ ਵਿੱਚ ਇਹ ਪਤਾ ਲੱਗ ਜਾਂਦਾ ਹੈ ਕਿ ਤੁਹਾਨੂੰ ਅੱਗੇ ਕਿਹੜੀ ਬਿਮਾਰੀ ਹੋ ਸਕਦੀ ਹੈ। ਇਸ 'ਤੇ 10,000 ਰੁਪਏ ਤੋਂ ਵੀ ਘੱਟ ਖਰਚ ਆਉਂਦਾ ਹੈ।

ਲੋਕ ਸ਼ੂਗਰ, ਮੋਟਾਪੇ ਜਾਂ ਦਿਲ ਦੀਆਂ ਬਿਮਾਰੀਆਂ ਦੇ ਚੰਗੁਲ ਵਿੱਚ ਫਸਣ ਦੇ ਡਰ ਤੋਂ ਜੈਨੇਟਿਕ ਮੈਪਿੰਗ ਕਰਵਾ ਰਹੇ ਹਨ। ਐਕਸਕੋਡ ਲਾਇਫ ਸਾਇੰਸੇਜ ਦੇ ਕੋ-ਫਾਉਂਡਰ ਸਲੀਮ ਮੁਹੰਮਦ ਨੇ ਕਿਹਾ, "ਭਵਿੱਖ ਵਿੱਚ ਟੈਕਨੋਲੌਜੀ ਇੱਥੋਂ ਤੱਕ ਪਤਾ ਲਗਾ ਸਕਦੀ ਹੈ ਕਿ ਕਿਸੇ ਵਿਅਕਤੀ ਦੇ ਵਿਸ਼ੇਸ਼ ਲੱਛਣ ਜਿਵੇਂ ਕਿ ਕਿਸੇ ਖਾਸ ਬ੍ਰਾਂਡ ਦੇ ਪ੍ਰਤੀ ਉਸ ਦਾ ਬਹੁਤ ਜ਼ਿਆਦਾ ਲਗਾਵ ਜਾਂ ਖਿੱਚ ਦੇ ਬਾਰੇ ਵੀ ਪਤਾ ਲਗਾ ਸਕਦੀ ਹੈ।" ਐਕਸਕੋਡ ਦੀ ਸੰਥਾਪਨਾ 2010 ਵਿੱਚ ਹੋਈ ਸੀ। ਮੁਹੰਮਦ ਨੇ ਯੂਨੀਵਰਸਿਟੀ ਆਫ਼ ਨੈਬਾਸਰਕਾ-ਲਿਨਕੋਨ ਵਿੱਚ ਟ੍ਰੇਨਿੰਗ ਲਈ ਹੈ। ਟ੍ਰੇਨਿੰਗ ਦੇ ਬਾਅਦ ਜਦੋਂ ਇਹ ਭਾਰਤ ਵਾਪਸ ਆਏ ਤਾਂ ਉਨ੍ਹਾਂ ਨੂੰ ਪਤਾ ਚੱਲਿਆ ਕਿ ਉਨ੍ਹਾਂ ਦੀ ਮਾਂ ਨੂੰ ਸ਼ੂਗਰ ਹੈ। ਉਸ ਸਮੇਂ ਉਹ ਮੁਹੰਮਦ ਐਮਐਨਸੀ ਕੰਪਨੀ ਮੋਨਸੈਂਟੋ ਵਿੱਚ ਕੰਮ ਕਰਦੇ ਸੀ। ਪਰ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਜੇ ਉਨ੍ਹਾਂ ਦੀ ਮਾਂ ਦੀ ਬਿਮਾਰੀ ਦਾ ਪਤਾ ਉਸ ਨੂੰ ਪਹਿਲਾ ਚੱਲ ਜਾਂਦਾ ਤਾਂ ਉਸਦਾ ਬੇਹਤਰ ਢੰਗ ਨਾਲ ਇਲਾਜ ਹੋ ਸਕਦਾ ਸੀ ਇਸ ਲਈ ਉਨ੍ਹਾਂ ਨੇ ਆਪਣੀ ਨੌਕਰੀ ਛੱਡਕੇ ਐਕਸਕੋਡ ਦੀ ਸਥਾਪਨਾ ਕੀਤੀ।

## ਪੁਸਤਕ ਰਵਿਊ

# ਫ਼ਾਰਮੂਲਿਆਂ ਦਾ ਭੰਡਾਰ-ਮੈਥ ਮੀਜ਼ਾਈਲਜ਼




ਕਦੇ ਸਮਾਂ ਹੁੰਦਾ ਸੀ ਕਿ ਰਾਤਾਂ ਨੂੰ ਖੁੱਲ੍ਹੇ ਅਸਮਾਨ ਵਿੱਚੋਂ ਤਾਰਿਆਂ ਦੀ ਆ ਰਹੀ ਮਿੰਨੀ-ਮਿੰਨੀ ਲੋਅ ਹੇਠਾਂ ਸਮਝਦਾਰ ਪਰਿਵਾਰਾਂ ਦੇ 'ਸਿਆਣੇ ਬਜ਼ੁਰਗ' ਅਤੇ ਛੋਟੇ-ਵੱਡੇ ਭੈਣ ਭਰਾ ਬੁਝਾਰਤਾਂ ਦੇ ਰੂਪ 'ਚ ਇੱਕ ਦੂਜੇ ਨੂੰ ਗਣਿਤ ਦੇ ਪ੍ਰਸ਼ਨ ਪੁੱਛ ਕੇ ਉਨ੍ਹਾਂ ਦਾ ਦਿਮਾਗ ਤੀਬਰ ਕਰਨ ਦੀ ਕੋਸ਼ਿਸ਼ ਕਰਦੇ ਸਨ। ਅਜਿਹੇ ਪ੍ਰਸ਼ਨ ਆਮ ਤੌਰ 'ਤੇ ਪ੍ਰਸ਼ਨ ਸਮਝਣ ਦੀ ਫ਼ੁਰਤੀ ਅਤੇ 'ਸ਼ਾਰਟ ਕੱਟ' ਸਿਧਾਂਤ ਅਤੇ ਫਾਰਮੂਲਿਆਂ ਰਾਹੀਂ ਹੱਲ ਕੀਤੇ ਜਾਂਦੇ ਸਨ। ਅੱਜ ਹਰੇਕ ਮੁਕਾਬਲੇ ਵਿੱਚ ਅਜਿਹੇ ਬੁਝਾਰਤਾਂ ਰੂਪੀ ਪ੍ਰਸ਼ਨਾਂ ਦੀ ਥਾਂ 'ਮਲਟੀਪਲ ਚੁਆਇਸ' ਪ੍ਰਸ਼ਨਾਂ ਨੇ ਲੈ ਲਈ ਹੈ। ਬਦਲ ਰਹੇ ਢਾਂਚੇ ਅਧੀਨ ਵਿਦਿਆਰਥੀਆਂ ਦੇ ਲਾਭ ਹਿਤ ਹੇਮ ਰਾਜ ਗਰਗ/ਟਵਿੰਕਲ ਗਰਗ ਨੇ ਫਾਰਮੂਲਿਆਂ ਦਾ ਭੜੋਲਾ 'ਮੈਥ ਮੀਜ਼ਾਈਲਜ਼' ਬੁੱਕ ਦੇ ਰੂਪ ਵਿੱਚ 'ਗਣਿਤ ਈਅਰ 2012' ਵਿੱਚ ਛਪਵਾਇਆ ਹੈ। ਇਸ ਦੀਆਂ 320 ਮੀਜ਼ਾਈਲਾਂ ਵਿੱਚੋਂ ਜਿਹੜੀ ਕਿਸੇ ਪ੍ਰਸ਼ਨ ਨਾਲ ਮੇਲ ਖਾਵੇਗੀ ਤਾਂ ਉਹ ਬਹੁਤ ਜਲਦੀ ਹੀ ਹੱਲ ਹੋ ਜਾਵੇਗਾ।

ਸਾਲ 1994 ਦਾ ਕੌਮੀ ਅਵਾਰਡ ਮਿਲਣ ਤੋਂ ਕੁਝ ਦਹਾਕੇ ਪਹਿਲਾਂ ਦੀ ਤਰ੍ਹਾਂ ਸ਼੍ਰੀ ਗਰਗ (94172-23670) ਗਣਿਤ ਨੂੰ ਸੁਖਾਲਾ, ਦਿਲਚਸਪ ਅਤੇ ਵਿਦਿਆਰਥੀਆਂ ਦੇ ਲਾਭਵੰਤ ਵਿਸ਼ਾ ਬਣਾਉਣ ਦੀਆਂ ਕੋਸ਼ਿਸ਼ਾਂ ਅਧੀਨ ਗਣਿਤ ਦੀਆਂ ਪੰਜਾਬੀ/ਅੰਗਰੇਜ਼ੀ 'ਚ ਕੁਝ ਪੁਸਤਕਾਂ ਲਿਖ ਚੁੱਕੇ ਹਨ। ਅੱਜ ਦੇ ਮੁਕਾਬਲਿਆਂ ਭਰਪੂਰ ਸਮੇਂ 'ਚ 'ਮੈਥ ਮੀਜ਼ਾਈਲਜ਼' ਗਣਿਤ ਦੇ 27 ਤਰੀਕਿਆਂ ਤੇ ਆਧਾਰਿਤ ਹੈ ਅਤੇ ਹਰੇਕ ਵਿਦਿਆਰਥੀ ਲਈ ਜੋ ਕਿ ਬੈਂਕਿੰਗ, ਐਫ. ਸੀ. ਆਈ., ਐਨ. ਟੀ. ਐਸ. ਈ., ਐਸ. ਐਸ. ਸੀ. ਗਰੈਜੂਏਟ ਲੇਵਲ, ਰੇਲਵੇ ਬੋਰਡ, ਭਿੰਨ-ਭਿੰਨ ਇੰਨਸਪੈਕਟਰਜ਼, ਕੈਟ, ਜੈਟ, ਟੈਟ (ਅਧਿਆਪਕਾਂ ਲਈ) ਅਤੇ ਗਣਿਤ ਨਾਲ ਸੰਬੰਧਤ ਹੋਰ ਅਨੇਕਾਂ ਇਮਤਿਹਾਨਾਂ ਦੀ ਘੱਟ ਸਮੇਂ ਵਿੱਚ ਤਿਆਰੀ/ਦੁਹਰਾਈ ਕਰਨਾ ਚਾਹੁੰਦੇ ਹਨ, ਦੇ ਲਈ ਮੀਲ ਪੱਥਰ ਸਾਬਤ ਹੋਵੇਗੀ। ਹਰੇਕ ਪਾਠ ਦੇ ਸ਼ੁਰੂ ਵਿੱਚ ਫਾਰਮੂਲੇ, ਪ੍ਰਸ਼ਨ, ਉੱਤਰ, ਹੱਲ ਸ਼ਕਲਾਂ ਸਮੇਤ ਦਿੱਤੇ ਹਨ ਅਤੇ ਦੁਹਰਾਈ ਵਾਲੇ ਭਾਗ ਵਿੱਚ ਦੁਹਰਾਈ ਲਈ ਵੱਖਰੇ ਪ੍ਰਸ਼ਨ ਹਨ।

ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਦੁਆਰਾ ਛਾਪੀ ਇਹ ਕਿਤਾਬ ਕਿਸੇ ਇੱਕ ਜਮਾਤ ਜਾਂ ਉਮਰ ਗਰੁੱਪ ਲਈ ਨਹੀਂ। ਇਹ ਤਾਂ ਐਲੀਮੈਂਟਰੀ ਜਮਾਤਾਂ ਤੋਂ ਲੈ ਕੇ ਨੌਕਰੀ/ਦਾਖ਼ਲੇ ਲਈ ਮੁਕਾਬਲਿਆਂ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਦੇ ਅਮੁੱਲ ਖਜ਼ਾਨੇ ਵਿੱਚ ਕਈ ਦਹਾਕਿਆਂ ਤੱਕ ਥਾਂ ਲੱਭੇਗੀ। ਇਹ ਅਚੰਭਾਜਨਕ ਹੀ ਹੈ ਕਿ ਇਸ ਵਿੱਚ ਇੱਕ ਮੀਜ਼ਾਈਲ 'ਏ, ਬੀ, ਸੀ ਮੀਜ਼ਾਈਲ' ਲਗਭਗ 50 ਉਪ ਵਿਸ਼ਿਆਂ ਦੇ ਪ੍ਰਸ਼ਨ ਹੱਲ ਕਰ ਸਕਦੀ ਹੈ। ਇਸੇ ਤਰ੍ਹਾਂ ਕਈ ਹੋਰ ਕਈ ਨਿਰੋਲ ਨਵੇਂ/ਦੁਰਲੱਭ ਫਾਰਮੂਲੇ ਜਿਵੇਂ ਦਸ਼ਮਲਵ ਰਕਮ ਨੂੰ ਭਿੰਨ ਵਿੱਚ ਬਦਲਣਾ, ਦਿੱਤੀ ਰਕਮ ਨੂੰ 37, 101 ਜਾਂ 1001 ਨਾਲ ਵੰਡਣਯੋਗ ਦੇਖਣਾ, ਜਾਦੂ ਦਾ ਵਰਗ ਬਣਾਉਣਾ, ਘੜੀ ਦੀਆਂ ਸੂਈਆਂ ਵਿੱਚ ਕੋਣ ਪਤਾ ਕਰਨਾ, ਮਿਸਰਤ/ਸਾਧਾਰਣ ਵਿਆਜ ਦਾ 3 ਸਾਲ ਲਈ ਅੰਤਰ, ਹੱਲ ਕਰਨ ਨਵੀਂ ਬਰੈਕਟ 'ਸਪੇਸ ਬਰੈਕਟ', ਕਿਹੜੇ ਸਟਾਕ ਵਿੱਚ ਧਨ ਲਾਉਣਾ ਲਾਭਦਾਇਕ ਆਦਿ ਸ਼ਾਮਲ ਹਨ।

ਨਿਸ਼ਚੈ ਹੀ ਜਦੋਂ ਕਿਸੇ ਵਿਦਿਆਰਥੀ ਦੁਆਰਾ ਆਪ ਚੁਣੀ ਮੀਜ਼ਾਇਲ ਪ੍ਰਸ਼ਨ ਦਾ ਤੁਰੰਤ ਠੀਕ ਹੱਲ ਦੇਵੇਗੀ ਤਾਂ ਉਸਦਾ ਗਣਿਤ ਪ੍ਰਤੀ ਡਰ ਅਤੇ ਰੁੱਖਾਪਣ ਦੂਰ ਹੋਵੇਗਾ ਅਤੇ ਉਸਦੀ ਗਣਿਤ ਪ੍ਰਤੀ ਨੇੜਤਾ ਵਧੇਗੀ। ਉਸਦਾ ਆਤਮ ਵਿਸ਼ਵਾਸ ਵਧੇਗਾ ਅਤੇ ਇਸ ਤਰ੍ਹਾਂ ਦੀ ਨਵੀਂ ਤਬਦੀਲੀ ਕਾਰਨ ਉਸਦਾ ਦਿਮਾਗ ਆਪ ਅਜਿਹੇ ਹੋਰ ਫਾਰਮੂਲੇ ਤਿਆਰ ਕਰਨ ਦਾ ਯਤਨ ਕਰੇਗਾ।

ਕੀ 'ਗਣਿਤ ਈਅਰ 2012' ਵਿੱਚ ਅਜਿਹੀਆਂ ਕੋਸ਼ਿਸ਼ਾਂ ਨੂੰ ਉਤਸ਼ਾਹ ਨਹੀਂ ਮਿਲਣਾ ਚਾਹੀਦਾ ?


ਬੱਚਿਆਂ ਦੀ ਮਾਹਿਰ ਡਾਕਟਰ ਹਰਸ਼ਿੰਦਰ ਕੌਰ ਐਮ. ਡੀ. ਦੁਆਰਾ ਲਿਖੀਆਂ ਕਿਤਾਬਾਂ ਹੁਣ ਰਿਆਇਤੀ ਦਰ 'ਤੇ




ਕੁੱਲ ਕੀਮਤ 500/-

ਪੂਰੇ ਸੈੱਟ ਦੀ ਡਿਸਕਾਊਂਟ ਕੀਮਤ 400/-

ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਬਾਬੇ

ਵਿਗਿਆਨ ਸੋਚ ਅਪਣਾਅ ਬੰਦਿਆ,
ਆਪਣਾ ਸੁੱਤਾ ਮਨ ਜਗਾ ਬੰਦਿਆ,
ਇਨ੍ਹਾਂ ਦੇ ਕੁੱਝ ਨਹੀਂ ਪੱਲੇ,
ਜਿਹੜੇ ਦੇਣ ਤਵੀਤ ਤੇ ਧਾਗੇ।
ਬਚਜਾ-ਬਚਜਾ ਤੂੰ ਬੰਦਿਆ,
ਤੈਨੂੰ ਲੁੱਟ ਲੈਣਗੇ ਬਾਬੇ।

ਇਹ ਲੋਕਾਂ ਦੀ ਕਮਾਈ ਖਾਂਦੇ ਨੇ,
ਇਨ੍ਹਾਂ ਦੀਆਂ ਉੱਚੀਆਂ ਸ਼ਾਨਾਂ ਨੇ।
ਇਨ੍ਹਾਂ ਦੇ ਤੱਤਿਆਂ ਚਿਮਟਿਆਂ ਨੇ,
ਲਈਆਂ ਕਈ ਕੀਮਤੀ ਜਾਨਾਂ ਨੇ।
ਮਾੜੇ ਦੇਖ ਇਨ੍ਹਾਂ ਦੇ ਕਾਰਨਾਮੇ,
ਹੁਣ ਕਈ ਲੋਕ ਨੇ ਸੁੱਤੇ ਜਾਗੇ।
ਬਚਜਾ-ਬਚਜਾ.....।

ਇਹ ਖੁਦ ਭੂਤਾਂ ਦੀ ਆਤਮਾ ਨੇ,
ਇਹ ਭੂਤ ਤੇਰੇ ਵਿੱਚ ਦੱਸਦੇ ਨੇ।
ਤੈਨੂੰ ਡਰ ਭੂਤਾਂ ਦਾ ਬੰਦਿਆਂ,
ਫਿਰ ਤੇਰੇ ਉਤੇ ਹੱਸਦੇ ਨੇ।
ਏਥੇ ਬੇਰੁਜ਼ਗਾਰੀ ਦੇ ਮਾਰੇ,
ਹੁਣ ਬਣਗੇ ਸਾਧ ਕਈ ਨਾਗੇ।
ਬੱਚਜਾ-ਬੱਚਜਾ.....।

ਜ਼ਿੰਦਗੀ ਦੇ ਨੇ ਦੋ ਪਹਿਲੂ,
ਇੱਕ ਦੁੱਖ ਤੇ ਦੂਜਾ ਸੁੱਖ ਬੰਦਿਆ।
ਜੇ ਸੁੱਖਾਂ ਨੂੰ ਹਰ ਪਲ ਚਾਹੁੰਦਾ,
ਲਾ ਧਰਤੀ ਤੇ ਰੁੱਖ ਬੰਦਿਆ,
ਸ਼ੁੱਧ ਹਵਾ ਵਿੱਚ ਜੀਵੇਂਗਾ,
ਫਿਰ ਰੋਗ ਨਾ ਆਉਂਦੇ ਲਾਗੇ।
ਬੱਚਜਾ-ਬੱਚਜਾ.....।

**- ਜਤਿੰਦਰ ਸਿੰਘ ਬੀਬੀਪੁਰ**
ਪਿੰਡ : ਬੀਬੀਪੁਰ, ਡਾਕ : ਆਦਮਪੁਰ
ਜ਼ਿਲ੍ਹਾ : ਫ.ਗ.ਸ.
ਮੋਬਾ: 97801-79140

## ਰਾਹੂ ਤੇ ਕੇਤੂ

ਨਾ ਕੋਈ ਰਾਹੂ ਨਾ ਕੋਈ ਕੇਤੂ।
ਦੋਹਾਂ ਵਿੱਚੋਂ ਕੋਈ ਨਾ ਹੇਤੂ।
ਇਹ ਹੈ ਵੀਰੋ ਅੰਧ-ਵਿਸ਼ਵਾਸ।
ਮੇਰੇ ਤੇ ਕਰੋ ਵਿਸ਼ਵਾਸ।
ਸਾਡੀ ਧਰਤੀ ਸੂਰਜ ਗ੍ਰਹਿ
ਵਿਗਿਆਨ ਜਿਵੇਂ ਲਿਖਦਾ ਹੈ ਕਹਿ।
ਰਾਹੂ-ਕੇਤੂ ਇੱਕ ਨਾ।
ਏਨਾਂ ਦਾ ਨਾ ਕੋਈ ਥਾਂ
ਸੂਰਜ, ਧਰਤੀ ਵਿਚਕਾਰ ਚੰਨ ਆਵੇ।
ਸੂਰਜ ਨੂੰ ਗ੍ਰਹਿਣ ਲੱਗ ਜਾਵੇ।
ਬ੍ਰਹਿਮੰਡ ਨਾ ਕੋਈ ਤਾਰਾ ਨਾ ਗ੍ਰਹਿ।
ਏਸ ਤੋਂ ਅੱਗੇ ਕੁਝ ਨਾ ਕਹਿ।

**- ਪੈਦਲ ਧਿਆਨਪੁਰੀ**
ਪਿੰਡ ਤੇ ਡਾਕ : ਧਿਆਨਪੁਰ

ਕਹਾਣੀ

## ਸਾਡੀ ਆਜ਼ਾਦੀ.....?

ਆਜ਼ਾਦੀ ਦਿਵਸ ਦੇ ਸਮਾਗਮ 'ਚ ਹਿਸਾ ਲੈਣ ਲਈ ਬੱਚੇ ਰੰਗ-ਬਿਰੰਗੀਆਂ ਪੁਸ਼ਾਕਾਂ ਪਹਿਨਕੇ ਵੈਨਾਂ ਰਾਹੀਂ ਜਾ ਰਹੇ ਸਨ।

ਤਿਰੰਗਾ ਝੰਡਾ ਫੜ੍ਹੀ ਬੈਠੇ ਇਕ ਬੱਚੇ ਨੇ ਜਦੋਂ ਖੇਤਾਂ ਵਿੱਚ ਕੰਮ ਕਰਦੇ ਮਜ਼ਦੂਰ ਬੱਚਿਆਂ ਨੂੰ ਵੇਖਿਆ ਤਾਂ ਉਸਨੇ ਤਿਰੰਗਾ ਹਿਲਾਉਂਦੇ ਹੋਏ ਕਿਹਾ, "ਹੈਪੀ ਇਡੀਪੈਂਡੈਸ ਡੇਅ, ਬ੍ਰਦਰਜ਼।"

ਖੇਤ 'ਚ ਕੰਮ ਕਰ ਰਹੇ ਰਾਮੂ ਨੇ ਕੰਮੂ ਨੂੰ ਪੁੱਛਿਆ, "ਆਹ ਕੀ ਕਹਿਕੇ ਲੰਘ ਗਏ ਬਈ?"

ਕੰਮੂ ਜੋ ਚਾਰ ਜਮਾਤਾਂ ਹੀ ਪੜ੍ਹਿਆ ਸੀ, ਆਪਣੀ ਸਮਝ ਨਾਲ ਜਵਾਬ ਦਿੰਦਿਆਂ ਕਿਹਾ, "ਇਹ ਕਹਿੰਦੇ ਬਈ ਅਸੀਂ ਆਜ਼ਾਦ ਹੋਗੇ।"

ਰਾਮੂ ਸਿਰ 'ਤੇ ਟੋਕਰੀ ਚੁੱਕਦਾ ਹੋਇਆ ਬੋਲਿਆ, "ਬਈ, ਆਪਾਂ ਕਦੋਂ ਆਜ਼ਾਦ ਹੋਵਾਂਗੇ?"

- ਮਾ. ਦਰਸ਼ਨ ਸਿੰਘ ਦਿਆਲਪੁਰਾ, ਮੋਬਾਇਲ ਨੰ: 95308-27563

# ਤਰਕ ਦੀ ਜੋਤ

ਆਉ ਤਰਕ ਦੀ ਜੋਤ ਜਗਾਈਏ
ਹੁਣ ਨਾ ਰਹੀਏ ਵਿੱਚ ਹੋਰ ਹਨ੍ਹੇਰੇ
ਠੱਗਾਂ ਸਾਧਾਂ ਸੰਤਾਂ ਮਹੰਤਾਂ ਦੇ
ਹੁਣ ਹੋਰ ਨਾ ਜਾਈਏ ਡੇਰੇ
ਆਉ ਤਰਕ ਦੀ ਜੋਤ ਜਗਾਈਏ।
ਧਰਮਾਂ ਦੇ ਇਹ ਏਜੰਟ ਨੇ ਬੈਠੇ
ਆਪਣੀ ਆੜ੍ਹਤ ਚਲਾਉਂਦੇ
ਚੰਗੇ ਭਲੇ ਡਾਕਟਰਾਂ, ਇੰਜਨੀਅਰਾਂ
ਬੁਧੀਜੀਵੀਆਂ ਨੂੰ ਵੀ ਵਰਗਲਾਂ-ਭਰਮਾਂ ਵਿੱਚ ਪਾ
ਚਰਨੀਂ ਆਪਣੇ ਲਾਉਂਦੇ
ਸਾਇੰਸ ਦਾ ਵਿਰੋਧ ਕਰਨ ਇਹ ਠੱਗ
ਆਪ ਮੋਬਾਇਲ, ਐਪਲਫੋਨ, ਇੰਟਰਨੈੱਟ
ਤੇ ਲੈਪਟਾਪ ਵੀ ਚਲਾਉਂਦੇ
ਏਅਰਕੰਡੀਸ਼ਨ ਅਤਿ ਆਲੀਸ਼ਾਨ ਗੱਡੀਆਂ
ਤੇ ਵਿਦੇਸ਼ਾਂ ਦੇ ਚੱਕਰ ਅਕਸਰ ਹੀ
ਹਨ ਲਾਉਂਦੇ।
ਅਨਪੜ੍ਹ ਕਿਸਮ ਦੇ ਕੁੱਝ ਠੱਗ
ਬਹਰੂਪੀਏ ਚਿਮਟੇ ਖੜਕਾ ਹੁਣ
ਕਰੋੜਾਂ ਨਹੀਂ ਅਰਬਾਂ ਵਿੱਚ ਕਮਾਉਂਦੇ
ਕੁਝ ਡੇਰੇਦਾਰਾਂ ਨੇ ਤਾਂ ਐਸੀ ਕੀਤੀ
ਲੋਕਾਂ ਦੀ ਬੁੱਧੀ ਭ੍ਰਿਸ਼ਟ
ਇਨ੍ਹਾਂ ਅਖੌਤੀਆਂ ਦੀਆਂ ਚਾਲਾਂ ਵਿੱਚ ਆ
ਕੁਝਨਾਂ ਨੇ ਤਾਂ ਆਪਣੀਆਂ ਮੁਟਿਆਰਾਂ ਵੀ
ਦਿੱਤੀਆਂ ਡੇਰਿਆਂ ਵਿੱਚ ਚੜ੍ਹਾ
ਨਾ ਇਨ੍ਹਾਂ ਦੇ ਪਿੱਛੇ ਲੱਗੋ
ਕੋਈ ਅਖੌਤੀ ਰੱਬ ਨਾ ਕਿਤੇ
ਇਨ੍ਹਾਂ ਮਦਾਰੀਆਂ ਦੇ ਝਾਂਸੇ ਵਿੱਚ ਆ
ਹੋਰ ਨਾ ਆਪਣਾ ਆਪ ਗਵਾਇਓਂ
ਆਉ ਤਰਕ ਦੀ ਜੋਤ ਜਗਾਈਏ
ਨਾ ਰਹੀਏ ਵਿੱਚ ਹੋਰ ਹਨ੍ਹੇਰੇ
ਤਰਕਸ਼ੀਲ ਬਣ ਜਾਈਏ।

- ਗੁਰਜਿੰਦਰ ਮਾਹਲ,
ਅੰਮ੍ਰਿਤਸਰ
ਫੋਨ ਨੰ: 9814801551





# ਪੰਜਾਬ ਵਿਚ ਰਸਾਇਣਕ ਜ਼ਹਿਰਾਂ ਦਾ ਪ੍ਰਕੋਪ

ਪੰਜਾਬ ਦੀ ਸੋਨਾ ਉਗਲਦੀ ਧਰਤੀ, ਸਿਹਤਮੰਦ ਲੋਕ, ਲਹਿਰਾਉਂਦੇ ਹਰੇ-ਭਰੇ ਖੇਤ ਜਾਪਦਾ ਹੈ ਕਿ ਕਿਸੇ ਬੀਤੇ ਕੱਲ ਦੀ ਗੱਲ ਹੋ ਗਏ ਹਨ। ਅੱਜ ਇਸ ਪ੍ਰਾਂਤ ਦਾ ਪਾਣੀ ਜ਼ਹਿਰੀਲਾ ਹੋ ਗਿਆ ਹੈ, ਹਵਾ, ਗੈਸਾਂ ਤੇ ਧੂੰਏ ਨਾਲ ਪਲੀਤ ਹੋ ਗਈਆਂ ਹਨ। ਇਥੋਂ ਦੀ ਜ਼ਮੀਨ, ਫਸਲਾਂ, ਸਬਜ਼ੀਆਂ, ਫਲ ਤੇ ਦੁੱਧ ਆਦਿ ਵਿਚ ਰਸਾਇਣੀ ਜ਼ਹਿਰਾਂ ਦੀ ਉੱਚ ਮਾਤਰਾ ਜਮ੍ਹਾ ਹੋ ਚੁੱਕੀ ਹੈ। ਨਰਮਾ, ਕਪਾਹ, ਚੌਲ ਅਤੇ ਕਣਕ ਦੀ ਰਿਕਾਰਡਤੋੜ ਪੈਦਾਵਾਰ ਕਰ ਕੇ ਦਿਖਾਉਣ ਦੀ ਦੌੜ ਵਿਚ ਧਰਤੀ ਉਪਰ ਜ਼ਹਿਰੀਲੇ ਰਸਾਇਣਾਂ ਦਾ ਦਰਿਆ ਵਗਾ ਦਿੱਤਾ ਗਿਆ। ਰਸਾਇਣੀ ਖਾਦਾਂ, ਉੱਲੀਨਾਸ਼ਕਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਨੇ ਜ਼ਮੀਨ ਦਾ ਕਣ-ਕਣ ਜ਼ਹਿਰਾਂ ਨਾਲ ਭਰ ਦਿੱਤਾ ਹੈ।

ਰਸਾਇਣੀ ਜ਼ਹਿਰਾਂ ਦੇ ਪ੍ਰਕੋਪੀ ਸਿੱਟੇ ਸਾਡੇ ਸਾਹਮਣੇ ਆਉਣ ਲੱਗੇ ਹਨ, ਵੱਧ ਰਹੇ ਕੈਂਸਰ ਕੇਸਾਂ ਦੇ ਰੂਪ ਵਿਚ। ਮਾਲਵਾ ਖੇਤਰ ਵਿਚ ਨਾਮੁਰਾਦ ਬੀਮਾਰੀ ਕੈਂਸਰ ਨਾਲ ਜੂਝ ਰਹੇ ਲੋਕਾਂ ਦੀ ਗਿਣਤੀ ਵਿਚ ਹਰ ਦਿਨ ਵਾਧਾ ਹੋ ਰਿਹਾ ਹੈ। ਇਸ ਖੇਤਰ ਦੇ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੀ ਇਸ ਬੀਮਾਰੀ ਨੇ ਨੀਂਦ ਉਡਾ ਕੇ ਰੱਖ ਦਿੱਤੀ ਹੈ। ਮੇਰੇ ਯਾਦ ਹੈ ਕਿ ਜਦੋਂ ਕਦੇ ਮਾਲਵੇ ਦੇ ਬਠਿੰਡਾ ਜ਼ਿਲ੍ਹਿਆਂ ਵਿਚੋਂ ਲੰਘਦੇ ਸੀ ਤਾਂ ਸੜਕ ਦੇ ਦੋਨੋ ਪਾਸੇ ਕੀਟਨਾਸ਼ਕਾਂ ਦਵਾਈਆਂ ਦਾ ਛਿੜਕਾਅ ਹੁੰਦਾ ਹੀ ਮਿਲਦਾ ਸੀ। ਨਰਮੇ ਤੇ ਕਪਾਹ ਦੇ ਹਰ ਖੇਤ ਵਿਚ ਕਿਸਾਨ ਕੀਟਨਾਸ਼ਕ ਦਵਾਈਆਂ ਦਾ ਅੰਨ੍ਹੇਵਾਹ ਛਿੜਕਾਅ ਕਰੀ ਜਾ ਰਹੇ ਹੁੰਦੇ ਸਨ। ਅੰਤਰ-ਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਦੇ ਅੰਕੜੇ ਵੀ ਇਹੋ ਦਰਸਾਉਂਦੇ ਹਨ ਕਿ ਪਿਛਲੇ 20 ਸਾਲਾਂ ਦੌਰਾਨ ਪੰਜਾਬ ਪ੍ਰਾਂਤ ਦੀ ਮਾਲਵਾ ਪੱਟੀ ਵਿਚ ਕੀਟਨਾਸ਼ਕ ਦਵਾਈਆਂ ਦੀ ਜਿੰਨੀ ਜ਼ਿਆਦਾ ਵਰਤੋਂ ਹੋਈ ਹੈ, ਉਨੀ ਸੰਸਾਰ ਦੇ ਕਿਸੇ ਹੋਰ ਭਾਗ ਵਿਚ ਨਹੀਂ ਹੋਈ। 1960 ਈਸਵੀ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਨੇ ਪਹਿਲਾਂ ਤਾਂ ਡੀ. ਡੀ. ਟੀ., ਫਿਰ ਬੀ. ਐਚ. ਸੀ. ਦੀ ਵਰਤੋਂ ਤੋਂ ਬਾਅਦ ਤਾਂ ਪਤਾ ਹੀ ਨਹੀਂ ਕਿ ਕਿੰਨੇ ਜ਼ਿਆਦਾ ਕੀਟਨਾਸ਼ਕਾਂ ਦਾ ਛਿੜਕਾਅ ਕਰ ਮਾਰਿਆ। ਇੰਡੋਸਲਫਾਨ, ਐਲਡਰੀਨ, ਕਲੋਰੋਡੇਨ, ਕਲੋਰੋਪਾਈਰੀਫਾਸ ਤੇ ਹੈਪਟਾਕਲੋਰ ਵਰਗੀਆਂ ਪਤਾ ਨਹੀਂ ਕਿੰਨੀਆਂ ਹੀ ਰਸਾਇਣੀ ਜ਼ਹਿਰਾਂ ਨੂੰ ਖੇਤਾਂ ਦੀਆਂ ਫਸਲਾਂ ਉਪਰ ਛਿੜਕਿਆ ਜਾ ਚੁੱਕਿਆ ਹੈ। ਇਥੇ ਕਈ ਤਾਂ ਅਜਿਹੇ ਕੀਟਨਾਸ਼ਕਾਂ ਦੀ ਵਰਤੋਂ ਅੱਜ ਵੀ ਧੜੱਲੇ ਨਾਲ ਜ਼ਾਰੀ ਹੈ ਜਿਹੜੇ ਕਿ ਵਿਕਸਿਤ ਦੇਸ਼ਾਂ ਵਿਚ ਪਾਬੰਦੀਸ਼ੁਦਾ ਹਨ।

ਸਮੁੱਚੇ ਏਸ਼ੀਆ ਵਿਚੋਂ ਭਾਰਤ ਕੀਟਨਾਸ਼ਕ ਦਵਾਈਆਂ ਦੇ ਉਤਪਾਦਨ ਤੇ ਵਰਤੋਂ ਦੇ ਮਾਮਲੇ ਵਿਚ ਪਹਿਲੇ ਨੰਬਰ ਉਤੇ ਆਉਂਦਾ ਹੈ। ਸਮੁੱਚੇ ਸੰਸਾਰ ਵਿਚੋਂ ਦੇਖੀਏ ਤਾਂ ਸਾਡਾ ਦੇਸ਼ 12 ਨੰਬਰ ਉਪਰ ਆਉਂਦਾ ਹੈ। ਹੁਣ ਪੰਜਾਬ ਵਾਸੀ ਭਲਾ ਕਿਵੇਂ ਪਿੱਛੇ ਰਹਿ ਸਕਦੇ? ਸਮੁੱਚੇ ਭਾਰਤ ਵਿਚ ਵਰਤੇ ਜਾਂਦੇ ਕੀਟਨਾਸ਼ਕਾਂ ਵਿਚੋਂ ਤਕਰੀਬਨ 19 ਪ੍ਰਤੀਸ਼ਤ ਤਾਂ ਪੰਜਾਬ ਪ੍ਰਾਂਤ ਵਿਚ ਹੀ ਛਿੜਕੇ ਜਾ ਰਹੇ ਹਨ। ਸਮੁੱਚੇ ਦੇਸ਼ ਦੇ ਕੁੱਲ ਖੇਤਰਫਲ ਵਿਚੋਂ ਡੇਢ ਪ੍ਰਤੀਸ਼ਤ ਖੇਤਰ ਵਿਚ ਫੈਲੇ ਇਸ ਪ੍ਰਾਂਤ ਵਿਚ ਕੀਟਨਾਸ਼ਕ ਜ਼ਹਿਰਾਂ ਦੀ ਇੰਨੀ ਵੱਡੀ ਮਾਤਰਾ ਵਿਚ ਵਰਤੋਂ ਕਰਨਾ ਬਹੁਤ ਚਿੰਤਾਜ਼ਨਕ ਵਿਸ਼ਾ ਬਣਿਆ ਹੋਇਆ ਹੈ। ਰਸਾਇਣੀ ਜ਼ਹਿਰਾਂ ਦੇ ਬੁਰੇ ਪ੍ਰਭਾਵਾਂ ਬਾਰੇ ਦੁਨੀਆਂ ਭਰ ਵਿਚ ਫੈਲੀ ਜਾਗ੍ਰਤੀ ਦੇ ਬਾਵਜੂਦ ਵੀ ਪੰਜਾਬ ਕੀਟਨਾਸ਼ਕ ਰਸਾਇਣਾਂ ਦੀ ਵਰਤੋਂ ਵਿਚ ਹਰੇਕ ਸਾਲ 4.3 ਪ੍ਰਤੀਸ਼ਤ ਵਾਧਾ ਹੋ ਰਿਹਾ ਹੈ। ਇਸੇ ਸਭ ਕੁਝ ਦਾ ਨਤੀਜਾ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਲਹੂ ਵੀਹਣੀਆਂ ਵਿਚ ਦੌੜ ਰਹੇ ਲਹੂ ਵਿਚ 15 ਤੋਂ ਵੱਧ ਪ੍ਰਕਾਰ ਦੇ ਜ਼ਹਿਰੀਲੇ ਪਦਾਰਥ ਦੌੜ ਰਹੇ ਹਨ। ਜੇਕਰ ਸਮੁੱਚੇ ਵਿਸ਼ਵ ਭਰ ਦੇ ਅੰਕੜੇ ਦੇਖੀਏ ਤਾਂ 1956 ਈਸਵੀ ਵਿਚ ਭਾਰਮ ਵਿਚ 5600 ਮੀਟਰਕ ਟਨ ਕੀਟਨਾਸ਼ਕ ਦਵਾਈਆਂ ਦਾ ਉਤਪਾਦਨ ਹੁੰਦਾ ਸੀ ਜਿਹੜਾ ਕਿ 2001 ਈਸਵੀ ਵਿਚ ਵਧ ਕੇ 9600 ਮੀਟਰਕ ਟਨ ਹੋ ਗਿਆ। ਆਈ. ਸੀ. ਐਸ. ਆਰ. ਜਾਂ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੇ ਅੰਕੜੇ ਦਰਸਾਉਂਦੇ ਹਨ ਕਿ ਸਾਡੇ ਦੇਸ਼ ਵਿਚਲੇ 56 ਪ੍ਰਤੀਸ਼ਤ ਖਾਣ ਵਾਲੇ ਪਦਾਰਥ ਅਜਿਹੇ ਹਨ ਜਿਹੜੇ ਕੀਟਨਾਸ਼ਕ ਪਦਾਰਥਾਂ ਤੇ ਹੋਰਨਾਂ ਰਸਾਇਣੀ ਜ਼ਾਹਿਰਾਂ ਨਾ ਪ੍ਰਦੂਸ਼ਿਤ ਹੋ ਚੁੱਕੇ ਹਨ। ਇਨ੍ਹਾਂ ਵਿਚੋਂ 20 ਪ੍ਰਤੀਸ਼ਤ ਪਦਾਰਥ ਅਜਿਹੇ ਹਨ ਜਿਨ੍ਹਾਂ ਵਿਚ ਨਦੀਨਨਾਸ਼ਕ ਦਵਾਈਆਂ ਜਾਂ ਪੈਸਟੀਸਾਈਡਜ਼ ਦੀ ਮਾਤਰਾ ਖ਼ਤਰੇ ਦੇ ਪੱਧਰ ਤੋਂ ਵੀ ਕਿਤੇ ਜ਼ਿਆਦਾ ਹੈ।

ਨਰਮੇ ਤੇ ਕਪਾਹ ਦੀ ਫਸਲ ਦੇ ਉਤਪਾਦਨ ਵਿਚ ਪੰਜਾਬ ਦਾ ਮਾਲਵਾ ਖੇਤਰ ਪਿਛਲੇ ਪੰਜਾਹ ਸਾਲਾਂ ਦੌਰਾਨ ਦੁਨੀਆਂ ਦੇ ਨਕਸ਼ੇ ਉਪਰ ਉਭਰਿਆ ਰਿਹਾ ਹੈ। ਇਸ ਫਸਲ ਦਾ ਵੱਧ ਤੋਂ ਵੱਧ ਝਾੜ ਲੈਣ



ਡਾ. ਜਤਿੰਦਰਪਾਲ ਸਿੰਘ
ਐਸਿਸਟੈਂਟ ਪ੍ਰੋਫੈਸਰ, ਜ਼ੁਆਲੋਜੀ ਵਿਭਾਗ,
ਬੇਰਿੰਗ ਕਾਲਜ, ਬਟਾਲਾ।
ਸੰਪਰਕ : 99153-11947

ਦੀ ਦੌੜ ਵਿਚ ਇਥੇ ਕੀੜੇਮਾਰ ਤੇ ਨਦੀਨਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਕੀਤੀ ਗਈ। ਜਿਸ ਦਾ ਨਤੀਜਾ ਇਹ ਹੋਇਆ ਕਿ ਇਥੋਂ ਦੀ ਜ਼ਮੀਨ ਅਤੇ ਇਸ ਹੇਠਲੇ ਪਾਣੀ ਵਿਚ ਜ਼ਹਿਰੀਲੇ ਰਸਾਇਣੀ ਤੱਤਾਂ ਦੀ ਮਾਤਰਾਂ ਬਹੁਤ ਜ਼ਿਆਦਾ ਵਧ ਗਈ। ਜੇਕਰ ਪਿਛਲੇ ਸਰਵੇਖਣਾਂ ਦੇ ਅੰਕੜੇ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਪੂਰੇ ਪੰਜਾਬ ਅੰਦਰ ਨਰਮੇ ਤੇ ਕਪਾਹ ਅਧੀਨ ਰਕਬਾ ਸਿਰਫ਼ 6 ਪ੍ਰਤੀਸ਼ਤ ਹੈ। ਇਸ ਥੋੜੇ ਜਿਹੇ ਖੇਤਰ ਵਿਚ ਸਮੁੱਚੇ ਪ੍ਰਾਂਤ ਵਿਚਲੀ ਨਦੀਨਨਾਸ਼ਕਾਂ ਦੀ ਕੁੱਲ ਖਪਤ ਵਿਚੋਂ 35 ਪ੍ਰਤੀਸ਼ਤ ਨਦੀਨਨਾਸ਼ਕ ਵਰਤੇ ਜਾਂਦੇ ਰਹੇ ਹਨ। ਇਸ ਦਾ ਨਤੀਜਾ ਸਾਡੇ ਸਾਹਮਣੇ ਹੈ ਕਿ ਕਿਸੇ ਸਮੇਂ ਦੁਨੀਆਂ ਦੇ ਨਕਸ਼ੇ ਉਪਰ 'ਨਰਮਾ ਪੱਟੀ' ਵਜੋਂ ਉਭਰ ਕੇ ਨਾਮਣਾ ਖੱਟਣ ਵਾਲਾ ਇਹ ਮਾਲਵਾ ਖੇਤਰ ਅੱਜ 'ਕੈਂਸਰ ਪੱਟੀ' ਵਜੋਂ ਆਪਣੀ ਦਰਦ ਭਰੀ ਦਾਸਤਾਨ ਬਿਆਨ ਕਰ ਰਿਹਾ ਹੈ।

ਪੰਜਾਬ ਦੇ ਮਾਲਵਾ ਖੇਤਰ ਵਿਚਲੇ ਬਠਿੰਡਾ, ਮਾਨਸਾ, ਫਰੀਦਕੋਟ, ਮੁਕਤਸਰ ਅਤੇ ਸੰਗਰੂਰ ਜ਼ਿਲ੍ਹੇ ਤਾਂ ਪੂਰੀ ਤਰ੍ਹਾਂ ਕੈਂਸਰ ਦੀ ਕਮਾਰ ਹੇਠਾਂ ਆ ਚੁੱਕੇ ਹਨ। ਜੇਕਰ ਇਨ੍ਹਾਂ ਜ਼ਿਲ੍ਹਿਆਂ ਵਿਚਲੇ ਕੈਂਸਰ ਕੇਸਾਂ ਦੇ ਰਿਕਾਰਡ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਸਭ ਤੋਂ ਵੱਧ ਕੈਂਸਰ ਕੇਸ ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਵਿਚੋਂ ਹੀ ਹਨ। ਇਨ੍ਹਾਂ ਦੋ ਜ਼ਿਲ੍ਹਿਆਂ ਦੇ ਪਿੰਡ, ਕਸਬੇ ਤੇ ਸ਼ਹਿਰ ਦੇ ਹਸਪਤਾਲਾਂ ਵਿਚਲੇ ਵਾਰਡਾਂ ਵਿਚ ਕੈਂਸਰ ਰੋਗੀਆਂ ਦੇ ਅੰਕੜੇ ਬਹੁਤ ਦਿਲ ਹਿਲਾ ਦੇਣ ਵਾਲੇ ਹਨ। ਇਨ੍ਹਾਂ ਮਰੀਜ਼ਾਂ ਵਿਚ ਕੇਵਲ ਬਾਲਗ ਉਮਰ ਦੇ ਮਰਦ ਤੇ ਔਰਤਾਂ ਹੀ ਨਹੀਂ ਬਲਕਿ ਛੋਟੀ ਉਮਰ ਦੇ ਬੱਓਂ ਵੀ ਸ਼ਾਮਿਲ ਹਨ। ਕੈਂਸਰ ਨਾਂ ਦੀ ਘਾਤਕ ਬੀਮਾਰੀ ਤਾਂ ਭਾਵੇਂ ਮਨੁੱਖੀ ਸਰੀਰ ਦੇ ਕਿਸੇ ਵੀ ਅੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ। ਪ੍ਰੰਤੂ ਮਾਲਵਾ ਖੇਤਰ ਦਾ ਮੌਜੂਦਾ ਸਰਵੇਖਣ ਦਰਸਾਉਂਦਾ ਹੈ ਕਿ ਇਨ੍ਹਾਂ ਕੈਂਸਰ ਰੋਗੀਆਂ ਵਿਚੋਂ ਜ਼ਿਆਦਾਤਰ ਰੋਗੀ ਮੂੰਹ, ਗਲੇ, ਭੋਜਨ ਨਲੀ, ਜਿਗਰ, ਆਂਤੜੀਆਂ, ਫੇਫੜੇ, ਬੱਚੇਦਾਨੀ, ਦਿਮਾਗ, ਲਹੂ ਤੇ ਹੱਡੀਆਂ ਦੇ ਕੈਂਸਰ ਤੋਂ ਪ੍ਰਭਾਵਿਤ ਹਨ। ਜੇਕਰ ਮਰਦਾਂ ਤੇ ਔਰਤਾਂ ਦੇ ਅੰਕੜੇ ਵੱਖਰੇ ਕਰ ਕੇ ਦੇਖੀਏ ਤਾਂ ਔਰਤਾਂ ਵਿਚ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਕੇਸ ਜ਼ਿਆਦਾ ਹਨ। ਇਸ ਦੇ ਨਾਲ ਹੀ ਮਰਦਾਂ ਵਿਚ ਗਲੇ ਅਤੇ ਆਂਤੜੀਆਂ ਦੇ ਕੈਂਸਰ ਕੇਸ ਵਧੇਰੇ ਰਿਪੋਰਟ ਹੋ ਰਹੇ ਹਨ।

ਪੰਜਾਬ ਦੇ ਖੇਤੀ ਮਾਹਿਰਾਂ, ਕੈਂਸਰ ਰੋਗ ਉਪਰ ਖੋਜ ਕਰ ਰਹੇ ਵਿਗਿਆਨੀਆਂ ਅਤੇ ਡਾਕਟਰਾਂ ਲਈ ਦੋ ਅਹਿਮ ਸਵਾਲ ਸਾਹਮਣੇ ਖੜ੍ਹੇ ਹਨ। ਪਹਿਲਾਂ ਤਾਂ ਇਹ ਕਿ ਪੰਜਾਬ ਦੇ ਮਾਲਵਾ ਖੇਤਰ ਵਿੱਚ ਵਧ ਰਹੇ ਕੈਂਸਰ ਕੇਸਾਂ ਪਿੱਤੇ ਕਿਹੜਾ ਰਸਾਇਣੀ ਪ੍ਰਦੂਸ਼ਣ ਕਾਰਕ ਛੁਪਿਆ ਹੈ। ਦੂਸਰਾ ਇਹ ਕਿ ਇਸ ਖੇਤਰ ਵਿੱਚ ਫੈਲੇ ਇਸ ਪ੍ਰਕੋਪ ਨੂੰ ਕਿਵੇਂ ਨੱਥ ਪਾਈ ਜਾਵੇ। ਇਸ ਗੱਲ ਬਾਰੇ ਮਾਹਿਰਾਂ ਦੀ ਇੱਕ ਆਮ ਸਹਿਮਤੀ ਹੈ ਕਿ ਇਸ ਖੇਤਰ ਦੇ ਜ਼ਮੀਨੀ ਪਾਣੀ ਵਿੱਚ ਰਸਾਇਣੀ ਤੱਤਾਂ ਦੀ ਮਾਤਰਾ ਵਧਣ ਕਾਰਨ ਕੈਂਸਰ ਦਾ ਪ੍ਰਕੋਪ ਫੈਲਿਆ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਵੱਲੋਂ ਕਰਵਾਏ ਇੱਕ ਸਰਵੇਖਣ ਤੋਂ ਬਾਅਦ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਪੰਜਾਬ ਦੇ ਮਾਲਵਾ ਖੇਤਰ ਦੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਫਲੋਰਾਈਡ ਵਰਗੇ ਜ਼ਹਿਰੀ ਤੱਤਾਂ ਦੀ ਮਾਤਰਾ ਬਹੁਤ ਵਧ ਚੁੱਕੀ ਹੈ। ਇਸ ਤੋਂ ਪਹਿਲਾਂ ਵੀ ਜਰਮਨੀ ਦੀ ਇੱਕ ਪ੍ਰਸਿੱਧ ਪ੍ਰਯੋਗਸ਼ਾਲਾ ਦੇ ਵਿਗਿਆਨੀਆਂ ਨੇ ਇਹ ਤੱਥ ਉਜਾਗਰ ਕੀਤਾ ਸੀ ਕਿ ਪੰਜਾਬ ਦੀ ਮਾਲਵਾ ਪੱਟੀ ਵਿੱਚ ਯੂਰੇਨੀਅਮ ਵਰਗੇ ਘਾਤਕ ਤੱਤਾਂ ਦੀ ਇੱਕ ਉੱਚ ਮਾਤਰਾ ਜਮ੍ਹਾ ਹੋ ਚੁੱਕੀ ਹੈ। ਜਰਮਨੀ ਦੇ ਵਿਗਿਆਨੀਆਂ ਨੇ ਮਾਲਵੇ ਦੇ ਜ਼ਿਲ੍ਹਿਆਂ ਵਿੱਚ ਵਸਦੇ 149 ਬੱਚਿਆਂ ਦੇ ਟੈਸਟ ਕਰਨ ਤੋਂ ਬਾਅਦ ਇਹ ਖੁਲਾਸਾ ਕੀਤਾ ਸੀ ਕਿ ਇੱਥੋਂ ਦੀ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਤੱਤ ਇੱਕ ਖ਼ਤਰਨਾਕ ਪੱਧਰ ਤੱਕ ਵਧ ਚੁੱਕਿਆ ਹੈ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ 'ਪੰਜਾਬ ਵਿਚਲੇ ਪਾਣੀਆਂ ਵਿੱਚ ਯੂਰੇਨੀਅਮ ਦੀ ਮੌਜੂਦਗੀ' ਦਾ ਮਸਲਾ ਅੰਤਰ-ਰਾਸ਼ਟਰੀ ਪੱਧਰ ਉਪਰ ਪਹੁੰਚ ਗਿਆ ਹੈ ਪ੍ਰੰਤੂ ਭਾਰਤ ਤੇ ਪੰਜਾਬ ਦੇ ਵਿਗਿਆਨੀ ਇਸ ਗੱਲ ਉਪਰ ਜ਼ੋਰ ਲਗਾ ਰਹੇ ਹਨ ਕਿ ਇਥੇ ਯੂਰੇਨੀਅਮ ਹੈ ਹੀ ਨਹੀਂ ਜਾਂ ਫਿਰ ਉਹ ਇਸ ਗੱਲ ਉਪਰ ਜ਼ੋਰ ਲਗਾ ਰਹੇ ਹਨ ਕਿ ਇਹ ਯੂਰੇਨੀਅਮ ਕੈਂਸਰ ਲਈ ਜ਼ਿੰਮੇਵਾਰ ਨਹੀਂ। ਪਤਾ ਨਹੀਂ ਅਜਿਹੀਆਂ ਦਲੀਲਾਂ ਤੇ ਖੋਜ ਕਾਨਫਰੰਸਾਂ ਦੀ ਬਹਿਸ ਵਿੱਚੋਂ ਕੀ ਕੱਢਣਾ ਹੈ? ਚਲੋ ਖੈਰ ਉਨ੍ਹਾਂ ਨੂੰ ਸੁਮੱਤ ਆਵੇ!

**ਪੰਜਾਬ ਦੇ ਖੇਤੀ ਮਾਹਿਰਾਂ, ਕੈਂਸਰ ਰੋਗ ਉਪਰ ਖੋਜ ਕਰ ਰਹੇ ਵਿਗਿਆਨੀਆਂ ਅਤੇ ਡਾਕਟਰਾਂ ਲਈ ਦੋ ਅਹਿਮ ਸਵਾਲ ਸਾਹਮਣੇ ਖੜ੍ਹੇ ਹਨ। ਪਹਿਲਾਂ ਤਾਂ ਇਹ ਕਿ ਪੰਜਾਬ ਦੇ ਮਾਲਵਾ ਖੇਤਰ ਵਿੱਚ ਵਧ ਰਹੇ ਕੈਂਸਰ ਕੇਸਾਂ ਪਿੱਤੇ ਕਿਹੜਾ ਰਸਾਇਣੀ ਪ੍ਰਦੂਸ਼ਣ ਕਾਰਕ ਛੁਪਿਆ ਹੈ। ਦੂਸਰਾ ਇਹ ਕਿ ਇਸ ਖੇਤਰ ਵਿੱਚ ਫੈਲੇ ਇਸ ਪ੍ਰਕੋਪ ਨੂੰ ਕਿਵੇਂ ਨੱਥ ਪਾਈ ਜਾਵੇ।**

ਵਿਸ਼ਵ ਪ੍ਰਸਿੱਧ ਅਫਰੀਕਨ ਵਿਗਿਆਨੀ ਡਾਕਟਰ ਕੈਰਿਨ ਸਮਿਥ ਅਤੇ ਜਰਮਨ ਦੇ ਵਿਗਿਆਨੀ ਡਾ. ਕ੍ਰਿਸਟੋਫ਼ਰ ਬਸਬੀ ਤੇ ਡਾ. ਐਲੇਨੋਰ ਬਲਾਰੌਕ ਨੇ ਭਾਰਤ ਤੇ ਪੰਜਾਬ ਸਰਕਾਰ ਨੂੰ ਇੱਕ ਤਾਜ਼ਾ ਪੇਸ਼ਕਸ਼ ਕੀਤੀ ਹੈ। ਇਨ੍ਹਾਂ ਵਿਗਿਆਨੀਆਂ ਨੇ ਪਹਿਲਕਦਮੀ ਕਰਦੇ ਹੋਏ ਕਿਹਾ ਹੈ ਕਿ ਉਹ ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਵਧ ਰਹੇ ਯੂਰੇਨੀਅਮ ਦੇ ਪੱਧਰ ਦਾ ਕਾਰਨ ਪਤਾ ਲਗਾਉਣਗੇ। ਉਨ੍ਹਾਂ ਦੀ ਖੋਜ ਟੀਮ ਇਸ ਖੇਤਰ ਵਿੱਚ ਮੌਜੂਦ ਥਰਮਲ ਪਲਾਟਾਂ, ਫਾਸਫੇਟ ਖਾਦਾਂ ਦੀ ਵਰਤੋਂ ਅਤੇ ਅਫ਼ਗਾਨਿਸਤਾਨ ਵਿੱਚ ਵਰਤੇ ਗਏ ਹਥਿਆਰਾਂ ਆਦਿ ਜਿਹੇ ਸਾਰੇ ਪੱਖਾਂ ਨੂੰ ਗਹਿਰਾਈ ਨਾਲ ਘੋਖਣਗੇ। ਮਾਲਵਾ ਪੱਟੀ ਵਿੱਚ ਫੈਲਿਆ ਕੈਂਸਰ ਰੋਗ ਸਮੁੱਚੇ ਵਿਸ਼ਵ ਲਈ ਇੱਕ ਚੁਣੌਤੀ ਬਣ ਗਿਆ ਹੈ। ਕਿਸੇ ਇੱਕ ਖੇਤਰ ਵਿੱਚ ਮਰੀਜ਼ਾਂ ਦੀ ਏਨੀ ਵੱਡੇ ਗਿਣਤੀ ਨੂੰ ਦੇਖਕੇ ਬਾਹਰੋਂ ਆਏ ਵਿਗਿਆਨੀ ਤੇ ਡਾਕਟਰ ਮੂੰਹ ਵਿੱਚ ਉਂਗਲਾਂ ਪਾ ਕੇ ਸੋਚੀਂ ਪੈ ਜਾਂਦੇ ਹਨ। ਪੀ. ਜੀ. ਆਈ. ਚੰਡੀਗੜ੍ਹ ਦੇ ਰੇਡੀਓਥਰੈਪੀ ਅਤੇ ਔਲਕੋਲੋਜੀ ਵਿਭਾਗ ਦੇ ਮੁੱਖੀ ਪ੍ਰੋਫੈਸਰ ਡਾ. ਬੀ. ਡੀ. ਗੁਪਤਾ ਦੇ ਅਨੁਸਾਰ ਮਾਲਵਾ ਖੇਤਰ ਵਿੱਚ ਕੈਂਸਰ ਰੋਗੀਆਂ ਦੀ ਗਿਣਤੀ ਇੱਕ ਲੱਖ ਆਬਾਦੀ ਪਿੱਛੇ 180 ਤੋਂ ਵੀ ਵੱਧ ਹੈ। ਜਦਕਿ ਸਮੁੱਚੇ ਭਾਰਤ ਵਿੱਚ ਇਹੀ ਅਨੁਪਾਤ ਇੱਕ ਲੱਖ ਆਬਾਦੀ ਪਿੱਛੇ 125 ਹੈ। ਕੋਈ ਹੋਰ ਕੈਂਸਰ ਮਾਹਿਰਾਂ ਦਾ ਤਾਂ ਇਹ ਮੰਨਣਾ ਹੈ ਕਿ ਕੈਂਸਰ ਦੇ ਮਰੀਜ਼ਾਂ ਵਿੱਚੋਂ 50 ਪ੍ਰਤੀਸ਼ਤ ਮਰੀਜ਼ ਤਾਂ ਇਕੱਲੇ ਮਾਲਵਾ ਖੇਤਰ ਵਿੱਚ ਹੀ ਹਨ।

ਰਸਾਇਣੀ ਜ਼ਹਿਰਾਂ ਦੀ ਵਰਤੋਂ ਕਾਰਨ ਸਿਰਫ਼ ਕੈਂਸਰ

ਰੋਗ ਹੀ ਨਹੀਂ ਬਲਕਿ ਪੇਟ ਦੀਆਂ ਬੀਮਾਰੀਆਂ, ਅੱਖਾਂ ਦੇ ਰੋਗ, ਚਮੜੀ ਰੋਗ, ਐਲਰਜੀ, ਨਿਪੁੰਸਕਤਾ ਅਤੇ ਮੰਦਬੁੱਧੀ ਬੱਚਿਆਂ ਦਾ ਜਨਮ ਆਦਿ ਜਿਹੇ ਦੁਰਪ੍ਰਭਾਵ ਵੀ ਫੈਲ ਰਹੇ ਹਨ। ਪੀ. ਜੀ. ਆਈ. ਚੰਡੀਗੜ੍ਹ ਦੇ ਇੱਕ ਸਰਵੇਖਣ ਵਿੱਚ ਪਤਾ ਲੱਗਿਆ ਹੈ ਕਿ ਪੰਜਾਬ ਦੀ ਮਨੁੱਖੀ ਆਬਾਦੀ ਦੇ ਲਹੂ ਵਿੱਚ ਕੀਟਨਾਸ਼ਕ ਤੇ ਨਦੀਨਨਾਸ਼ਕ ਪਦਾਰਥਾਂ ਦੀ ਮੌਜੂਦਗੀ ਇੱਕ ਖ਼ਤਰਨਾਕ ਪੱਧਰ ਤੋਂ ਵਧ ਚੁੱਕੀ ਹੈ। ਤਕਰੀਬਨ 15 ਕਿਸਮਾਂ ਦੇ ਜ਼ਹਿਰੀਲੇ ਕਣ ਪੰਜਾਬੀ ਲੋਕਾਂ ਦੇ ਲਹੂ ਵਿੱਚ ਮਿਲ ਚੁੱਕੇ ਹਨ। ਅੰਮ੍ਰਿਤ ਸਮਾਨ ਮੰਨਿਆ ਜਾਣ ਵਾਲਾ ਮਾਂ ਦਾ ਦੁੱਧ ਵੀ ਰਸਾਇਣੀ ਜ਼ਹਿਰਾਂ ਨਾਲ ਜ਼ਹਿਰੀਲਾ ਹੋ ਗਿਆ ਹੈ। ਜਦੋਂ ਸਾਡੇ ਖਾਧ ਪਦਾਰਥ ਹੀ ਰਸਾਇਣਕ ਜ਼ਹਿਰਾਂ ਨਾਲ ਪਲੀਤ ਹੋ ਚੁੱਕੇ ਹਨ ਤਾਂ ਸਾਡੇ ਸਰੀਰ ਦੇ ਹਰ ਭਾਗ ਚਾਹੇ ਉਹ ਖ਼ੂਨ, ਚਰਬੀ ਅਤੇ ਚਾਹੇ ਮਾਂ ਦਾ ਦੁੱਧ ਹੀ ਕਿਉਂ ਨਾ ਹੋਵੇ, ਵਿੱਚ ਵੀ ਇਹ ਜ਼ਹਿਰਾਂ ਦਾ ਰਚ ਜਾਣਾ ਸੁਭਾਵਿਕ ਹੀ ਹੈ।

ਪੰਜਾਬ ਸਟੇਟ ਪਲੈਨਿੰਗ ਬੋਰਡ ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਰਸਾਇਣਾਂ ਨਾਲ ਪ੍ਰਦੂਸ਼ਿਤ ਹੋਇਆ ਪਾਣੀ ਪੀਣ ਨਾਲ ਗੈਸਟਰੋਐਂਟਰਾਈਟਸ, ਹੈਪੇਟਾਈਟਸ, ਜੋੜਾਂ ਦਾ ਦਰਦ, ਚਰਮ ਰੋਗ, ਸਾਹ-ਦਮਾ ਵਰਗੀਆਂ ਘਾਤਮ ਬੀਮਾਰੀਆਂ ਮਨੁੱਖੀ ਸਰੀਰ ਨੂੰ ਚਿੰਬੜ ਜਾਂਦੀਆਂ ਹਨ। ਖੋਜ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਵਿਚਲੇ 25 ਪ੍ਰਤੀਸ਼ਤ ਨਵ-ਵਿਆਹੇ ਜੋੜਿਆਂ ਦੇ ਸੰਤਾਨ ਨਾ ਹੋਣ ਦਾ ਵੱਡਾ ਕਾਰਨ ਇਥੋਂ ਦੇ ਖਾਣ-ਪੀਣ ਵਾਲੇ ਪਦਾਰਥਾਂ ਵਿੱਚ ਰਚ ਚੁੱਕੀਆਂ ਰਸਾਇਣੀ ਜ਼ਹਿਰਾਂ ਹੀ ਹਨ। ਜਵਾਨ ਮਰਦਾਂ ਦੀ ਘਟ ਰਹੀ ਸ਼ੁਕਰਾਣੂ ਸੰਖਿਆ ਦੇ ਨਤੀਜੇ ਵਜੋਂ ਗਰਭ ਠਹਿਰਨਾ ਸੰਭਵ ਹੀ ਨਹੀਂ ਹੁੰਦਾ। ਇਸੇ ਕਰਕੇ ਕੁਦਰਤੀ ਗਰਭਪਾਤ ਅਤੇ ਅਪੰਗ ਬੱਚਿਆਂ ਦਾ ਜਨਮ ਵਰਗੀਆਂ ਸਮੱਸਿਆਵਾਂ ਸਾਡੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ। ਸਿਰਫ਼ ਦੋ ਪੁਸ਼ਤਾਂ ਵਿੱਚ ਜਾਂ ਇੰਝ ਕਹਿ ਲਈਏ ਕਿ ਮੌਜੂਦਾ ਨੌਜਵਾਨ ਪੀੜ੍ਹੀ ਦੇ ਪਤਾਲੂਆਂ ਵਿੱਚ ਮੌਜੂਦ ਸ਼ੁਕਰਾਣੂਆਂ ਦੀ ਗਿਣਤੀ ਆਪਣੇ ਦਾਦੇ ਨਾਲੋਂ ਅੱਧੀ ਰਹਿ ਗਈ ਹੈ।

ਪੰਜਾਬ ਦੇ ਜ਼ਮੀਨੀ ਪਾਣੀਆਂ ਵਿੱਚ ਯੂਰੇਨੀਅਮ ਦੀ ਉੱਚ ਮਾਤਰਾ ਤਾਂ ਚਿੰਤਾ ਦਾ ਵਿਸ਼ਾ ਹੈ ਹੀ ਪ੍ਰੰਤੂ ਇਨ੍ਹਾਂ ਵਿੱਚ ਤਾਂ ਹੋਰ ਵੀ ਬਹੁਤ ਸਾਰੇ ਘਾਤਕ ਰਸਾਇਣ ਘੁਲ ਚੁੱਕੇ ਹਨ। ਵਾਤਾਵਰਣ ਅਤੇ ਰਸਾਇਣ ਵਿਗਿਆਨੀਆਂ ਨੇ ਪੰਜਾਬ ਦੇ ਪਾਣੀਆਂ ਵਿੱਚੋਂ ਆਰਸੈਨਿਕ (ਸੰਖੀਆ), ਫੈਰਸ ਮਰਕਰੀ (ਲੋਹਮਈ ਪਾਰਾ) ਅਤੇ ਐਂਟੀਮਨੀ ਲੈੱਡ (ਸੁਰਮਈ ਸਿੱਕਾ) ਵਰਗੇ ਘਾਤਕ ਪਦਾਰਥਾਂ ਦੇ ਰਲੇ ਹੋਣ ਬਾਰੇ ਸੂਚਿਤ ਕੀਤਾ ਹੈ। ਇਸ ਦੇ ਨਾਲ ਹੀ ਕਈ ਘਾਤਕ ਧਾਤਾਂ ਦੇ ਕਲੋਰਾਈਡ, ਸਲਫੇਟਸ, ਨਾਈਟਰੇਟਸ ਅਤੇ ਕਾਰਬੋਨੇਟਸ ਦੀ ਉੱਚ ਮਾਤਰਾ ਵੀ ਜ਼ਮੀਨੀ ਪਾਣੀਆਂ ਵਿੱਚੋਂ ਰਿਕਾਰਡ ਕੀਤੀ ਗਈ ਹੈ।

ਉਦਯੋਗਿਕ ਗੰਦਗੀ, ਰਸਾਇਣਾਂ ਅਤੇ ਮਨੁੱਖੀ ਆਬਾਦੀ ਦੇ ਸੀਵਰੇਜ਼ ਨੂੰ ਅਸੀਂ ਬੁੱਢੇ ਨਾਲੇ, ਹੰਸਲੀ ਨਾਲੇ ਜਾਂ ਸਤਲੁਜ ਦਰਿਆ ਵਿੱਚ ਸੁੱਟ ਕੇ ਬੇਫ਼ਿਕਰ ਹੋ ਕੇ ਬੈਠ ਜਾਂਦੇ ਹਾਂ। ਪ੍ਰੰਤੂ ਇਹੀ ਗਦਗੀ ਵਿਚਲੇ ਜ਼ਹਿਰੀਲੇ ਰਸਾਇਣ ਜ਼ਮੀਨੀ ਪਾਣੀ ਵਿੱਚ ਮਿਲ ਜਾਂਦੇ ਹਨ ਤੇ ਪੀਣ ਵਾਲੇ ਪਾਣੀ ਨਾਲ ਸਾਡੇ ਸਰੀਰ ਅੰਦਰ ਪਹੁੰਚ ਜਾਂਦੇ ਹਨ। ਕੁਦਰਤੀ ਸੋਮਿਆਂ ਨੂੰ ਪਲੀਤ ਕਰਨ ਦਾ ਨਤੀਜਾ ਸਾਡੇ ਸਾਹਮਣੇ ਆਉਂਦਾ ਹੈ ਕੈਂਸਰ ਵਰਗੇ ਰੋਗਾਂ ਦੇ ਰੂਪ ਵਿੱਚ। ਸਾਨੂੰ ਹਾਲੇ ਵੀ ਸਿੱਖਿਆ ਲੈਣੀ ਚਾਹੀਦੀ ਹੈ ਕਿ ਕੁਦਰਤ ਦੇ ਵਿੱਚ ਮੌਜੂਦ ਇਸ ਤਾਣੇ-ਬਾਣੇ ਵਿੱਚ ਅਸੀਂ ਜਿਹੋ ਜਿਹੀ ਕਰਨੀ ਕਰਾਂਗੇ, ਉਸ ਦਾ ਨਤੀਜਾ ਸਾਨੂੰ ਹਰ ਹਾਲਤ ਵਿੱਚ ਭੁਗਤਣਾ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਅਸੀਂ ਰਸਾਇਣੀ ਜ਼ਹਿਰਾਂ ਦੀ ਵਰਤੋਂ ਨੂੰ ਬੰਦ ਕਰਨ ਦੇ ਨਾਲ-ਨਾਲ ਮਾਲਵਾ ਖੇਤਰ ਵਿੱਚਲੇ ਕੈਂਸਰ ਦਾ ਦਰਦ ਹੰਡਾ ਰਹੇ ਲੋਕਾਂ ਦੀ ਆਰਥਿਕ ਤੇ ਮਾਨਸਿਕ ਮਦਦ ਕਰੀਏ। ਇਹੀ ਸਭ ਤੋਂ ਵੱਡਾ ਦਾਨ ਅਤੇ ਪੁੰਨ ਹੋਵੇਗਾ।

## ਤੁਹਾਡੇ ਖ਼ਤ.......

ਸਤਿਕਾਰਯੋਗ ਸੰਪਾਦਕ ਜੀ,

ਜਦੋਂ ਮੈਂ ਇਹ ਰਸਾਲਾ ਪੜ੍ਹਿਆ ਤਾਂ ਇਸ ਰਸਾਲੇ 'ਵਿਗਿਆਨ ਜੋਤ' ਵਿੱਚ ਬਹੁਤ ਕੁਝ ਵਿਗਿਆਨਿਕ ਸੋਚ ਨਾਲ ਅਧਾਰਿਤ ਗੱਲਾਂ ਜਿਵੇਂ ਕਿ ਕੁਝ ਹੈਰਾਨੀਜਨਕ ਗੱਲਾਂ, ਗਿਆਨ ਵਿੱਚ ਵਾਧਾ ਕਰਨ ਵਾਲੀਆਂ ਗੱਲਾਂ ਸਿੱਖਣ ਲਈ ਦਿੱਤੀਆਂ ਹੋਈਆਂ ਸੀ। ਇਸ ਰਸਾਲੇ ਦੇ ਹਰ ਇੱਕ ਪੰਨੇ ਤੇ ਕੁਝ ਨਾ ਕੁਝ ਨਵਾਂ ਸਿੱਖਣ ਨੂੰ ਮਿਲ ਰਿਹਾ ਸੀ। ਸਭ ਤੋਂ ਪਹਿਲਾ ਮੈਂ ਇਸ ਰਸਾਲੇ ਦੇ ਇੱਕ ਪੰਨੇ ਤੇ ਪੜ੍ਹਿਆ ਕਿ 'ਗਾਡ ਪਾਰਟੀਕਲ' ਕੀ ਹੈ ? ਇਹ ਪੜ੍ਹਨ ਨਾਲ ਮੇਰੀ ਸੋਚ ਥੋੜ੍ਹੀ ਵਿਗਿਆਨਿਕ ਸੋਚ ਵੱਲ ਵਧੀ ਤੇ ਇਸ ਨਾਲ ਮੈਨੂੰ ਸਾਇੰਸ ਬਾਰੇ ਕੁਝ ਜਾਣਕਾਰੀ ਪ੍ਰਾਪਤ ਹੋਈ। ਇਸ ਵਿਚ ਤਾਂ ਮੈਂ ਇਹ ਵੀ ਪੜ੍ਹਿਆ ਕਿ ਲੋਕ ਹੁਣ ਗਾਡ ਪਾਰਟੀਕਲ ਦੇ ਨਾਂ 'ਤੇ ਧੰਦੇ ਸ਼ੁਰੂ ਕਰ ਰਹੇ ਹਨ। ਇਸ ਤੋਂ ਬਾਅਦ ਮੈਂ 'ਨਾਸਤਿਕ ਹਿੱਗਸ ਦਾ ਈਸ਼ਵਰ ਕਣ' ਲੇਖ ਪੜ੍ਹਿਆ ਇਸ ਲੇਖ ਵਿੱਚ ਪ੍ਰੋ. ਹਿੱਗਸ ਬਾਰੇ ਥੋੜ੍ਹੀ ਜਾਣਕਾਰੀ ਦਿੱਤੀ ਹੋਈ ਹੈ।

'ਜਾਦੂ ਬਾਰੇ ਸੋਚ ਕੀ ਹੈ' ਮੇਰੀ ਸੋਚ ਹੈ ਕਿ ਜਾਦੂ ਇੱਕ ਹੱਥ ਦੀ ਸਫਾਈ ਹੈ। ਇਸ ਲਈ 'ਵਿਗਿਆਨ ਜੋਤ' ਰਸਾਲੇ ਮੁਤਾਬਕ ਸਾਨੂੰ ਜਾਦੂ ਟੂਣਿਆਂ ਵਿੱਚ ਨਹੀਂ ਫਸਣਾ ਚਾਹੀਦਾ। ਇਸ ਤੋਂ ਬਾਅਦ ਮੈਂ ਪੜ੍ਹਿਆ ਕਿ 'ਨੱਥ ਉਤਰਾਈ ਸਮਾਜ ਉਤੇ ਕਲੰਕ ਹੈ' ਸੱਚ ਇਹ ਗੱਲ ਬਿਲਕੁਲ ਠੀਕ ਹੈ ਕਿਉਂਕਿ ਇਸ ਨਾਲ ਸਾਡੀ ਅਗਲੀ ਪੀੜ੍ਹੀ ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਇਸ ਤੋਂ ਬਾਅਦ ਮੈਂ ਕਹਾਣੀ "ਕੁਦਰਤ ਨੂੰ ਜਿੱਤਿਆ ਨਹੀਂ ਜਾ ਸਕਦਾ", ਸ਼ੰਕਾ ਨਵਿਰਤੀ, ਭਾਵ ਕਿ ਮਨੁੱਖ ਨੂੰ ਬਾਂਦਰ ਤੋਂ ਮਨੁੱਖ ਬਣਨ ਲਈ ਕਿਹੜੇ ਕਿਹੜੇ ਪੜਾਵਾਂ ਵਿੱਚ ਦੀ ਲੰਘਣਾ ਪਿਆ। ਫਿਰ 'ਸਿੰਦਰਪਾਲ ਕੌਰ ਸੋਹੀ' ਦਾ ਲਿਖਿਆ ਲੇਖ 'ਦੁਨੀਆਂ ਰੰਗ ਬਰੰਗੀ' ਫਿਰ ਮੈਂ 'ਅੰਧਵਿਸ਼ਵਾਸਾਂ ਦੇ ਅਸੀਮ ਸਮੁੰਦਰ ਵਿੱਚੋਂ' ਭਾਵ ਅੱਜ ਦੁਨੀਆ ਅੰਧਵਿਸ਼ਵਾਸਾਂ ਵਿੱਚ ਫਸ ਰਹੀ ਹੈ। ਉਸਨੂੰ ਇਨ੍ਹਾਂ ਵਿੱਚੋਂ ਨਿਕਲਣਾ ਚਾਹੀਦਾ ਹੈ। ਇਹ ਪੜ੍ਹਕੇ ਮੇਰੇ ਮਨ ਤੇ ਬਹੁਤ ਪ੍ਰਭਾਵ ਪਿਆ। ਇਸ ਤੋਂ ਬਾਅਦ ਮੈਂ 'ਅਮਰਜੀਤ ਢਿੱਲੋਂ' ਦੁਆਰਾ ਲਿਖਿਆ "ਦੱਸ ਰੱਬ ਦੇ ਨਾਨਕੇ ਕਿਹੜੇ" ਪੜ੍ਹਕੇ ਮੈਨੂੰ ਬਹੁਤ ਚੰਗਾ ਲੱਗਿਆ। ਫਿਰ ਇਸ ਰਸਾਲੇ ਵਿੱਚ 'ਬਿਜਨੌਰ ਦੀ ਅੱਗ ਦਾ ਰਹੱਸ' ਪੜ੍ਹਕੇ ਮੈਨੂੰ ਕਾਫ਼ੀ ਕੁੱਝ ਸਿੱਖਣ ਨੂੰ ਮਿਲਿਆ।

– ਯੁਗੇਸ਼ ਕੁਮਾਰ, ਜਮਾਤ 10ਵੀਂ
ਸੰਤ ਅਤਰ ਸਿੰਘ ਸੀਨੀ. ਸੈਕੰ. ਸਕੂਲ ਹਰਿਆਊ, ਲਹਿਰਾਗਾਗਾ

### ਮਾਮਲਾ ਰਜਬ ਅਲੀ ਦੀ ਕਵਿਤਾ 'ਤੇ ਪਾਬੰਦੀ ਦਾ ਅਤੇ ਪ੍ਰਕਾਸ਼ਕਾਂ, ਸੰਪਾਦਕਾਂ ਦੀ ਗ੍ਰਿਫ਼ਤਾਰੀ ਦਾ

# ਭਾਈਚਾਰਕ ਸਾਂਝ, ਵਿਚਾਰਾਂ ਦੀ ਆਜ਼ਾਦੀ ਅਤੇ ਹਕੂਮਤੀ ਸਿਆਸਤ



ਬਰਨਾਲਾ ਜੇਲ੍ਹ ਵਿੱਚ ਬੰਦ 'ਵਿਗਿਆਨ ਜੋਤ' ਦੇ ਪ੍ਰਬੰਧਕ ਅਮਿੱਤ ਮਿੱਤਰ
(ਫ਼ੋਟੋ **ਸ੍ਰੀ ਨੀਲ ਕਮਲ** ਪੱਤਰਕਾਰ ਟਾਈਮਜ਼ ਆਫ਼ ਇੰਡੀਆ)

15 ਸਤੰਬਰ ਨੂੰ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਬਰਨਾਲਾ ਪੁਲਿਸ ਨੇ 'ਵਿਗਿਆਨ ਜੋਤ' ਦੇ ਮੁੱਖ ਪ੍ਰਬੰਧਕ ਅਤੇ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਦੇ ਸੰਚਾਲਕ ਅਮਿੱਤ ਮਿੱਤਰ ਨੂੰ ਬਾਬੂ ਰਜਬ ਅਲੀ ਜੀ ਦੇ ਕਿੱਸਿਆਂ ਦੀ ਇੱਕ ਪੁਸਤਕ ਛਾਪਣ ਦੇ ਦੋਸ਼ ਵਿੱਚ ਪਰਚਾ ਦਰਜ ਕਰਕੇ ਜੇਲ੍ਹ ਵਿੱਚ ਡੱਕ ਦਿੱਤਾ। ਇਹ ਕਿੱਸੇ ਪੰਜਾਬ ਦੇ ਇਤਿਹਾਸਕ ਪਿਛੋਕੜ ਵਿੱਚ ਚਰਚਿਤ ਰਹੇ 'ਡਾਕੂਆਂ' ਦੀਆਂ ਵਾਰਾਂ ਉੱਤੇ ਅਧਾਰਿਤ ਹਨ। ਬਾਬੂ ਰਜਬ ਅਲੀ ਨੇ ਇਹਨ੍ਹਾਂ ਕਿੱਸਿਆਂ ਵਿੱਚ ਕੁਝ ਥਾਵਾਂ 'ਤੇ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਸੀ, ਅਜਿਹੇ ਸ਼ਬਦ ਸਾਡੇ ਬਹੁਤ ਸਾਰੇ ਧਾਰਮਿਕ ਗ੍ਰੰਥਾਂ, ਵਾਰਿਸ਼ ਸ਼ਾਹ ਦੀ ਹੀਰ ਜਾਂ ਹੋਰ ਬਹੁਤ ਸਾਰੀਆਂ ਪੁਰਾਣੀਆਂ ਕਿਤਾਬਾਂ ਵਿੱਚ ਆਮ ਹੀ ਵਰਤੇ ਜਾਂਦੇ ਸਨ। ਇਸੇ ਗੱਲ ਨੂੰ ਅਧਾਰ ਬਣਾਕੇ ਸਰਕਾਰ ਨੇ ਇਹ ਪਰਚਾ ਦਰਜ ਕੀਤਾ, ਜਿਸ ਤਹਿਤ ਅਮਿੱਤ ਦੇ ਨਾਲ ਹੀ ਜਗਦੇਵ ਸਿੰਘ ਸਾਹੋਕੇ 'ਤੇ ਵੀ ਇਹ ਪਰਚਾ ਦਰਜ ਕੀਤਾ ਗਿਆ। ਅਜਿਹਾ ਹੀ ਇੱਕ ਪਰਚਾ ਸੰਗਮ ਪ੍ਰਕਾਸ਼ਕ ਸਮਾਣਾ ਦੇ ਮਾਲਕ ਸ੍ਰੀ ਅਸ਼ੋਕ ਗਰਗ ਅਤੇ ਸਖਵਿੰਦਰ ਸਿੰਘ ਸਵਤੰਤਰ ਜੀ 'ਤੇ ਵੀ ਦਰਜ ਕੀਤਾ ਗਿਆ। ਪੰਜਾਬ ਅਤੇ ਦੇਸ਼ ਭਰ ਦੀਆਂ ਬਹੁਤ ਸਾਰੀਆਂ ਅਗਾਂਹਵਧੂ ਸੰਸਥਾਵਾਂ ਅਤੇ ਵਿਅਕਤੀਆਂ ਨੇ ਇਸ ਝੂਠੇ ਪਰਚੇ ਦਾ ਖੁੱਲ੍ਹਕੇ ਵਿਰੋਧ ਕੀਤਾ। ਅੰਗਰੇਜੀ ਦੇ ਅਖ਼ਬਾਰਾਂ ਹਿੰਦੋਸਤਾਨ ਟਾਈਮਜ਼, ਦੀ ਟ੍ਰਿਬਿਊਨ ਅਤੇ ਟਾਈਮਜ਼ ਆਫ਼ ਇੰਡੀਆ ਨੇ ਵੀ ਇਸ ਮਾਮਲੇ ਵਾਰੇ ਬਹੁਤ ਸਾਰੀਆਂ ਖ਼ਬਰਾਂ ਪ੍ਰਕਾਸ਼ਿਤ ਕੀਤਆਂ। ਪੂਰੇ ਮਾਮਲੇ ਬਾਰੇ ਜਾਣਕਾਰੀ ਤੁਸੀਂ whitewashinghistory.blogspot.in/ 'ਤੇ ਵੀ ਲੈ ਸਕਦੇ ਹੋ। ਅਸੀਂ ਪੰਜਾਬ ਅਤੇ ਦੁਨੀਆਂ ਭਰ ਦੀਆਂ ਉਹਨ੍ਹਾਂ ਸਾਰੀਆਂ ਸੰਸਥਾਵਾਂ ਅਤੇ ਮੀਡੀਆ ਦੇ ਧੰਨਵਾਦੀ ਹਾਂ ਜਿੰਨ੍ਹਾਂ ਨੇ ਇਸ ਝੂਠੇ ਪਰਚੇ ਖਿਲਾਫ਼ ਸਾਡਾ ਸਾਥ ਦਿੱਤਾ। ਇਸ ਮਾਮਲੇ ਬਾਰੇ 'ਵਿਗਿਆਨ ਜੋਤ' ਦੇ ਪਾਠਕਾਂ ਹੋਰ ਵਧੇਰੇ ਜਾਣਕਾਰੀ ਦੇਣ ਲਈ ਅਸੀਂ ਸਾਥੀ ਰਣਜੀਤ ਲਹਿਰਾ ਜੀ ਦੀ ਇਹ ਰਚਨਾ ਅਤੇ ਕੁਝ ਪ੍ਰੈਸ ਨੋਟ ਪ੍ਰਕਾਸ਼ਿਤ ਕਰ ਰਹੇ ਹਾਂ। **(ਮੁੱਖ ਸੰਪਾਦਕ)**

ਲੋਕਾਂ ਦੀ ਚੰਗੇਰੀ ਜ਼ਿੰਦਗੀ ਲਈ ਭਾਈਚਾਰਕ ਸਾਂਝ (ਧਾਰਮਿਕ, ਜਾਤੀ ਤੇ ਨਸਲੀ ਆਦਿ) ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਦੋਵੇਂ ਹੀ, ਬਰਕਰਾਰ ਤੇ ਸੁੱਰਖਿਅਤ ਰਹਿਣੇ ਅਤਿ-ਜ਼ਰੂਰੀ ਤੇ ਅਤਿ-ਅਹਿਮ ਹਨ। ਲੋਕਾਂ ਦੀ ਭਾਈਚਾਰਕ ਸਾਂਝ ਅਤੇ ਇਕਜੁੱਟਤਾ ਤੋਂ ਬਿਨਾਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਸੁੱਰਖਿਅਤ ਨਹੀਂ ਰਹਿ ਸਕਦੀ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਗਲ਼ਾ ਘੁੱਟ ਕੇ ਲੋਕਾਂ ਦੀ ਭਾਈਚਾਰਕ ਸਾਂਝ ਅਤੇ ਇਕਜੁੱਟਤਾ ਬਰਕਰਾਰ ਨਹੀਂ ਰੱਖੀ ਜਾ ਸਕਦੀ। ਮੌਜੂਦਾ ਦੌਰ ਦੀ ਲੋਕ ਹਿੱਤਾਂ ਤੋਂ ਸੱਖਣੀ ਹਾਕਮ ਜਮਾਤੀ ਸਿਆਸਤ ਇਨ੍ਹਾਂ ਦੋਵਾਂ ਨੂੰ ਹੀ ਡੂੰਘੇ ਅਤੇ ਉਲਟੇ ਰੁਖ਼ ਪ੍ਰਭਾਵਿਤ ਕਰਦੀ ਹੈ। ਉਸਦੇ ਸੌੜੇ ਸਵਾਰਥੀ ਹਿੱਤ ਭਾਈਚਾਰਕ ਸਾਂਝ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਢਾਹ ਲਾਇਆ ਹੀ ਪੂਰੇ ਹੁੰਦੇ ਹਨ। ਉਂਝ ਹਾਕਮ ਜਮਾਤੀ ਸਿਆਸਤ ਕਦੇ 'ਭਾਈਚਾਰਕ ਸਾਂਝ' ਦੀ ਮੁੱਦਈ ਹੋਣ ਦਾ ਦਿਖਾਵਾ ਕਰਨ ਲਈ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲਣ ਦਾ ਯਤਨ ਕਰਦੀ ਹੈ ਅਤੇ ਕਦੇ ਉਲਟਾ 'ਵਿਚਾਰਾਂ ਦੇ ਪ੍ਰਗਟਾਵੇ' ਦੀ ਪੈਰੋਕਾਰੀ ਕਰਦਿਆਂ ਭਾਈਚਾਰਿਆਂ ਵਿਚਕਾਰ ਨਫ਼ਰਤ ਦੇ ਬੀਜ ਬੀਜਣ ਵਾਲਿਆਂ ਨੂੰ ਪੱਠੇ ਪਾਉਂਦੀ ਹੈ।

ਹਾਲ ਹੀ ਦੇ ਦਿਨਾਂ ਵਿੱਚ ਪੰਜਾਬ ਪੁਲਸ ਵੱਲੋਂ ਪੰਜਾਬ ਦੇ ਪ੍ਰਸਿੱਧ ਕਵੀਸ਼ਰ ਮਰਹੂਮ ਬਾਬੂ ਰਜਬ ਅਲੀ ਦੀਆਂ ਕਵੀਸ਼ਰੀ ਦੀਆਂ ਕਿਤਾਬਾਂ ਦੇ ਦੋ ਸੰਪਾਦਕਾਂ ਅਤੇ ਦੋ ਪ੍ਰਕਾਸ਼ਕਾਂ ਦੇ ਖਿਲਾਫ਼ ਕੀਤੀ ਤੱਤ ਭੜੱਥੀ ਕਾਰਵਾਈ ਨੂੰ ਇਸੇ ਸੰਦਰਤ ਵਿੱਚ ਰੱਖ ਕੇ ਵਿਚਾਰਣ ਦੀ ਲੋੜ ਹੈ। ਇਹ ਦੱਸਣ ਦੀ ਤਾਂ ਲੋੜ ਨਹੀਂ ਕਿ ਬਾਬੂ ਰਜਬ ਅਲੀ (1894-1979) ਪੰਜਾਬੀ ਜਗਤ ਦੇ ਸੁਪ੍ਰਸਿੱਧ ਕਵੀਸ਼ਰ ਹੋਏ ਹਨ। ਉਨ੍ਹਾਂ ਦੀ ਪ੍ਰਸਿੱਧੀ ਆਪਣੇ ਦੌਰ ਵਿੱਚ ਹੀ ਨਹੀਂ ਸੀ ਸਗੋਂ ਉਨ੍ਹਾਂ ਦੀਆਂ ਕਵੀਸ਼ਰੀਆਂ ਅੱਜ ਵੀ ਮਕਬੂਲ ਹਨ।


**ਰਣਜੀਤ ਲਹਿਰਾ**
ਫ਼ੋਨ ਨੰ : 94175-88616


ਉਨ੍ਹਾਂ ਦੀਆਂ ਕਵੀਸ਼ਰੀਆਂ ਦੀਆਂ ਕਿਤਾਬਾਂ ਕਈ ਵਾਰ ਪ੍ਰਕਾਸ਼ਤ ਹੋ ਚੁੱਕੀਆਂ ਹਨ ਅਤੇ ਕਾਲਜਾਂ, ਸਕੂਲਾਂ ਸਮੇਤ ਸਰਕਾਰੀ ਲਾਇਬ੍ਰੇਰੀਆਂ ਵਿੱਚ ਹਰ ਥਾਂ ਮੌਜੂਦ ਹਨ। ਉਨ੍ਹਾਂ ਦੀਆਂ ਕਿਤਾਬਾਂ ਜਾਂ ਕਵੀਸ਼ਰੀਆਂ 'ਤੇ ਪਹਿਲਾਂ ਕਦੇ ਵੀ ਵਿਵਾਦ ਨਹੀਂ ਉੱਠਿਆ ਪਰ ਪਿਛਲੇ ਦਿਨਾਂ 'ਚ ਉਨ੍ਹਾਂ ਦੀਆਂ ਕਵੀਸ਼ਰੀ ਦੀਆਂ ਮੁੜ ਪ੍ਰਕਾਸ਼ਿਤ ਹੋਈਆਂ ਕਿਤਾਬਾਂ ਨੂੰ ਲੈ ਕੇ ਵਿਵਾਦ ਉੱਠ ਖੜ੍ਹਾ ਹੋਇਆ ਹੈ। ਇਹ ਵਿਵਾਦ ਇੱਕ ਬਾਲਮੀਕੀ ਸੰਗਠਨ ਅਤੇ ਇੱਕ ਮਜ਼ਬੀ ਸਿੱਖ ਰਾਖਵਾਂਕਰਨ ਫਰੰਟ ਵੱਲੋਂ ਇਹ ਕਹਿ ਕੇ ਖੜ੍ਹਾ ਕੀਤਾ ਗਿਆ ਕਿ ਕਿਤਾਬਾਂ ਵਿੱਚ ਜਾਤੀ ਸੂਚਕ ਸ਼ਬਦ ਵਰਤੇ ਗਏ ਹਨ। ਇਨ੍ਹਾਂ

ਸੰਗਠਨਾਂ ਵੱਲੋਂ ਇੱਕ ਦੋ ਰੋਸ ਵਿਖਾਵੇ ਵੀ ਕੀਤੇ ਗਏ। ਰੋਸ ਪ੍ਰਗਟ ਕਰਨਾ ਕਿਸੇ ਦਾ ਵੀ ਹੱਕ ਹੈ, ਸੋ ਇਨ੍ਹਾਂ ਸੰਗਠਨਾਂ ਦਾ ਵੀ ਹੱਕ ਹੈ।

ਪਰ ਕਿਸੇ ਮਾਮਲੇ ਜਾਂ ਵਿਵਾਦ ਦੀ ਸੱਚਾਈ ਕੀ ਹੈ ਅਤੇ ਉਸ ਵਿਵਾਦ ਜਾਂ ਮਸਲੇ ਨੂੰ ਹੱਲ ਕਿਵੇਂ ਕਰਨਾ ਹੈ, ਇਹ ਸ਼ਾਸਨ/ਪ੍ਰਸ਼ਾਸ਼ਨ ਦੀ ਜ਼ੁੰਮੇਵਾਰੀ ਬਣਦੀ ਹੈ ਤੇ ਇਸ ਮਾਮਲੇ ਵਿੱਚ ਸਭ ਤੋਂ ਹੈਰਾਨਕੁੰਨ ਰੋਲ ਅਦਾ ਕੀਤਾ ਪੁਲਸ ਪ੍ਰਸਾਸ਼ਨ ਨੇ 15 ਸਤੰਬਰ ਨੂੰ ਇੱਕੋ ਵੇਲੇ ਬਰਨਾਲਾ ਪੁਲਸ ਵੱਲੋਂ 'ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ ਦੇ ਮਾਲਕ ਅਮਿਤ ਮਿੱਤਰ ਅਤੇ ਕਿਤਾਬ ਦੇ ਸੰਪਾਦਕ ਜਗਜੀਤ ਸਿੰਘ ਸਾਹੋਕੇ ਅਤੇ ਸਮਾਣਾ ਪੁਲਸ ਵੱਲੋਂ 'ਸੰਗਮ ਪ੍ਰਕਾਸ਼ਨ, ਸਮਾਣਾ' ਦੇ ਮਾਲਕ ਅਸ਼ੋਕ ਗਰਗ ਅਤੇ ਕਿਤਾਬ ਦੇ ਸੰਪਾਦਕ ਸੁਖਵਿੰਦਰ ਸਿੰਘ ਸੁਤੰਤਰ ਖਿਲਾਫ਼ ਐਸ. ਸੀ. ਐਸ. ਟੀ. ਐਕਟ ਦੀ ਧਾਰਾ 3.1 (x) ਅਤੇ ਆਈ. ਪੀ. ਸੀ. ਦੀ ਧਾਰਾ 153 (A) (ਯਾਨੀ ਭਾਈਚਾਰਿਆਂ ਵਿਚਕਾਰ ਨਫ਼ਰਤ ਪੈਦਾ ਕਰਨ) ਤਾਹਿਤ ਕੇਸ ਦਰਜ ਕਰਕੇ ਚਾਰਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸਟਾਕ ਵਿਚਲੀਆਂ ਕਿਤਾਬਾਂ ਜਬਤ ਕਰ ਲਈਆਂ ਗਈਆਂ। ਹੈਰਾਨੀਜਨਕ ਗੱਲ ਇਹ ਹੈ ਕਿ ਇਨ੍ਹਾਂ ਸਭਨਾਂ ਖਿਲਾਫ਼ ਸ਼ਕਾਇਤ ਕਰਤਾ ਜਾਂ ਮੁੱਦਈ ਕੋਈ ਹੋਰ ਨਹੀਂ ਸਗੋਂ ਬਰਨਾਲਾ ਤੇ ਸਮਾਣਾ ਪੁਲਸ ਦੇ ਡੀ. ਐਸ. ਪੀ. ਖੁਦ ਹੀ ਹਨ। ਇਨ੍ਹਾਂ ਦੋਵਾਂ ਪ੍ਰਕਾਸ਼ਨਾਂ ਨੇ ਇਹ ਕਿਤਾਬਾਂ ਸੰਨ 2010 (ਸੰਗਮ ਪ੍ਰਕਾਸ਼ਨ, ਸਮਾਣਾ) ਅਤੇ ਸੰਨ 2011 (ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ) ਵਿੱਚ ਪ੍ਰਕਾਸ਼ਿਤ ਕੀਤੀਆਂ ਸਨ। ਹੋਰ ਵੀ ਹੈਰਾਨੀਜਨਕ ਗੱਲ ਇਹ ਹੈ ਕਿ ਸੰਨ 2011 ਵਿੱਚ ਹੀ ਬਾਬੂ ਰਜਬ ਅਲੀ ਦੀ ਕਵੀਸ਼ਰੀ ਦੀ ਕਿਤਾਬ ਪ੍ਰਕਾਸ਼ਤ ਕਰਨ ਵਾਲੇ ਲੁਧਿਆਣੇ ਦੇ ਇੱਕ ਪ੍ਰਕਾਸ਼ਿਕ ਖਿਲਾਫ਼ ਅਜੇ ਤੱਕ ਨਾ ਕੋਈ ਕਾਰਵਾਈ ਕੀਤੀ ਗਈ ਹੈ ਤੇ ਨਾ ਹੀ ਉਨ੍ਹਾਂ ਦੀ ਕਿਤਾਬ 'ਤੇ ਰੋਕ ਲਾਈ ਗਈ ਹੈ।

ਪੁਲਸ ਪ੍ਰਸ਼ਾਸਨ ਵੱਲੋਂ ਦੋ ਸੰਪਾਦਕਾਂ ਤੇ ਦੋ ਪ੍ਰਕਾਸ਼ਕਾਂ ਖਿਲਾਫ਼, ਆਪੇ ਮੁੱਦਈ ਬਣ ਕੇ, ਕੀਤੀ ਇਹ ਕਾਰਵਾਈ ਉਦੋਂ ਹੋਰ ਵੀ ਗੰਭੀਰ ਸੁਆਲਾਂ 'ਚ ਘਿਰ ਗਈ ਜਦੋਂ ਅਨੁਸੂਚਿਤ ਜਾਤੀ ਦੇ ਅਨੁਸੂਚਿਤ ਜਨਜਾਤੀ ਕਮਿਸ਼ਨ ਦੇ ਮੈਂਬਰ ਸ. ਦਲੀਪ ਸਿੰਘ ਪਾਂਧੀ ਨੇ ਸਰਕਾਰ ਨੂੰ ਪੱਤਰ ਜਾਰੀ ਕਰਕੇ ਦੋਵੇਂ ਸੰਪਾਦਕਾਂ ਨੂੰ ਐਸ. ਸੀ. ਐਸ. ਟੀ. ਐਕਟ ਤਹਿਤ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਨੂੰ ਗ਼ੈਰ ਕਾਨੂੰਨੀ ਕਰਾਰ ਦੇ ਦਿੱਤਾ ਕਿਉਂ ਜੋ ਦੋਵੇਂ ਸੰਪਾਦਕ ਖੁਦ ਦਲਿਤ ਭਾਈਚਾਰੇ ਨਾਲ ਸਬੰਧਤ ਹਨ। ਇਸ 'ਤੇ ਪੁਲਸ ਨੇ ਝੱਟ ਦੋਵਾਂ ਸੰਪਾਦਕਾਂ ਤੋਂ ਐਸ. ਸੀ. ਐਸ. ਟੀ. ਐਕਟ ਵਾਲਾ ਕੇਸ ਵਾਪਸ ਲੈ ਲਿਆ ਪਰ ਧਾਰਾ 153-A ਤਹਿਤ ਕੇਸ ਬਰਕਰਾਰ ਰੱਖਿਆ ਹੋਇਆ ਹੈ। ਮਾਮਲੇ 'ਚ ਮੁਦੱਈ ਦੋਵੇਂ ਡੀ. ਐਸ. ਪੀ. ਹੁਣ ਇਹ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਸੰਪਾਦਕਾਂ ਦੇ ਦਲਿਤ ਹੋਣ ਦਾ ਪਤਾ ਨਹੀਂ ਸੀ। ਪਰ ਦੋਵਾਂ ਡੀ. ਐਸ. ਪੀਜ਼ ਦੇ ਦਸਤਖ਼ਤਾਂ ਵਾਲੇ ਐਫ. ਆਈ. ਆਰ. ਦੇ ਦਸਤਾਵੇਜ਼ਾਂ 'ਚ ਬਾਕਾਇਦਾ ਦੋਵਾਂ ਸੰਪਾਦਕਾਂ ਦੀ ਜਾਤੀ 'ਰਵੀਦਾਸੀਆਂ ਸਿੱਖ' ਦਰਜ ਕੀਤੀ ਹੋਈ ਹੈ। ਦੋਵੇਂ ਪੁਸਤਕਾਂ ਦੇ ਸੰਪਾਦਕਾਂ ਦਾ ਖੁਦ ਦਲਿਤ ਹੋਣਾ ਇਹ ਵੀ ਸਪਸ਼ਟ ਕਰਦਾ ਹੈ ਕਿ ਬਾਬੂ ਰਜਬ ਅਲੀ ਦੀਆਂ ਪੁਸਤਕਾਂ ਸੰਪਾਦਿਤ ਤੇ ਪ੍ਰਕਾਸ਼ਕ ਕਰਨ ਦਾ ਮਨੋਰਥ ਕਿਸੇ ਵੀ ਰੂਪ 'ਚ ਦਲਿਤ ਭਾਈਚਾਰੇ ਦੇ ਸਵੈਮਾਨ ਨੂੰ ਠੇਸ ਪਹੁੰਚਾਉਣਾ ਜਾਂ ਭਾਈਚਾਰਕ ਸਾਂਝ ਨੂੰ ਸੱਟ ਮਾਰਨਾ ਨਹੀਂ ਸੀ। ਇਹ ਗੱਲ ਦੋਵਾਂ ਸੰਪਾਦਕਾਂ ਤੇ ਦੋਵਾਂ ਪ੍ਰਕਾਸ਼ਕਾਂ ਦੇ ਪਿਛੋਕੜ ਤੋਂ ਵੀ ਜੱਗ ਜ਼ਾਹਿਰ ਹੁੰਦੀ ਹੈ। ਦੋਵੇਂ ਪ੍ਰਕਾਸ਼ਨ ਹਾਊਸ, ਖਾਸ ਤੌਰ 'ਤੇ ਬਰਨਾਲੇ ਵਾਲਾ 'ਵਿਸ਼ਵ ਭਾਰਤੀ ਤੇ ਤਰਕ ਭਾਰਤੀ' ਪ੍ਰਕਾਸ਼ਨ ਹਾਊਸ ਨਿਰੋਲ ਅਗਾਂਹਵਧੂ, ਤਰਕਸ਼ੀਲ, ਇਨਕਲਾਬੀ ਤੇ ਲੋਕ ਪੱਖੀ ਸਾਹਿਤ ਪ੍ਰਕਾਸ਼ਤ ਕਰਨ ਕਰਕੇ ਪੰਜਾਬ ਭਰ ਵਿੱਚ ਹੀ ਨਹੀਂ, ਦੇਸ਼-ਬਦੇਸ਼ ਤੱਕ ਵੀ, ਜਾਣਿਆ ਜਾਂਦਾ ਹੈ।



ਮਹਾਨ ਸ਼ਾਇਰ ਬਾਬੂ ਰਜਬ ਅਲੀ ਖਾਂ ਜੀ ਦਾ ਜਨਮ ਮੁਸਲਮਾਨ ਰਾਜਪੂਤ ਘਰਾਣੇ ਵਿਚ ਵਰਿਆਮ ਗੋਤਮੀਆਂ ਧਮਾਲੀ ਖਾਂ ਦੇ ਘਰ ਮਾਤਾ ਜਿਉਣੀ ਦੇ ਕੁੱਖੋਂ 10 ਅਗਸਤ 1894 ਈ: ਨੂੰ ਜ਼ਿਲ੍ਹਾ ਫਿਰੋਜ਼ਪੁਰ ਤੇ ਹੁਣ ਜ਼ਿਲ੍ਹਾ ਮੋਗਾ ਤਹਿਸ਼ੀਲ ਬਾਘਾ ਪੁਰਾਣਾ ਦੇ ਪਿਆਰੇ ਪਿੰਡ ਸਾਹੋਕੇ ਵਿਖੇ ਹੋਇਆ। ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਬਾਰੇ ਰਜਬ ਅਲੀ ਦਾ ਕਿੱਸਾ 'ਪੰਜ ਪਸਤੋਲਾਂ ਵਾਲੇ ਕਰਦੇ ਫ਼ਾਇਰ ਫਰੰਗੀ ਤੇ' ਬਹੁਤ ਹੀ ਮਸ਼ਹੂਰ ਹੋਇਆ ਹੈ।

ਇਹ ਗੱਲ ਤਾਂ ਅੱਜ ਹਰ ਕੋਈ ਜਾਣਦਾ ਹੈ ਕਿ ਪੰਜਾਬ ਦੀ ਅਕਾਲੀ ਭਾਜਪਾ ਹਕੂਮਤ ਨੇ ਪੰਜਾਬ ਦੇ ਸਮੁੱਚੇ ਪ੍ਰਸ਼ਾਸਨ, ਖ਼ਾਸ ਕਰ ਪੁਲਸ ਪ੍ਰਸ਼ਾਸਨ ਦਾ ਇਸ ਹੱਦ ਤੱਕ ਸਿਆਸੀਕਰਨ ਕਰ ਦਿੱਤਾ ਹੈ ਕਿ ਪ੍ਰਸ਼ਾਸ਼ਨਿਕ ਅਧਿਕਾਰੀ ਵੱਡੇ ਤਾਂ ਕੀ ਛੋਟੇ-ਛੋਟੇ ਮਾਮਲਿਆਂ 'ਚ ਵੀ ਸੱਤਾ ਦੇ ਗਲਿਆਰਿਆਂ ਜਾਂ 'ਹਲਕਾ ਇੰਚਾਰਜਾਂ' ਦੀ ਹਰੀ ਝੰਡੀ ਬਿਨਾਂ ਇੱਕ ਦਮ ਵੀ ਪੁੱਟਣ ਦੀ ਹਾਲਤ 'ਚ ਨਹੀਂ। ਅਜਿਹੀ ਹਾਲਤ 'ਚ ਸਾਡਾ ਮੰਨਣਾ ਹੈ ਕਿ ਇਕੋ ਸਮੇਂ ਭਾਈਚਾਰਕ ਸਾਂਝ ਅਤੇ ਵਿਚਾਰਾਂ ਦੇ ਪ੍ਰਗਟਾਵੇ ਨਾਲ ਜੁੜੇ ਇਸ ਅੰਤ ਸੰਵੇਦਨਸ਼ੀਲ ਮਾਮਲੇ 'ਚ ਪੁਲਸ ਵੱਲੋਂ ਜਿਵੇਂ ਤੱਟ-ਫੱਟ ਤੇ ਸਖ਼ਤ ਕਾਰਵਾਈ ਕੀਤੀ ਗਈ ਹੈ ਉਹ ਦੋ ਡੀ. ਐਸ. ਪੀਜ਼ ਜਾਂ ਪੁਲਸ ਪ੍ਰਸਾਸ਼ਨ ਦੀ ਆਪਣੇ ਪੱਧਰ 'ਤੇ ਕੀਤੀ ਤੇ ਵਿਉਂਤੀ ਕਾਰਵਾਈ ਨਹੀਂ। ਨਿਸਚੇ ਹੀ ਸੰਪਾਦਕਾਂ ਤੇ ਦੋ ਜਾਣੇ ਜਾਂਦੇ ਪ੍ਰਕਾਸ਼ਕਾਂ ਖਿਲਾਫ਼ ਇਸ ਪੁਲਸੀਆਂ ਕਾਰਵਾਈ ਲਈ ਹਰੀ ਝੰਡੀ ਸੱਤਾ ਦੇ ਗਲਿਆਰਿਆਂ ਵਿਚਲੇ ਉਚ ਅਕਾਲੀ-ਭਾਜਪਾ ਸੂਤਰਾਂ ਵੱਲੋਂ ਦਿੱਤੀ ਗਈ ਹੋਵੇਗੀ। ਨਹੀਂ ਤਾਂ ਕੋਈ ਵਜਾਹ ਨਹੀਂ ਕਿ ਪੰਜਾਬ ਭਰ ਅੰਦਰ ਨਿੱਤ ਦਿਨ ਦਲਿਤਾਂ ਨਾਲ ਘੋਰ ਜ਼ਿਆਦਤੀ ਦੀਆਂ ਘਟਨਾਵਾਂ 'ਚ ਵੀ ਐਸ. ਸੀ. ਐਸ. ਟੀ. ਕਾਨੂੰਨ ਲਾਗੂ ਨਾ ਕਰਨ ਵਾਲੀ ਪੰਜਾਬ ਪੁਲਸ, ਬਿਨਾਂ ਕਿਸੇ ਠੋਸ ਸ਼ਕਾਇਤ ਦੇ, ਆਪੇ ਮੁੱਦਈ ਬਣ ਕੇ ਐਸ. ਸੀ. ਐਸ. ਟੀ. ਕਾਨੂੰਨ ਅਧੀਨ ਕਾਰਵਾਈ ਕਰੇ, ਉਹ ਵੀ ਦੋ ਦਲਿਤ ਸੰਪਾਦਕਾਂ ਸਮੇਤ ਪ੍ਰਕਾਸ਼ਕਾਂ 'ਤੇ।

ਜ਼ਾਹਿਰ ਹੈ ਇਸ ਸਮੁੱਚੇ ਮਾਮਲੇ 'ਚ ਹਾਕਮ ਜਮਾਤੀ ਸਿਆਸਤ ਦਾ ਕੁੰਜੀਵਤ ਪਰਦੇ ਪਿੱਛੇ ਰਹਿੰਦਿਆਂ ਰੋਲ ਹੈ। ਹਾਕਮ ਗੱਠਜੋੜ ਨੇ ਇੱਕ ਤੀਰ ਨਾਲ ਦੋ ਨਿਸ਼ਾਨੇ ਛੱਡਣ ਦੀ ਕੋਸ਼ਿਸ਼ ਕੀਤੀ ਹੈ। ਇੱਕ ਪਾਸੇ ਤਾਂ ਉਸਨੇ ਖੱਬੀ, ਤਰਕਸ਼ੀਲ, ਅਗਾਂਹਵਧੂ ਤੇ ਲੋਕ ਹਿੱਤੂ ਸੋਚ 'ਤੇ ਪਹਿਰਾ ਦੇਣ ਵਾਲੇ ਸੰਪਾਦਕਾਂ 'ਤੇ ਪ੍ਰਕਾਸ਼ਕਾਂ ਦੀ ਸੁਰਤ ਟਿਕਾਣੇ ਲਿਆਉਣ ਦਾ ਯਤਨ ਕੀਤਾ ਹੈ। ਪਾਠਕਾਂ ਨੂੰ ਯਾਦ ਹੋਵੇਗਾ ਅਕਾਲੀ-ਭਾਜਪਾ ਗੱਠਜੋੜ ਨੇ ਆਪਣੀ ਪਿਛਲੀ ਪਾਰੀ ਵੱਲੋਂ ਸੰਨ 2010 ਵਿੱਚ ਜਦੋਂ ਪੰਜਾਬ ਦੇ ਸੰਘਰਸ਼ਸੀਲ ਲੋਕਾਂ ਦੀ ਜ਼ੁਬਾਨ ਬੰਦ ਕਰਨ ਲਈ ਦੋ ਕਾਲੇ ਕਾਨੂੰਨ ਪਾਸ ਕਰਨ ਦਾ ਯਤਨ ਕੀਤਾ ਸੀ ਉਸ ਵੇਲੇ ਧਾਰਾ 295 ਨੂੰ ਸੋਧ ਕੇ ਅਗਾਂਹਵਧੂ ਤੇ ਲੋਕ ਪੱਖੀ ਕਲਮਕਾਰਾਂ ਤੇ ਪ੍ਰਕਾਸ਼ਕਾਂ ਦੇ 'ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ' ਦੇ ਗਲ਼ ਗੂਠਾ ਦੇਣ ਦੀ ਕੋਸ਼ਿਸ਼ ਵੀ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਸੰਘਰਸ਼ਸ਼ੀਲ ਲੋਕਾਂ ਦੇ ਏਕੇ ਤੇ ਸੰਘਰਸ਼ ਨੇ

ਅਕਾਲੀ-ਭਾਜਪਾ ਹਕੂਮਤ ਦੇ ਉਹ ਤਾਨਾਸ਼ਾਹੀ ਯਤਨ ਠੁਸ ਕਰ ਦਿੱਤੇ ਸਨ, ਪਰ ਇਸ ਨਾਲ ਅਕਾਲੀ ਭਾਜਪਾ ਹਕੂਮਤ ਦੀ ਤਾਨਾਸ਼ਾਹ ਫਿਤਰਤ ਤਾਂ ਨਹੀਂ ਨਾ ਬਦਲ ਗਈ ਸੀ। ਸੋ ਉਸ ਨੇ ਉਹ ਟੇਢੀ ਉਂਗਲ ਨਾਲ ਘੀ ਕੱਢਣ ਵਾਲੀ ਚਾਲ ਚੱਲੀ ਹੈ। ਦੂਜਾ ਨਿਸ਼ਾਨਾ, ਇਸ ਚਾਲ ਰਾਹੀਂ ਅਕਾਲੀ-ਭਾਜਪਾ ਗੱਠਜੋੜ ਨੇ ਅਗਾਂਹਵਧੂ ਤੇ ਲੋਕ ਹਿੱਤੂ ਕਲਮਕਾਰਾਂ ਤੇ ਪ੍ਰਕਾਸ਼ਕਾਂ ਨੂੰ ਦਲਿਤ ਵਿਰੋਧੀਆਂ ਵਜੋਂ ਪੇਸ਼ ਕਰਕੇ ਖੁਦ ਨੂੰ ਦਲਿਤ ਹਿਤੈਸ਼ੀ ਸਾਬਤ ਕਰਕੇ ਵਿਸ਼ਾਲ ਦਲਿਤ ਵੋਟ ਬੈਂਕ ਨੂੰ ਛੁੰਡਣ ਵੱਲ ਸੇਧਿਆ ਹੈ। ਪੰਜਾਬ ਇੱਕ ਅਜਿਹਾ ਸੂਬਾ ਹੈ ਜਿੱਥੇ ਵਸੋਂ ਦੇ ਅਨੁਪਾਤ ਦੇ ਹਿਸਾਬ ਨਾਲ ਸਭ ਤੋਂ ਵਧੇਰੇ ਦਲਿਤ ਵਸੋਂ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਦੀ ਕੁੱਲ ਵਸੋਂ 'ਚੋਂ 40 ਫੀਸਦੀ ਤੋਂ ਵਧੇਰੇ ਦਲਿਤ ਹਨ।

ਹਾਕਮ ਜਮਾਤੀ ਸਿਆਸਤ ਦੇ ਹਿਸਾਬ ਨਾਲ ਦੇਖਿਆਂ ਦਲਿਤ ਵੋਟ ਬੈਂਕ ਸੱਤਾ ਦੀ ਖੇਡ ਵਿੱਚ ਨਿਰਣਾਇਕ ਰੋਲ ਅਦਾ ਕਰਨ ਵਾਲਾ ਹੈ। ਅਕਾਲੀ-ਭਾਜਪਾ ਗੱਠਜੋੜ ਦੀਆਂ ਦੋਵੇਂ ਧਿਰਾਂ, ਮਲਕ ਭਾਗੋਆਂ ਦੇ ਵਾਰਿਸ ਅਕਾਲੀ ਦਲ ਅਤੇ ਮਨੂਵਾਦੀ ਭਾਜਪਾ ਦਾ ਦਲਿਤ ਹਿੱਤਾਂ ਨਾਲ ਦੂਰ-ਦੂਰ ਦਾ ਵੀ ਵਾਸਤਾ ਨਹੀਂ ਪਰ ਵੋਟਾਂ ਦੀ ਸਿਆਸਤ ਦੀ ਮਜ਼ਬੂਰੀ ਉਨ੍ਹਾਂ ਨੂੰ ਦਲਿਤ ਹਿਤੈਸ਼ੀ ਹੋਣ ਦਾ ਮਖੌਟਾ ਪਹਿਨਣ ਲਈ ਮਜ਼ਬੂਰ ਕਰਦੀ ਹੈ।

ਕਿਉਂ ਜੋ, ਬਾਬੂ ਰਜਬ ਅਲੀ ਦੀਆਂ ਕਿਤਾਬਾਂ ਸੰਪਾਦਿਤ ਕਰਨ ਅਤੇ ਪ੍ਰਕਾਸ਼ਿਤ ਕਰਨ ਪਿੱਛੇ ਇਨ੍ਹਾਂ ਸੰਪਾਦਕਾਂ ਜਾਂ ਪ੍ਰਕਾਸ਼ਕਾਂ ਦਾ ਕੋਈ ਗੁੱਝਾ ਉਦੇਸ਼ ਜਾਂ ਦਲਿਤ-ਵਿਰੋਧੀ ਭਾਵਨਾ ਨਹੀਂ ਸੀ ਇਸ ਲਈ ਇਨ੍ਹਾਂ ਸੰਪਾਦਕਾਂ ਤੇ ਪ੍ਰਕਾਸ਼ਕਾਂ ਦੇ ਹੱਕ ਵਿੱਚ ਨਾ ਸਿਰਫ਼ ਪੰਜਾਬ ਦੀਆਂ ਜਨਤਕ-ਜਮਹੂਰੀ ਜਥੇਬੰਦੀਆਂ ਹੀ ਤੁਰੰਤ ਸਰਗਰਮ ਹੋ ਗਈਆਂ ਸਗੋਂ ਦਲਿਤ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਵੀ ਇਸ ਘਿਨਾਉਣੀ ਪੁਲਸੀਆਂ ਕਾਰਵਾਈ ਤੇ ਸਿਆਸੀ ਚਾਲ ਦੇ ਖਿਲਾਫ਼ ਆਵਾਜ਼ ਉਠਾਈ ਹੈ।

ਦੇਸ਼ ਦੀਆਂ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੀਆਂ ਪੀ. ਯੂ. ਸੀ. ਐਲ., ਏ. ਐਫ. ਡੀ. ਆਰ. ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਵਰਗੀਆਂ ਨਾਮਵਾਰ 20 ਜਥੇਬੰਦੀਆਂ ਦੀ 'ਕੋਆਰਡੀਨੇਸ਼ਨ ਆਫ ਡੈਮੋਕ੍ਰੈਟਿਕ ਰਾਈਟਸ ਆਰਗੇਨਾਈਜ਼ੇਸ਼ਨ (ਸੀ. ਡੀ. ਆਰ. ਓ.) ਵੱਲੋਂ ਵੀ ਉਕਤ ਸੰਪਾਦਕਾਂ ਤੇ ਪ੍ਰਕਾਸ਼ਕਾਂ ਖਿਲਾਫ਼, ਪੁਲਸ ਕਾਰਵਾਈ, ਗ੍ਰਿਫ਼ਤਾਰੀ ਤੇ ਐਸ. ਸੀ. ਐਸ. ਟੀ. ਐਕਟ ਲਾਗੂ ਕਰਨ ਦੀ ਘੋਰ ਆਲੋਚਨਾ ਕੀਤੀ ਹੈ।

ਪੰਜਾਬ ਦੇ ਜਮਹੂਰੀ ਤੇ ਵਿਚਾਰਾਂ ਦੇ ਪ੍ਰਗਟਾਵੇ ਤੇ ਪ੍ਰੈਸ ਦੀ ਆਜ਼ਾਦੀ ਦੇ ਮੁਦੱਈ ਸਮੂਹ ਚੇਤਨ ਤੇ ਸੰਘਰਸ਼ਸ਼ੀਲ ਲੋਕਾਂ ਨੂੰ ਇਸ ਮਾਮਲੇ 'ਚ ਪੂਰੀ ਸ਼ਿੱਦਤ ਨਾਲ ਦਖਲਅੰਦਾਜ਼ੀ ਕਰਨ ਦੀ ਲੋੜ ਹੈ। ਜੇਕਰ ਇੰਝ ਨਹੀਂ ਹੁੰਦਾ ਤਾਂ ਭਲਕ ਨੂੰ ਸਾਡੇ ਸਮਾਜ ਦੇ ਕਰੂਰ ਜਾਤੀ ਤੇ ਅੰਧ ਵਿਸਵਾਸੀ ਯਥਾਰਥ ਦੀ ਦਲਿਤਾਂ, ਪਛੜਿਆਂ ਤੇ ਲੁੱਟੇ-ਨਪੀੜੇ ਲੋਕਾਂ ਦੇ ਹੱਕ 'ਚ ਪੇਸ਼ਕਾਰੀ ਲਈ ਕਿਸੇ ਵੀ ਪੁਰਾਤਨ ਗ੍ਰੰਥਾਂ, ਇਤਿਹਾਸਿਕ ਤੇ ਮਿਥਿਹਾਸਕ ਸ਼ਾਸਤਰਾਂ ਵਿੱਚੋਂ ਕੋਈ ਵੀ ਟੂਕ ਦੇਣੀ ਜਾਂ ਕੋਈ ਵੀ ਖੋਜ ਕਰਨੀ ਜਾਂ ਇਤਿਹਾਸ-ਮਿਥਿਹਾਸ ਵਿਚਕਾਰ ਨਿਖੇੜੇ ਦੀ ਲੀਕ ਖਿੱਚਣੀ ਨਾ-ਮੁਮਕਿਨ ਹੋ ਜਾਵੇਗੀ।

# ਲੇਖਕਾਂ ਤੇ ਕਲਾਕਾਰਾਂ ਵਲੋਂ ਰਜਬ ਅਲੀ ਦੀ ਕਵਿਤਾ 'ਤੇ ਪ੍ਰਕਾਸ਼ਕਾਂ ਨੂੰ ਗ੍ਰਿਫ਼ਤਾਰ ਕਰਨ ਦੇ ਮਾਮਲੇ 'ਤੇ ਪ੍ਰੈਸ ਬਿਆਨ

ਬਾਬੂ ਰਜਬ ਅਲੀ ਦੀਆਂ ਕਵਿਤਾਵਾਂ ਦੀਆਂ ਪੁਰਾਣੀਆਂ ਕਿਤਾਬਾਂ ਮੁੜ ਛਾਪਣ ਲਈ ਦੋ ਸੰਪਾਦਕਾਂ ਅਤੇ ਦੋ ਪ੍ਰਕਾਸ਼ਕਾਂ ਨੂੰ ਅਨੁਸੂਚਿਤ ਜਾਤੀ ਅਤੇ ਜਨਜਾਤੀ ਐਕਟ ਤਹਿਤ ਕਿਤਾਬ 'ਚ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕਰਨ ਲਈ ਗ੍ਰਿਫ਼ਤਾਰ ਕਰਨਾ ਪੰਜਾਬ ਸਰਕਾਰ ਵੱਲੋਂ ਚੁੱਕਿਆ ਵਿਚਾਰਹੀਣ ਅਤੇ ਬੇਰਹਿਮ ਕਦਮ ਹੈ। ਅਸੀਂ ਸਮਝਦੇ ਹਾਂ ਕਿ ਤਰਕ ਭਾਰਤੀ ਪ੍ਰਕਾਸ਼ਨ ਦੇ ਅਮਿਤ ਮਿੱਤਰ ਅਤੇ ਸੰਗਮ ਪ੍ਰਕਾਸ਼ਨ ਦੇ ਅਸ਼ੋਕ ਗਰਗ ਤੇ ਸੰਪਾਦਕ ਮੋਗਾ ਵਾਸੀ ਜਗਜੀਤ ਸਿੰਘ ਸਾਹੋਕੇ ਅਤੇ ਸਮਾਣਾ ਵਾਸੀ ਸਵਤੰਤਰ ਨੂੰ ਪੰਜਾਬ ਪੁਲੀਸ ਨੇ 15 ਸਤੰਬਰ ਨੂੰ ਪੰਜਾਬ ਸਰਕਾਰ ਦੇ ਹੁਕਮ 'ਤੇ ਗ੍ਰਿਫ਼ਤਾਰ ਕਰਨਾ ਨਿਸਚਿਤ ਤੌਰ 'ਤੇ ਵਿਅਕਤੀ ਦੀ ਅਕਾਦਮਿਕ ਅਜ਼ਾਦੀ 'ਤੇ ਹਮਲਾ ਹੈ।

ਬਾਬੂ ਰਜਬ ਅਲੀ (1894-1979) ਪੰਜਾਬ ਦੇ ਮਸ਼ਹੂਰ ਕਵੀ ਸਨ। ਭਾਰਤ ਦੇ ਅਜ਼ਾਦ ਹੋਣ ਤੋਂ ਪਹਿਲਾਂ ਉਨ੍ਹਾਂ ਦੀਆਂ ਕਈ ਕਵਿਤਾਵਾਂ ਛਪੀਆਂ, ਜਿਨ੍ਹਾਂ 'ਚ ਹੀਰ ਰਾਂਝਾ, ਦੁੱਲ੍ਹਾ ਭੱਟੀ, ਮਿਰਜ਼ਾ ਸਾਹਿਬਾਂ ਅਤੇ ਭਗਤ ਸਿੰਘ ਵਰਗੇ ਮਹਾਨ ਪੰਜਾਬੀ ਕਥਾਵਾਂ ਅਤੇ ਕਿੱਸੇ ਸ਼ਾਮਲ ਹਨ। ਉਨ੍ਹਾਂ ਦੇ ਮਹਾਨ ਕੰਮਾਂ ਨੂੰ ਪੰਜਾਬ ਦੇ ਭਾਸ਼ਾ ਵਿਭਾਗ ਅਤੇ ਹੋਰ ਕਈ ਪ੍ਰਕਾਸ਼ਕਾਂ ਨੇ ਛਾਪਿਆ। ਕੰਮ ਦੇ ਮੁੜ ਪ੍ਰਕਾਸ਼ਨ ਨੂੰ ਅਪਰਾਧਕ ਮਾਮਲਾ ਨਹੀਂ ਮੰਨਿਆ ਜਾ ਸਕਦਾ। ਬਾਬੂ ਰਜਬ ਅਲੀ ਦੀਆਂ ਕਵਿਤਾਵਾਂ 'ਚ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਨੂੰ ਇਤਿਹਾਸਕ ਰੂਪ 'ਚ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਸਾਰੀਆਂ ਕਵਿਤਾਵਾਂ ਬਹੁਤ ਪੁਰਾਣੀਆਂ ਹਨ। ਅਕਾਦਮਿਕ ਕੰਮਾਂ 'ਚ ਜਾਤੀ ਦੇ ਨਾਵਾਂ ਦੀ ਵਰਤੋਂ ਕਰਨਾ ਇਤਰਾਜ਼ਯੋਗ ਨਹੀਂ ਹੋਣਾ ਚਾਹੀਦਾ। ਕਈ ਵਿਦਵਾਨਾਂ ਨੇ ਕਵਿਤਾਵਾਂ/ਕਹਾਣੀਆਂ ਲਿਖਣ ਦੀ ਸ਼ੁਰੂਆਤ 'ਚ ਹੀ ਸਪੱਸ਼ਟ ਕੀਤਾ ਸੀ ਕਿ ਆਪਣੀਆਂ ਰਚਨਾਵਾਂ 'ਚ ਜਾਤੀਆਂ ਦੇ ਨਾਵਾਂ ਦੀ ਵਰਤੋਂ ਆਪਣੀ ਗੱਲ ਨੂੰ ਸਮਝਾਉਣ ਲਈ ਕਰਦੇ ਹਨ, ਨਾ ਕਿ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ। ਜੇਕਰ ਇਸ ਮਾਮਲੇ 'ਚ ਦੇਖਿਆ ਜਾਵੇ ਤਾਂ ਇਨ੍ਹਾਂ ਕਵਿਤਾਵਾਂ ਦੀਆਂ ਕਿਤਾਬਾਂ 'ਚ ਜਾਤੀਆਂ ਨੂੰ ਸੰਬੋਧਤ ਕਰਨ ਪਿੱਛੇ ਕਿਸੇ ਦਾ ਦਿਲ ਦੁਖਾਉਣਾ ਪ੍ਰਕਾਸ਼ਕਾਂ ਤੇ ਸੰਪਾਦਕਾਂ ਦਾ ਉਦੇਸ਼ ਨਹੀਂ ਸੀ। ਇਹ ਮਾਮਲਾ ਡੂੰਘਾਈ ਨਾਲ ਸਮਝਣ ਵਾਲਾ ਹੈ। ਇਸ ਮਾਮਲੇ 'ਚ ਪੰਜਾਬ ਸਰਕਾਰ ਰੁੱਖੇ ਢੰਗ ਨਾਲ ਪੇਸ਼ ਆ ਰਹੀ ਹੈ, ਇਹ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਪੰਜਾਬ ਸਰਕਾਰ ਨੇ ਕਿਤਾਬਾਂ 'ਚੋਂ ਜਿਹੜੀ ਜਾਤੀਸੂਚਕ ਸ਼ਬਦਾਵਲੀ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਪ੍ਰਾਚੀਨ ਪੰਜਾਬੀ ਸਾਹਿਤ 'ਚ ਮੌਜੂਦ ਰਿਵਾਇਤੀ ਜਾਤੀਆਂ ਦੇ ਨਾਵਾਂ ਨੂੰ ਧਿਆਨ 'ਚ ਰੱਖ ਕੇ ਹਟਾਉਣ ਦੀ ਲੋੜ ਹੈ। ਇਸ ਸਮੱਗਰੀ 'ਚ ਪੰਜਾਬ ਸਰਕਾਰ ਦੀਆਂ ਯੂਨੀਵਰਸਿਟੀਆਂ ਅਤੇ ਵਿਭਾਗਾਂ 'ਚ ਛਪਣ ਵਾਲੀਆਂ ਭਾਈ ਗੁਰਦਾਸ, ਵਾਰਸ ਸ਼ਾਹ, ਸ਼ਾਹ ਹੁਸੈਨ ਅਤੇ ਧਨੀ ਰਾਮ ਚਾਤਰਿਕ ਦੀਆਂ ਕਵਿਤਾਵਾਂ ਹੀ ਨਹੀਂ, ਸਗੋਂ ਪਵਿੱਤਰ ਗੁਰੂ ਗ੍ਰੰਥ ਸਾਹਿਬ ਵੀ ਸ਼ਾਮਲ ਹਨ।

ਸਰਕਾਰ ਨੂੰ ਆਪਣੀਆਂ ਏਜੰਸੀਆਂ ਤੋਂ ਇਸ ਮਾਮਲੇ ਦੀ ਜਾਂਚ

ਕਰਵਾਉਣੀ ਚਾਹੀਦੀ ਹੈ ਕਿ ਇਹ ਪ੍ਰਕਾਸ਼ਕ ਅਤੇ ਲੇਖਕ ਸੱਚੀਉਂ ਦਲਿਤ ਵਿਰੋਧੀ ਹਨ।ਸਗੋਂ ਇਨ੍ਹਾਂ ਵਿਅਕਤੀਆਂ ਨੂੰ ਦਲਿਤ ਪੱਖੀ ਅਤੇ ਕਿਰਤੀ ਜਮਾਤ ਪੱਖੀ ਅਤੇ ਘੱਟ ਕੀਮਤ ’ਤੇ ਸਾਹਿਤ ਦੇਣ ਵਜੋਂ ਵੀ ਜਾਣਿਆ ਜਾਂਦਾ ਹੈ। ਜਿਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਇਨ੍ਹਾਂ ਕਿਤਾਬਾਂ ਨਾਲ ਠੇਸ ਪਹੁੰਚੀ ਹੈ, ਅਸੀਂ ਉਨ੍ਹਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਨੂੰ ਖੁੱਲ੍ਹੇ ਵਿਚਾਰਾਂ ਨਾਲਵਾਚਣ।

ਪੰਜਾਬ ਸਰਕਾਰ ਦੀ ਇਹ ਗ੍ਰਿਫ਼ਤਾਰੀ ਵਿਚਾਰ ਰੱਖਣ ਦੀ ਆਜ਼ਾਦੀ ਦੇ ਵਿਰੁੱਧ ਹੀ ਨਹੀਂ, ਸਗੋਂ ਕਾਨੂੰਨ ਦੀ ਉਲੰਘਣਾ ਵੀ ਹੈ, ਜਿਸ ਕਾਰਨ ਇਸ ਕਾਨੂੰਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਅਨੁਸੂਚਿਤ ਜਾਤੀ ਅਤੇ ਜਨਜਾਤੀ ਅਧੀਨ ਗ੍ਰਿਫ਼ਤਾਰ ਕੀਤੇ ਗਏ ਪ੍ਰਕਾਸ਼ਕਾਂ ਅਤੇ ਸੰਪਾਦਕਾਂ ਨੂੰ ਤੁਰੰਤ ਰਿਹਾਅ ਕਰੇ।

## ਦਸਤਖ਼ਤ

1 Harish Puri, Political Scientist and Historian
2 Ajmer Aulakh, Sahitya Akademi Award-Winning Writer
3 Amarjit Chandan, London-Based Poet
4 Navtej Bharti, Canada-Based Writer
5 Ronki Ram, ICCR Chair Professor of Contemporary India Studies, Leiden University, The Netherlands
6 Om Prakash Gasso, Shiromani Sahitkar
7 Parmod Kumar, Director, Institute for Development and Communication, Chandigarh
8 Nirupama Dutt, Writer and Journalist
9 Gobind Thukral, Senior Journalist
10 Rajinder Singh Rahi, Writer
11 Pritam Singh, Oxford Brookes University, UK
12 Rajeev Sharma, Filmmaker
13 Jainder Mauhar, Filmmaker
14 Daljit Ami, Filmmaker
15 Baljit Balli, Editor, www.babushahi.com
16 Meena Dhanda, Head, Department of Philosophy, University of Wolverhampton, UK
17 Prabhsharandeep Singh, student, Oxford University, UK
18 Satnam, Author of Jangalnama
19 Jagtar, Senior Journalist, Punjab
20 Arvind, Dean, Indian Institute of Science Education and Research, Mohali, Punjab
21 Yogesh Snehi, Assistant Professor, Ambedkar University, Delhi
22 Chaman Lal, Professor & Former Chairperson Centre of Indian Languages, Jawaharlal Nehru University, New Delhi, and Former President JNU Teachers Association (JNUTA)
23 Bhai Baldeep Singh, Classical Musician
24 Rajesh Kumar Sharma, Punjabi University, Patiala
25 Eleanor Nesbitt, Professor Emeritus,Warwick Religions and Education Research Unit, University of Warwick, UK
26 Maqsood Saqib, Punjabi Writer, and Editor Pancham, Lahore
27 Bhagwan Josh, Historian, JNU
28 Mushtaq Soofi, Punjabi Poet, Lahore, Pakistan
29 Jatinder Singh Toor, Senior Lawyer, Punjab and Haryana High Court
30 Gurdial Singh, Jnanpith Awardee
31 Umrao Singh, Assistant Professor, Punjabi University, Patiala
32 Tejwant Singh Gill, Academic and critic
33 Fauzia Rafiq, Canada-based Punjabi novelist and blogger
34 Waryam Singh Sandhu, Sahitya Akademi award winner writer
35 Gurcharan Rampuri, Poet, Canada
36 Ranjit Singh Ghuman, economist, Nehru-SAIL chair professor, Centre for Research in Rural and Industrial Development, Chandigarh
37 Lakhwinder Singh, professor, department of economics, Punjabi University, Patiala
38 Jaswinder Singh Brar, professor, convener Democratic Teacher Front, Punjabi University, Patiala
39 Kesar Singh Bhangoo, professor, department of economics, Punjabi University, Patiala
40 Kuldip Singh, professor and head, department of political science, Guru Nanak Dev University, Amritsar
41 Dr Bhupinder Singh, former professor department of sociology, Punjabi University, Patiala
42 Birinder Pal Singh, professor department of sociology, Punjabi University, Patiala
43 Ajmer Rode, poet, Canada
44 Surjit Patar, poet
45 Dr Raj K Hans is a Scholar of dalit studies.

# ਪ੍ਰਕਾਸ਼ਕਾਂ ਅਤੇ ਸੰਪਾਦਕਾਂ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਕੋਆਰਡੀਨੇਸ਼ਨ ਆਫ ਡੈਮੋਕਰੇਟਿਕ ਰਾਈਟਸ ਆਰਗੇਨਾਈਜੇਸ਼ਨਜ਼ ਦਾ ਬਿਆਨ

29 ਸਤੰਬਰ 2012 : ਸੰਗਮ ਪ੍ਰਕਾਸ਼ਨ ਸਮਾਣਾ ਦੇ ਸੰਚਾਲਕ ਅਸ਼ੋਕ ਗਰਗ ਅਤੇ ਕਵੀ ਸੰਪਾਦਕ ਸੁਖਵਿੰਦਰ ਸਿੰਘ ਸਵਤੰਤਰ, ਅਤੇ ਤਰਕਭਾਰਤੀ ਪ੍ਰਕਾਸ਼ਨ ਦੇ ਸੰਚਾਲਕ ਅਮਿੱਤ ਮਿੱਤਰ ਅਤੇ ਕਵੀ ਸੰਪਾਦਕ ਜਗਜੀਤ ਸਿੰਘ ਸਾਹੋਕੇ ਨੂੰ 29 ਸਤੰਬਰ ਨੂੰ ਜ਼ਮਾਨਤ ਦੇ ਦਿੱਤੀ ਗਈ, ਜਿਨ੍ਹਾਂ ਨੂੰ 15 ਸਤੰਬਰ ਨੂੰ ਇਕੋ ਸਮੇਂ ਸਮਾਣਾ ਅਤੇ ਬਰਨਾਲਾ 'ਚ ਦਰਜ਼ ਐੱਫ ਆਈ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਯਾਦ ਰਹੇ ਇਸ ਮਾਮਲੇ 'ਚ ਸ਼ਿਕਾਇਤ ਕਰਤਾ ਦੋ ਡੀ ਐੱਸ ਪੀ ਹਨ। ਇਹ ਗ੍ਰਿਫ਼ਤਾਰੀਆਂ ਐੱਸ ਸੀ ਅਤੇ ਐਸ ਟੀ ਅੱਤਿਆਚਾਰ ਰੋਕੂ ਕਾਨੂੰਨ ਦੀ ਧਾਰਾ 3.1 (ਣ) ਅਤੇ ਆਈ ਪੀ ਸੀ ਦੀ ਧਾਰਾ 153 (ਏ) (ਵੱਖ-ਵੱਖ ਭਾਈਚਾਰਿਆਂ ਦਰਮਿਆਨ ਵੈਰ-ਵਿਰੋਧ ਭੜਕਾਉਣ) ਤਹਿਤ ਕੀਤੀਆਂ ਗਈਆਂ ਸਨ ਇਹ ਦੋਸ਼ ਲਾਕੇ ਕਿ ਇਨ੍ਹਾਂ ਵਲੋਂ 19-20ਵੀਂ ਸਦੀ ਦੇ ਕਵੀ ਬਾਬੂ ਰਜਬ ਅਲੀ ਦੀਆਂ ਲਿਖਤਾਂ ਦੇ ਸੰਗ੍ਰਹਿ ਛਾਪੇ ਗਏ ਹਨ ਜਿਨ੍ਹਾਂ ਵਿਚ ਪੁਰਾਣੇ ਜ਼ਮਾਨੇ 'ਚ ਪ੍ਰਚਲਤ ਵਿਸ਼ੇਸ਼ ਜਾਤੀਸੂਚਕ ਸ਼ਬਦ ਦੇ ਹਵਾਲੇ ਹਨ। ਭਾਵੇਂ ਸੁਖਵਿੰਦਰ ਸਿੰਘ ਸਵਤੰਤਰ ਅਤੇ ਜਗਜੀਤ ਸਿੰਘ ਸਾਹੋਕੇ ਉੱਪਰੋਂ ਐੱਸ ਸੀ-ਐੱਸ ਟੀ ਐਕਟ ਵਾਪਸ ਲੈ ਲਿਆ ਗਿਆ ਹੈ, ਇਹ ਚਾਰੇ ਆਈ ਪੀ ਸੀ ਦੀ ਧਾਰਾ 153 ਤਹਿਤ ਹਾਲੇ ਵੀ ਦੋਸ਼ੀ ਹਨ। ਮਿੱਤਰ ਅਤੇ ਗਰਗ ਵਿਰੁੱਧ ਐੱਸ ਸੀ-ਐੱਸ ਟੀ ਐਕਟ ਦੇ ਕੇਸ ਹਾਲੇ ਵੀ ਦਰਜ਼ ਹਨ। ਹਾਲੀਆ ਘਟਨਾਵਾਂ 'ਚ ਹਕੂਮਤ, ਚੋਣਵਾਦੀ ਅਤੇ ਪਛਾਣ ਦੀ ਸਿਆਸਤ ਦਾ ਗ਼ੈਰਜਮਹੂਰੀ ਸੁਭਾਅ ਅਤੇ 'ਕਾਨੂੰਨ ਦੇ ਰਾਜ' ਦਾ ਵਿਵਾਦਪੂਰਨ ਸੁਭਾਅ ਨੰਗਾ ਹੋਇਆ ਹੈ:

1. ਸਬੰਧਤ ਪ੍ਰਕਾਸ਼ਨਾਵਾਂ ਪੰਜਾਬੀ ਦਾ ਕਲਾਸਿਕ ਸਾਹਿਤ ਹੈ। ਇਸ ਤੋਂ ਸਪਸ਼ਟ ਹੈ ਕਿ ਇਹ ਵਿਵਾਦ ਅਤੇ ਹੋ-ਹੱਲਾ ਸੌੜੇ ਹਿੱਤਾਂ ਤੋਂ ਪ੍ਰੇਰਤ ਹੈ। ਬੁੱਧੀਜੀਵੀਆਂ, ਅਨੇਕ ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਜਮਹੂਰੀ ਅਧਿਕਾਰ ਸਭਾ ਵਰਗੀਆਂ ਜਮਹੂਰੀ ਜਥੇਬੰਦੀਆਂ ਵਲੋਂ ਇਨ੍ਹਾਂ ਗ੍ਰਿਫ਼ਤਾਰੀਆਂ ਦਾ ਵਿਰੋਧ ਕਰਨਾ ਦਿਖਾਉਂਦਾ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦਾ ਅਕਸ ਕਿਹੋ ਜਿਹਾ ਹੈ। ਤਰਕ ਭਾਰਤੀ ਪ੍ਰਕਾਸ਼ਨ ਵਲੋਂ ਛਾਪੀਆਂ ਕਿਤਾਬਾਂ 'ਚ ਵਿਗਿਆਨ ਬਾਰੇ, ਅੰਧਵਿਸ਼ਵਾਸਾਂ ਵਿਰੁੱਧ, ਮਾਨਸਿਕ ਰੋਗਾਂ ਬਾਰੇ, ਹੋਰ ਅਗਾਂਹਵਧੂ ਸਾਹਿਤ, ਕਾਵਿ-ਸੰਗ੍ਰਹਿ, ਆਜ਼ਾਦੀ ਅੰਦੋਲਨਾਂ ਦਾ ਇਤਿਹਾਸ ਅਤੇ ਭਗਤ ਸਿੰਘ ਵਰਗੇ ਨਾਇਕਾਂ ਦੀਆਂ ਜੀਵਨੀਆਂ, ਬੱਚਿਆਂ ਲਈ ਕਿਤਾਬਾਂ ਅਤੇ ਅਨੁਵਾਦ ਕੀਤੀਆਂ ਅਹਿਮ ਰਚਨਾਵਾਂ ਸ਼ਾਮਲ ਹਨ।

2. ਹਰ ਪੱਖੋਂ ਦੇਖਿਆਂ ਸਪਸ਼ਟ ਹੈ ਕਿ ਇਨ੍ਹਾਂ ਚਾਰ ਸ਼ਖਸੀਅਤਾਂ ਨੂੰ ਨਿਸ਼ਾਨਾ ਇਸ ਕਰਕੇ ਬਣਾਇਆ ਗਿਆ ਹੈ ਕਿਉਂਕਿ ਇਹ ਜਾਤਾਂ, ਧਰਮਾਂ ਤੋਂ ਉੱਪਰ ਉੱਠਕੇ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕੀ ਸੰਘਰਸ਼ਾਂ ਦੇ ਪੱਖ 'ਚ ਡੱਟਣ ਵਾਲੀਆਂ ਖੱਬੀਆਂ ਅਤੇ ਜਮਹੂਰੀ ਆਵਾਜ਼ਾਂ ਹਨ। ਇਹ ਹਕੂਮਤ ਦੀਆਂ ਜ਼ਰੱਈ ਤੇ ਸਨਅਤੀ ਨੀਤੀਆਂ ਦੇ ਨਾਲ ਨਾਲ ਜਾਤਪਾਤੀ ਅਤੇ ਫ਼ਿਰਕੂ ਸਿਆਸਤ ਦਾ ਵਿਰੋਧ ਕਰਨ ਵਾਲੀਆਂ ਸ਼ਖਸੀਅਤਾਂ ਹਨ ਜੋ ਹਕੂਮਤ ਨੂੰ ਪਸੰਦ ਨਹੀਂ।

3. ਧਾਰਾ 153 ਦੀ ਲਗਾਤਾਰ ਬੇਦਰੇਗ ਵਰਤੋਂ ਦਾ ਮਤਲਬ ਹੈ ਕਿਸੇ ਨੂੰ ਗਿਣ-ਮਿਥਕੇ ਲਗਾਤਾਰ ਖੱਜਲਖ਼ੁਆਰ ਅਤੇ ਤੰਗ-ਪ੍ਰੇਸ਼ਾਨ ਕਰਨਾ, ਜਿਸ ਤਹਿਤ 3 ਸਾਲ ਦੀ ਸਜ਼ਾ ਦੀ ਵਿਵਸਥਾ ਹੈ, ਕਿਉਂਕਿ ਇਸ ਦਾ ਇਸਤੇਮਾਲ ਵਿਚਾਰਾਂ ਦੇ ਪ੍ਰਗਟਾਵੇ ਦੀ ਨਿਗਰਾਨੀ ਕਰਨ ਤੇ ਇਸ ਨੂੰ ਕਾਬੂ ਕਰਨ ਲਈ ਕੀਤਾ ਜਾ ਰਿਹਾ ਹੈ।

4. ਜਗਜੀਤ ਸਿੰਘ ਸਾਹੋਕੇ ਅਤੇ ਸੁਖਵਿੰਦਰ ਸਿੰਘ ਸਵਤੰਤਰ ਖ਼ਿਲਾਫ਼ ਐੱਸ ਸੀ-ਐੱਸ ਟੀ ਐਕਟ ਦੇ ਦੋਸ਼ ਵਾਪਸ ਲੈਣ ਦੀ ਇਕੋ ਇਕ ਵਜ੍ਹਾ ਪੰਜਾਬ ਪੁਲਿਸ ਨੂੰ ਅਚਾਨਕ ਹੋਇਆ ਇਲਹਾਮ ਹੈ ਕਿ ਇਹ ਦੋਵੇਂ ਤਾਂ ਦਲਿਤ ਹਨ ਅਤੇ ਇਸ ਐਕਟ ਤਹਿਤ ਸਿਰਫ਼ ਗ਼ੈਰ ਐੱਸ ਸੀ-ਐੱਸ ਟੀ ਨੂੰ ਹੀ ਅੱਤਿਆਚਾਰਾਂ ਦਾ ਦੋਸ਼ੀ ਠਹਿਰਾਇਆ ਜਾ ਸਕਦਾ ਹੈ।

5. ਇਸ ਮਾਮਲੇ 'ਚ ਰਾਖਵੇਂਕਰਨ ਦੇ ਲਾਹਿਆਂ ਬਾਰੇ ਸਥਾਨਕ ਚੁਣਾਵੀ ਅਤੇ ਜਾਤਪਾਤੀ ਸਿਆਸਤ ਨੇ ਭੂਮਿਕਾ ਨਿਭਾਈ ਹੈ। ਜਾਤਪਾਤਵਾਦ ਦੇ ਦੋਸ਼ ਕੁਝ ਬਾਲਮੀਕੀ ਅਤੇ ਮਜ਼੍ਹਬੀ ਸਿੱਖ ਜਥੇਬੰਦੀਆਂ ਵਲੋਂ ਲਾਏ ਗਏ। ਇਹ ਮਹਿਜ਼ ਇਤਫ਼ਾਕ ਨਹੀਂ ਹੈ ਕਿ ਮੌਜੂਦਾ ਅਕਾਲੀ-ਭਾਜਪਾ ਗੱਠਜੋੜ ਹਕੂਮਤ ਨੂੰ ਬਾਲਮੀਕੀਆਂ ਦੀ ਹਮਾਇਤ ਹਾਸਲ ਹੈ। ਬਾਲਮੀਕੀ ਜਥੇਬੰਦੀਆਂ ਇਹ ਦੋਸ਼ ਲਗਾਕੇ 12.5 ਫ਼ੀ ਸਦੀ ਉੱਪ-ਰਾਖਵੇਂਕਰਨ ਦੀ ਮੰਗ ਲਈ ਅੰਦੋਲਨ ਕਰ ਰਹੀਆਂ ਹਨ ਕਿ ਰਾਖਵੇਂਕਰਨ ਦੇ ਲਾਭ ਤਾਂ ਆਮ ਤੌਰ 'ਤੇ ਇਕੋ ਬਰਾਦਰੀ ਬਟੋਰ ਰਹੀ ਹੈ। ਬਾਦਲ ਹਕੂਮਤ ਨੇ ਉਨ੍ਹਾਂ ਨੂੰ ਉੱਪ-ਰਾਖਵੇਂਕਰਨ ਦੀ ਵਿਵਸਥਾ ਮੁੜ-ਬਹਾਲ ਕਰਨ ਦਾ ਭਰੋਸਾ ਦਿਵਾਇਆ ਹੋਇਆ ਹੈ। ਇਸ ਤੋਂ ਪ੍ਰਸ਼ਾਸਨ ਦੀਆਂ ਕੋਤਾਹੀਆਂ ਸਮਝ ਆ ਜਾਂਦੀਆਂ ਹਨ। ਇਹ ਮਾਮਲਾ ਇਕ ਹੋਰ ਮਿਸਾਲ ਹੈ ਕਿ ੳ) ਕਿਸੇ ਵੀ ਤਰ੍ਹਾਂ ਦੇ ਜਮਹੂਰੀ ਵਿਰੋਧ ਦੀ ਸੰਘੀ ਕਿਵੇਂ ਨੱਪੀ ਜਾ ਰਹੀ ਹੈ, ਅ) ਬੀਤੇ ਦੇ ਇਤਿਹਾਸ ਨੂੰ ਨਵੇਂ ਸਿਰਿਓਂ ਭੰਨ-ਤੋੜਕੇ ਲਿਖਣ ਦੀਆਂ ਕੋਸ਼ਿਸ਼ਾਂ ਕਿਵੇਂ ਹੋ ਰਹੀਆਂ ਹਨ ਤਾਂ ਜੋ ਇਹ ਭਾਰੂ ਸਿਆਸੀ ਸਬੰਧਾਂ ਦੇ ਹੱਕ 'ਚ ਭੁਗਤਦਾ ਰਹੇ। ਰਾਜ-ਧ੍ਰੋਹ ਬਾਰੇ ਆਈ ਪੀ ਸੀ ਦੀਆਂ ਮੱਦਾਂ ਅਤੇ ਧਾਰਾ 153 'ਆਮ ਹਾਲਾਤ' ਤਹਿਤ ਲਾਗੂ ਹੋਣ ਵਾਲੀਆਂ ਮੱਦਾਂ ਹਨ ਜਿਨ੍ਹਾਂ ਦਾ ਤੱਤ ਗ਼ੈਰਜਮਹੂਰੀ ਹੈ। ਪੂਰੇ ਮੁਲਕ 'ਚ ਇਨ੍ਹਾਂ ਦੀ ਬੇਦਰੇਗ਼ ਵਰਤੋਂ ਹੋ ਰਹੀ ਹੈ, ਇਸ ਦੀ ਤਾਜ਼ਾ ਮਿਸਾਲ ਹੈ ਇਸੇ ਮਹੀਨੇ ਤੇਲੰਗਾਨਾ ਬਾਰੇ ਮੀਟਿੰਗ ਕਰਦੇ ਏ ਪੀ ਸੀ ਐੱਲ ਸੀ ਦੇ ਕਾਰਕੁੰਨਾਂ ਦੀ ਧਾਰਾ 153 ਤਹਿਤ ਗ੍ਰਿਫ਼ਤਾਰੀ। ਇਸ ਰੋਸ਼ਨੀ 'ਚ ਸੀ ਡੀ ਆਰ ਓ ਮੰਗ ਕਰਦੀ ਹੈ:

1. ਇਨ੍ਹਾਂ ਉੱਪਰ ਲਾਏ ਸਾਰੇ ਦੋਸ਼ ਵਾਪਸ ਲਏ ਜਾਣ।
2. ਸਬੰਧਤ ਅਧਿਕਾਰੀਆਂ ਨੂੰ ਸਵਤੰਤਰ ਅਤੇ ਸਾਹੋਕੇ ਨੂੰ ਅੱਤਿਆਚਾਰਾਂ ਦਾ ਸ਼ਿਕਾਰ ਬਣਾਉਣ ਲਈ ਐੱਸ ਸੀ-ਐੱਸ ਟੀ ਐਕਟ ਤਹਿਤ ਅਤੇ ਗ਼ਲਤ ਗ੍ਰਿਫ਼ਤਾਰੀਆਂ ਕਰਨ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕੀਤਾ ਜਾਵੇ।
3. ਝੂਠੀਆਂ ਐੱਫ ਆਈ ਆਰ ਲਿਖਵਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ।
4. ਆਈ ਪੀ ਸੀ ਵਿਚੋਂ ਧਾਰਾ 153 ਅਤੇ ਅਜਿਹੀਆਂ ਹੋਰ ਗ਼ੈਰਜਮਹੂਰੀ ਧਾਰਾਵਾਂ ਹਟਾਈਆਂ ਜਾਣ।

**ਅਸੀਸ਼ ਗੁਪਤਾ, ਕ੍ਰਾਂਤੀ ਚੇਤੱਨਿਆ**
(ਕੋ-ਆਰਡੀਨੇਟਰ, ਕੋਆਰਡੀਨੇਸ਼ਨ ਆਫ ਡੈਮੋਕਰੇਟਿਕ ਰਾਈਟਸ ਆਰਗੇਨਾਈਜੇਸ਼ਨਜ਼)

## ਸੀ ਡੀ ਆਰ ਓ ਵਿਚ ਸ਼ਾਮਲ ਜਥੇਬੰਦੀਆਂ

1. ਜਮਹੂਰੀ ਅਧਿਕਾਰ ਸਭਾ, ਪੰਜਾਬ (ਏ ਐੱਫ ਡੀ ਆਰ, ਪੰਜਾਬ) 2. ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ (ਏ ਪੀ ਸੀ ਐੱਲ ਸੀ) 3. ਆਸਨਸੋਲ ਸਿਵਲ ਰਾਈਟਸ ਆਰਗੇਨਾਈਜੇਸ਼ਨਜ਼ (ਪੱਛਮੀ ਬੰਗਾਲ) 4. ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ ਡੈਮੋਕਰੇਟਿਕ ਰਾਈਟਸ, (ਏ ਪੀ ਡੀ ਆਰ, ਪੱਛਮੀ ਬੰਗਾਲ) 5. ਬੰਦੀ ਮੁਕਤੀ ਕਮੇਟੀ (ਪੱਛਮੀ ਬੰਗਾਲ) 6. ਕਮੇਟੀ ਫਾਰ ਪ੍ਰੋਟੈਕਸ਼ਨ ਆਫ ਡੈਮੋਕਰੇਟਿਕ ਰਾਈਟਸ (ਸੀ ਪੀ ਡੀ ਆਰ, ਮੁੰਬਈ) 7. ਕੋਆਰਡੀਨੇਸ਼ਨ ਫਾਰ ਹੂਮੈਨ ਰਾਈਟਸ (ਸੀ ਓ ਐੱਚ ਆਰ, ਮਨੀਪੁਰ) 8. ਹੂਮੈਨ ਰਾਈਟਸ ਫੋਰਮ (ਐੱਚ ਆਰ ਐੱਫ, ਆਂਧਰਾ ਪ੍ਰਦੇਸ਼) 9. ਲੋਕਸ਼ਾਹੀ ਹੱਕ ਸੰਗਠਨ (ਐੱਲ ਐੱਚ ਐੱਸ, ਮਹਾਰਾਸ਼ਟਰ) 10. ਮਾਨਬ ਅਧਿਕਾਰ ਸੰਗਰਾਮ ਸੰਮਤੀ (ਐੱਮ ਏ ਐੱਸ ਐੱਸ, ਅਸਾਮ) 11. ਨਾਗਾ ਪੀਪਲਜ਼ ਮੂਵਮੈਂਟ ਫਾਰ ਹੂਮੈਨ ਰਾਈਟਸ (ਐੱਨ ਪੀ ਐੱਮ ਐੱਚ ਆਰ) 12. ਆਰਗੇਨਾਈਜੇਸ਼ਨ ਫਾਰ ਪ੍ਰੋਟੈਕਸ਼ਨ ਆਫ ਡੈਮੋਕਰੇਟਿਕ ਰਾਈਟਸ (ਓ ਪੀ ਡੀ ਆਰ, ਆਂਧਰਾ ਪ੍ਰਦੇਸ਼) 13. ਪੀਪਲਜ਼ ਕਮੇਟੀ ਫਾਰ ਹੂਮੈਨ ਰਾਈਟਸ (ਪੀ ਸੀ ਐੱਚ ਆਰ, ਜੰਮੂ ਅਤੇ ਕਸ਼ਮੀਰ) 14. ਪੀਪਲਜ਼ ਡੈਮੋਕਰੇਟਿਕ ਫੋਰਮ (ਪੀ ਡੀ ਐੱਫ, ਕਰਨਾਟਕ) 15. ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐੱਲ) ਛੱਤੀਸਗੜ੍ਹ 16. ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐੱਲ) ਝਾਰਖੰਡ 17. ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐੱਲ) ਨਾਗਪੁਰ 18. ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐੱਲ) ਰਾਜਸਥਾਨ 19. ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐੱਲ) ਤਾਮਿਲਨਾਡੂ 20. ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ ਯੂ ਡੀ ਆਰ, ਦਿੱਲੀ) 21. ਪੀਪਲਜ਼ ਯੂਨੀਅਨ ਫਾਰ ਹੂਮੈਨ ਰਾਈਟਸ (ਪੀ ਯੂ ਐੱਚ ਆਰ, ਹਰਿਆਣਾ) 22 ਕੈਂਪੇਨ ਫਾਰ ਪੀਸ ਐਂਡ ਡੈਮੋਕਰੇਸੀ, ਮਨੀਪੁਰ (ਸੀ ਪੀ ਡੀ ਐੱਮ)